A1 Roofing & Siding Ltd.
•ROOFING •SIDING •SOFFIT •STUCCO •HARDIE •FASCIA •EAVESTROUGH
ਘਰਾਂ ਦੀਆਂ ਛੱਤਾਂ ਅਤੇ ਸਾਈਡਿੰਗ, ਸਟੱਕੋ ਦਾ ਤਸੱਲੀਬਖ਼ਸ਼ ਕੰਮ ਕਰਵਾਓ
Jaswinder 403-614-2094 Harwinder 403-402-5615

The Punjabi Newspaper
ਪੰਜਾਬੀਅਤ ਦਾ ਪਰਚਮ
ਪੰਜਾਬੀ ਅਖ਼ਬਾਰ
Punjabi Akhbaar
ਮੁੱਖ ਸੰਪਾਦਕ: ਹਰਬੰਸ ਬੁੱਟਰ 403 640 2000
Edmonton : 780 599 2000 I Regina/Saskatoon : 639 999 1000 : Winnipeg 431 733 3000
Chief Editor : Harbans Buttar

Look & Find your dream home with
MANJIT JASWAL REALTOR®
THE NAME YOU CAN TRUST FOR YOUR ALL BUYING & SELLING REAL ESTATE NEEDS
CENTURY 21 Bravo Realty
403.861.2253

Vol: 11 No: 246 Website : www.punjabiakhbaar.ca Emaiĺ: editor@punjabiakhbaar.ca Friday, 21 June 2024

# ਪਾਣੀ ਦੀ ਮੁੱਖ ਪਾਈਪ ਦੀਆਂ ਨੁਕਸਾਨੀਆਂ ਗਈਆਂ 5 ਥਾਵਾਂ ਦੀ ਮੁਰੰਮਤ ਸ਼ੁਰੂ ਹੋਈ – ਮੇਅਰ





ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ ) ਕੈਲਗਰੀ ਦੀ ਮੇਅਰ ਜੋਤੀ ਗੌਂਡਕ ਨੇ ਪਾਣੀ ਦੀ ਸਪਲਾਈ ਵਾਲੀ ਮੁੱਖ ਪਾਈਪ ਦੀ ਮੁਰੰਮਤ ਸਬੰਧੀ ਅਹਿਮ ਜਾਣਕਾਰੀ ਸਾਂਝੀ ਕੀਤੀ ਹੈ ਉਹਨਾਂ ਦੱਸਿਆ ਕਿ ਜਿਸ ਜਗ੍ਹਾ ਤੋਂ ਇਹ ਪਾਈਪ ਪਹਿਲਾਂ ਪਾਟੀ ਸੀ ਉਸ ਦੀ ਮੁਰੰਮਤ ਮੁਕੰਮਲ ਹੋ ਗਈ ਹੈ ਪਰ ਇਸੇ ਦੌਰਾਨ ਜਿਹੜੇ ਪੰਜ ਹੋਰ ਥਾਵਾਂ ਦੇ ਨੁਕਸਾਨੇ ਜਾਣ ਦਾ ਪਤਾ ਲੱਗਾ ਸੀ ਉਹਨਾਂ ਦੀ ਮੁਰੰਮਤ ਦਾ ਕੰਮ ਵੀ ਸ਼ੁਰੂ ਹੋ ਗਿਆ ਹੈ ।ਉਹਨਾਂ ਦੱਸਿਆ ਕਿ ਮੁਰੰਮਤ ਦੇ ਕੰਮ ਲਈ ਲੋੜੀਂਦੀਆਂ ਵੱਡੀਆਂ ਮਸ਼ੀਨਾਂ ਮੌਕੇ ਤੇ ਪਹੁੰਚ ਗਈਆਂ ਹਨ। ਵਰਨਣ ਯੋਗ ਹੈ ਕਿ ਜਦੋਂ ਤੋਂ ਕੈਲਗਰੀ ਦੀ ਪਾਣੀ ਦੀ ਸਪਲਾਈ ਵਾਲੀ ਮੁੱਖ ਪਾਈਪ ਪਾਟ ਗਈ ਸੀ ਉਸ ਤੋਂ ਬਾਅਦ ਬੋਅਨੈੱਸ ਖ਼ੇਤਰ ਲਈ ਪੀਣ ਵਾਲੇ ਪਾਣੀ ਸਬੰਧੀ ਐਡਵਾਇਜ਼ਰੀ ਜਾਰੀ ਕੀਤੀ ਗਈ ਸੀ ਅਤੇ ਲੋਕਾਂ ਨੂੰ ਪਾਣੀ ਦੀ ਵਰਤੋਂ 'ਚ ਸੰਕੋਚ ਕਰਨ ਲਈ ਆਖਿਆ ਗਿਆ ਸੀ। ਪੀਣ ਵਾਲੇ ਪਾਣੀ ਲਈ ਜਾਰੀ ਐਡਵਾਇਜ਼ਰੀ ਤਾਂ ਕੁੱਝ ਦਿਨਾਂ ਬਾਅਦ ਹਟਾ ਲਈ ਗਈ ਸੀ ਪਰ ਜਦੋਂ ਲੋਕਾਂ ਨੇ ਪਾਣੀ ਦੀ ਵਰਤੋਂ ਜ਼ਿਆਦਾ ਵਧਾ ਦਿੱਤੀ ਤਾਂ ਸਥਾਨਕ ਐਮਰਜੈਂਸੀ ਦਾ ਐਲਾਨ ਕਰ ਦਿੱਤਾ ਗਿਆ ਸੀ ਤਾਂ ਕਿ ਪਾਣੀ ਦੀ ਫਜ਼ੂਲ ਵਰਤੋਂ ਨੂੰ ਰੋਕਿਆ ਜਾ ਸਕੇ।

# ਭਾਰਤ ਨੇ ਯੂਕਰੇਨ ਸ਼ਾਂਤੀ ਸਮਝੌਤੇ ਨਾਲ ਸਬੰਧਿਤ ਕਿਸੇ ਵੀ ਬਿਆਨ ਤੋਂ ਟਾਲਾ ਵੱਟਿਆ

ਨਵੀਂ ਦਿੱਲੀ (ਪੰਜਾਬੀ ਅਖ਼ਬਾਰ ਬਿਊਰੋ ) ਭਾਰਤ ਨੇ ਸਵਿਟਜ਼ਰਲੈਂਡ ਦੀ ਮੇਜ਼ਬਾਨੀ ਵਾਲੇ ਸ਼ਾਂਤੀ ਸਿਖਰ ਸੰਮੇਲਨ ਦੌਰਾਨ ਯੂਕਰੇਨ ਸ਼ਾਂਤੀ ਸਮਝੌਤੇ ਨਾਲ ਸਬੰਧਿਤ ਕਿਸੇ ਵੀ ਬਿਆਨ ਤੋਂ ਟਾਲਾ ਵੱਟ ਲਿਆ ਹੈ। ਭਾਰਤ ਨੇ ਸ਼ਾਂਤੀ ਸਮਝੌਤੇ ਤੋਂ ਉੱਭਰਨ ਵਾਲੇ ਕਿਸੇ ਵੀ ਸੰਵਾਦ ਨਾਲ ਖ਼ੁਦ ਨੂੰ ਜੋੜਨ ਤੋਂ ਗੁਰੇਜ਼ ਕਰਦਿਆਂ ਕਿਹਾ ਕਿ ਉਹ ਯੂਕਰੇਨ ਵਿਵਾਦ ਦੇ ਸ਼ਾਂਤੀਪੂਰਨ ਹੱਲ ਲਈ ਸਾਰੇ ਭਾਈਵਾਲਾਂ ਨਾਲ ਰਾਬਤੇ ਵਿੱਚ ਰਹੇਗਾ। ਦੋ ਰੋਜ਼ਾ ਸਿਖਰ ਸੰਮੇਲਨ ਦੀ ਸਮਾਪਤੀ ਮੌਕੇ 80 ਦੇਸ਼ਾਂ ਨੇ ਸਾਂਝੇ ਤੌਰ 'ਤੇ ਸੱਦਾ ਦਿੱਤਾ ਕਿ ਰੂਸ ਨਾਲ ਯੁੱਧ ਸਮਾਪਤ ਕਰਨ ਲਈ ਕਿਸੇ ਵੀ ਸ਼ਾਂਤੀ ਸਮਝੌਤੇ ਦਾ ਆਧਾਰ ਯੂਕਰੇਨ ਦੀ 'ਖੇਤਰੀ ਅਖੰਡਤਾ' ਹੋਵੇ। ਸਵਿਟਜ਼ਰਲੈਂਡ ਵਿਚ ਹੋਏ ਕੌਮਾਂਤਰੀ ਸਿਖਰ ਸੰਮੇਲਨ 'ਚ ਹਾਲਾਂਕਿ ਕੁੱਝ ਪ੍ਰਮੁੱਖ ਵਿਕਾਸਸ਼ੀਲ ਦੇਸ਼ ਸ਼ਾਮਲ ਨਹੀਂ ਹੋਏ। ਇਹ ਦੋ ਰੋਜ਼ਾ ਸਿਖਰ ਸੰਮੇਲਨ ਸਵਿਟਜ਼ਰਲੈਂਡ ਦੇ ਬਰਗੇਨਸਟਾਕ ਰਿਜ਼ੌਰਟ ਵਿੱਚ ਕਰਵਾਇਆ ਗਿਆ। ਰੂਸ ਨੂੰ ਸੰਮੇਲਨ ਲਈ ਸੱਦਾ ਨਹੀਂ ਦਿੱਤਾ ਗਿਆ ਸੀ। ਸੰਮੇਲਨ ਵਿਚ ਮੌਜੂਦ ਕਈ ਦੇਸ਼ਾਂ ਦੇ ਨੁਮਾਇੰਦਿਆਂ ਨੇ ਉਮੀਦ ਜਤਾਈ ਕਿ ਰੂਸ ਸ਼ਾਂਤੀ ਦੀ ਰੂਪ-ਰੇਖਾ 'ਤੇ ਚਰਚਾ ਵਿੱਚ ਸ਼ਾਮਲ ਹੋ ਸਕਦਾ ਹੈ। ਜ਼ਿਆਦਾਤਰ ਪੱਛਮੀ ਅਤੇ ਕੁੱਝ ਪ੍ਰਮੁੱਖ ਵਿਕਾਸਸ਼ੀਲ ਦੇਸ਼ਾਂ ਸਣੇ ਕਰੀਬ 100 ਵਫ਼ਦ ਅਤੇ ਮਾਹਿਰ ਇਸ ਸ਼ਾਂਤੀ ਸੰਮੇਲਨ ਵਿਚ ਸ਼ਾਮਲ ਹੋਏ। ਸਿਖਰ ਸੰਮੇਲਨ ਵਿਚ ਹਿੱਸਾ ਲੈਣ ਵਾਲੇ ਭਾਰਤ, ਸਾਊਦੀ ਅਰਬ, ਦੱਖਣੀ ਅਫ਼ਰੀਕਾ ਅਤੇ ਸੰਯੁਕਤ ਅਰਬ ਅਮੀਰਾਤ, ਜਿਨ੍ਹਾਂ ਦੀ ਨੁਮਾਇੰਦਗੀ ਵਿਦੇਸ਼ ਮੰਤਰੀਆਂ ਜਾਂ ਹੇਠਲੇ ਪੱਧਰ ਦੇ ਰਾਜਦੂਤਾਂ ਵੱਲੋਂ ਕੀਤੀ ਗਈ ਸੀ, ਨੇ ਪ੍ਰਮਾਣੂ ਸੁਰੱਖਿਆ, ਭੋਜਨ ਸੁਰੱਖਿਆ ਅਤੇ ਕੈਦੀਆਂ ਦੀ ਅਦਲਾ-ਬਦਲੀ ਨਾਲ ਸਬੰਧਤ ਮਸਲਿਆਂ ਬਾਰੇ ਅੰਤਿਮ ਦਸਤਾਵੇਜ਼ 'ਤੇ ਦਸਤਖ਼ਤ ਨਹੀਂ ਕੀਤੇ।

Barinder Ubhi
Realtor
C (204)807-5013
E babbu_ubhi@yahoo.com
WIN MAX REAL ESTATE LTD
10- 998 Keewatin St. Winnipeg, MB, R2R 2V1
P:(204) 905-9798

# ਕਾਰਬਨ ਟੈਕਸ ਦੇ ਮੁੱਦੇ 'ਤੇ ਕੰਜ਼ਰਵਟਿਵ ਅਤੇ ਲਿਬਰਲ ਹੋਏ ਆਹਮੋ ਸਾਹਮਣੇ




ਓਟਵਾ (ਪੰਜਾਬੀ ਅਖ਼ਬਾਰ ਬਿਊਰੋ ) ਕੈਨੇਡਾ ਦੇ ਹਾਊਸ ਆਫ ਕਾਮਨਜ਼ ਦੇ ਪ੍ਰਸ਼ਨ ਕਾਲ ਦੇ ਦੌਰਾਨ ਮੁੱਖ ਵਿਰੋਧੀ ਧਿਰ ਕੰਜਰਵੇਟਿਵ ਪਾਰਟੀ ਅਤੇ ਸੱਤਾਧਾਰੀ ਲਿਬਰਲ ਪਾਰਟੀ ਵਿੱਚ ਾਲੇ ਕਾਰਬਨ ਟੈਕਸ ਦੇ ਮੁੱਦੇ ਤੇ ਤਿੱਖੀ ਨੋਕ-ਝੋਕ ਹੋਈ ਇੱਕ ਪਾਸੇ ਜਿੱਥੇ ਕੰਜਰਵੇਟਿਵ ਪਾਰਟੀ ਦੇ ਪਾਰਲੀਮੈਂਟ ਮੈਂਬਰ ਕਾਇਲ ਸੀ ।ਬੈਕ ਨੇ ਆਖਿਆ ਕਿ ਵਾਤਾਵਰਨ ਮੰਤਰੀ ਸਟੀਵਨ ਗਿਲਬੌਲਟ ਵਾਤਾਵਰਨ ਤਬਦੀਲੀ ਦੇ ਨਾਮ ਤੇ ਦੇਸ਼ ਦੇ ਲੋਕਾਂ ਨੂੰ ਗੁਮਰਾਹ ਕਰ ਰਹੇ ਹਨ ਅਤੇ ਇਸ ਕਾਰਨ ਉਹਨਾਂ ਨੂੰ ਜਾਂ ਤਾਂ ਇਸ ਅਹੁਦੇ ਤੋਂ ਹਟਾ ਦੇਣਾ ਚਾਹੀਦਾ ਹੈ ਇਹ ਜਾਂ ਫਿਰ ਉਹਨਾਂ ਨੂੰ ਖੁਦ ਹੀ ਅਸਤੀਫਾ ਦੇ ਦੇਣਾ ਚਾਹੀਦਾ ਹੈ ਜਿਸ ਦੇ ਜਵਾਬ ਵਿੱਚ ਮੰਤਰੀ ਨੇ ਕਿਹਾ ਕਿ ਲਿਬਰਲ ਸਰਕਾਰ ਦੀਆਂ ਕੋਸ਼ਿਸ਼ਾਂ ਸਦਕਾ ਹੀ ਅੱਜ ਕੈਨੇਡਾ ਵਾਤਾਵਰਨ ਦੇ ਮੁੱਦੇ ਤੇ ਦੁਨੀਆਂ ਭਰ ਵਿੱਚ ਲੀਡਰਸ਼ਿਪ ਵਾਲਾ ਰੋਲ ਅਦਾ ਕਰ ਰਿਹਾ ਹੈ

Always Fresh
Always Delicious
OPEN
11am - Midnight
ਪਹਿਲੀ ਅਤੇ ਆਖਰੀ ਬਾਈਟ ਦੀ ਤਸੱਲੀ ਦਾ ਨਾਂ ਹੀ ਪੀਜ਼ਾ ਬਾਈਟ ਐ !
Pizza Bite
Perfect place for Perfect taste
Authentic Indian Curry and Sweet House
•Pizza and Indian Food
•Indian Sweets
•Tiffin Service
•Catering
Pizzabite saskatoon
Pizza Bite
www.pizzabite.ca
Call - (306)954-0011 , (306)-954-0077
#2 606 22nd St West Saskatoon , SK.

PANGEA IMMIGRATION
ਕਨੇਡਾ ਪੱਕੇ ਹੋਣ ਦਾ ਰਾਹ, ਪੈਨਜੀਆ ਇਮੀਗ੍ਰੇਸ਼ਨ ਵਾਲਿਆਂ ਦੀ ਸਲਾਹ
Contact Us For All Your Immigration Needs
RCIC-IRB Regulated Canadian Immigration Consultant
• Student Visa
• Work permit
• Visitor Visa
• LMIA
• PR Application
• Refugee Cases and Appeals
• PNP Family Sponsorship
• Citizenship
• Nanny Caregiver
• USA Visa
Raman Dhaliwal (RCIC-IRB)
Commissioner for oaths in and for Alberta
Member of CAPIC
Cell: +1 403-672-1313
Office: +1 403-401-5911
Email: info@pangeaimmigration.ca
Website: www.pangeaimmigration.ca
Green Plaza Unit 232, 4818 Westwinds Dr NE Calgary AB T3J 3Z5

Need an expert advice to find the mortgage that's right for you !
New to Canada
Purchase
Refinance
Home line of credit
Rental
Life insurance
VINE GROUP MORTGAGE BROKERAGE
Raj Mudhar
Mortgage Advisor
204.963.9481
raj.mudhar@vinegroup.ca

Amrit Singh Kang
Mortgage Expert
Call Me For All Your Mortgage Needs
ਮੰਨ ਗਏ ਤੁਹਾਡੀ ਘਰ ਦੀ ਪਸੰਦ ਨੂੰ
ਹੁਣ ਮਾਰਗੇਜ ਲਈ ਕਾਲ ਕਰੋ ਕੰਗ ਨੂੰ
204-218-3852
Just4kang@gmail.com

CARPET EMPIRE
Calgary Carpet Empire
SALE
CARPET, HARDWOOD, LAMINATE, TILES, VINYL PLANKS, CARPET TILES & LINO
Carpet Starting at $1.99 Sf (Burber material with installation)
FINANCING OPTIONS AVAILABLE
Special Discount Over 2000 Sf
Kam: 403 991 0074
Office: 403 510 1515
2935 19 St NE Calgary(AB) T2E7A2
sales@carpetempire.ca www.carpetempire.ca

SARDAR SUPER MARKET
ਸਰਦਾਰ ਸੁਪਰ ਮਾਰਕੀਟ
ਸਸਤੀ ਅਤੇ ਸਿਹਤਮੰਦ ਵਰਾਇਟੀ ਵਾਲਾ ਗਰੌਸਰੀ ਸਟੋਰ
204 416 0999
E1-55 Waterford Green Commons, Winnipeg (MB) R2R 0Z9

Buta Singh Dhillon
Sales Associates
ਘਰ ਖਰੀਦਣ ਜਾਂ ਵੇਚਣ ਲਈ ਤਜ਼ਰਬੇਕਾਰ ਅਤੇ ਭਰੋਸੇਯੋਗ ਨਾਂ
Cell:204.880.6600
Office:204.987.9800
RE/MAX executives realty
Each office independently owned & operated
butadhillon@remax.net www.remax.ca

Cityscape Family Dental
Dr. Rashmi Bajaj & Associates
403 226 2121
Serving Individuals, Families & Communities Since 2016

SHORY LAW
Est. 1998
NO CLIENT IS TOO SMALL, NO MATTER TOO BIG
FOLLOW US @ SHORYLAW
WWW.SHORYLAW.COM
• IMMIGRATION LAW
• CRIMINAL LAW
• FAMILY LAW
• REAL ESTATE LAW
• CIVIL LITIGATION
ਕਨੇਡੀਅਨ ਸਰਕਾਰ ਵਿੱਚ ਦੋ ਵਾਰ ਐਮ ਪੀ ਅਤੇ ਇਮੀਗ੍ਰੇਸ਼ਨ ਕਮੇਟੀ ਦੇ ਮੈਂਬਰ ਰਹੇ ਦਵਿੰਦਰ ਸ਼ੋਰੀ ਕੋਲੋਂ ਸੇਵਾਵਾਂ ਲੈਣ ਲਈ ਸੰਪਰਕ ਕਰੋ
403-216- 1199
CONTACT@SHORYLAW.COM
220-4851 WESTWINDS DRIVE NE CALGARY, AB T3J 4L4




# ਅਲਬਰਟਾ ਦੇ ਸਭ ਤੋਂ ਵਧੀਆ ਸਹਿਰਾਂ ਵਿੱਚੋਂ ਇੱਕ ਚੈਸਟਰਮੀਅਰ ਸ਼ਹਿਰ ਵਿਖੇ ਲੋਕਾਂ ਦੀ ਪਹਿਲੀ ਪਸੰਦ Chelsea ਕਮਿਓਨਿਟੀ ਵਿੱਚ

# ਮਹਿਲਾਂ ਵਰਗੇ ਘਰ ਅੰਦਰ ਰਹਿਣ ਦਾ ਸੁਪਨਾ ਪੂਰਾ ਕਰੋ










## ਸਭ ਤੋਂ ਵੱਡੀਆਂ ਇਸਟੇਟ ਲਾਟਾਂ ਵਿੱਚੋਂ ਇੱਕ ਲਾਟ ਉੱਪਰ ਬਣਿਆ ਤੁਹਾਡੇ ਸੁਪਨਿਆਂ ਦਾ ਘਰ ਵਿਕਾਊ ਹੈ





## ਪਰੌਫੈਸ਼ਨਲੀ ਲੈਂਡਸਕੇਪਡ

## 7 ਰੂਮ, 3300+ SQFT

ਮੇਨ ਫਲੋਰ ਮਾਸਟਰ ਬੈੱਡਰੂਮ/ਆਫਿਸ,
2 ਮਾਸਟਰ ਬੈੱਡਰੂਮ ਸੈਕਿੰਡ ਫਲੋਰ
5 1/2 ਵਾਸ਼ਰੂਮ

- ਫੁੱਲੀ ਫਨਿਸ਼ਡ ਵਾਕਆਊਟ ਬੇਸਮੈਂਟ
- 3 ਗੈਰਾਜ, ਅੱਪਗਰੇਡਿਡ ਫਿਨਿਸ਼ਿੰਗ, ਬਿਲਟਿਇਨਸ, ਐਪਲਾਂਇਸਸ
- ਬੈਕਯਾਰਡ ਖੁੱਲੀਆਂ ਗਰਾਊਂਡਾਂ ਨਾਲ ਲੱਗਦਾ ਹੈ



## ਕੀਮਤ ਸਿਰਫ: $1,430,000 ਡਾਲਰ

ਸੰਪਰਕ:
# ਸੁਖਬੀਰ ਸੰਧੂ
## 403-371-4000

eXp REALTY



ਤੁਸੀ ਆਪਣੇ ਬਿਜਨਸ ਦੀ ਐਡ ਇਸ ਥਾਂ 'ਤੇ ਲਗਵਾ ਸਕਦੇ ਹੋ

The Punjabi Newspaper
ਪੰਜਾਬੀਅਤ ਦਾ ਪਹਿਰੇਦਾਰ
ਪੰਜਾਬੀ ਅਖ਼ਬਾਰ
Punjabi Akhbaar
ਮੁੱਖ ਸੰਪਾਦਕ: ਹਰਬੰਸ ਬੁੱਟਰ 403 640 2000
Edmonton : 780 599 2000 I Regina/Saskatoon : 639 999 1000 : Winnipeg 431 733 3000
Chief Editor : Harbans Buttar

ਤੁਸੀ ਆਪਣੇ ਬਿਜਨਸ ਦੀ ਐਡ ਇਸ ਥਾਂ 'ਤੇ ਲਗਵਾ ਸਕਦੇ ਹੋ

Vol: 11 No: 246 Website : www.punjabiakhbaar.ca Emaiĺ: editor@punjabiakhbaar.ca Friday, 21 June 2024

# ਜਦੋਂ ਪੁਲਾੜ ਸਟੇਸ਼ਨ ਪੁੱਜਦਿਆਂ ਹੀ ਨੱਚਣ ਲੱਗੀ ਸੁਨੀਤਾ ਵਿਲੀਅਮਜ਼

ਰੀਜਾਇਨਾ ( ਪੰਜਾਬੀ ਅਖ਼ਬਾਰ ਬਿਊਰੋ ) ਨਾਸਾ ਦੀ ਭਾਰਤੀ ਮੂਲ ਦੀ ਪੁਲਾੜ ਯਾਤਰੀ ਸੁਨੀਤਾ ਵਿਲੀਅਮਜ਼ ਅਤੇ ਉਨ੍ਹਾਂ ਦੇ ਸਹਿਯੋਗੀ ਬੁਚ ਵਿਲਮੋਰ ਨੇ ਬੋਇੰਗ ਦੇ ਸਟਾਰਲਾਈਨਰ ਪੁਲਾੜ ਵਾਹਨ ਨੂੰ ਕੌਮਾਂਤਰੀ ਪੁਲਾੜ ਸਟੇਸ਼ਨ (ਆਈਐੱਸਐੱਸ) ਨਾਲ ਸਫਲਤਾਪੂਰਵਕ ਜੋੜ ਲਿਆ ਹੈ। ਰਾਹ ਵਿੱਚ ਆਈਆਂ ਕੁਝ ਨਵੀਆਂ ਮੁਸ਼ਕਲਾਂ ਨੂੰ ਦੂਰ ਕਰਨ ਤੋਂ ਬਾਅਦ ਇਹ ਸੰਭਵ ਹੋਇਆ। ਬੋਇੰਗ ਪੁਲਾੜ ਯਾਨ ਵਿੱਚ ਤੀਜੀ ਵਾਰ ਪੁਲਾੜ ਯਾਤਰਾ 'ਤੇ ਗਈ ਭਾਰਤੀ ਮੂਲ ਦੀ ਪੁਲਾੜ ਯਾਤਰੀ ਸੁਨੀਤਾ ਵਿਲੀਅਮਜ਼ ਨੂੰ



ਅੰਤਰਰਾਸ਼ਟਰੀ ਪੁਲਾੜ ਸਟੇਸ਼ਨ 'ਤੇ ਪਹੁੰਚਦੇ ਹੀ ਨੱਚਦੇ ਹੋਏ ਦੇਖਿਆ ਗਿਆ। ਇੱਥੇ ਉਸਨੇ ਬਾਕੀ ਸਾਰੇ ਪੁਲਾੜ ਯਾਤਰੀਆਂ ਨੂੰ ਗਲੇ ਲਗਾਇਆ। ਸੁਨੀਤਾ ਦਾ ਅੰਤਰਰਾਸ਼ਟਰੀ ਪੁਲਾੜ ਸਟੇਸ਼ਨ ਪਹੁੰਚਣ ਦਾ ਵੀਡੀ- ਤੇਜ਼ੀ ਨਾਲ ਵਾਇਰਲ ਹੋ ਰਿਹਾ ਹੈ। ਇਸ ਵਿੱਚ ਜਦੋਂ ਉਹ ਪੁਲਾੜ ਸਟੇਸ਼ਨ 'ਤੇ ਪਹੁੰਚਦੇ ਹਨ ਤਾਂ ਘੰਟੀ ਵੱਜਦੀ ਹੈ। ਦਰਅਸਲ, ਇੰਟਰਨੈਸ਼ਨਲ ਸਪੇਸ ਸੈਂਟਰ ਦੀ ਇਹ ਪਰੰਪਰਾ ਹੈ ਕਿ ਜਦੋਂ ਵੀ ਕੋਈ ਨਵਾਂ ਪੁਲਾੜ ਯਾਤਰੀ ਉਥੇ ਪਹੁੰਚਦਾ ਹੈ ਤਾਂ ਦੂਜੇ ਪੁਲਾੜ ਯਾਤਰੀ ਘੰਟੀ ਵਜਾ ਕੇ ਉਸਦਾ ਸਵਾਗਤ ਕਰਦੇ ਹਨ। ਸੁਨੀਤ ਵਿਲੀਅਮਜ਼ ਨੇ ਅੰਤਰਰਾਸ਼ਟਰੀ ਪੁਲਾੜ ਸਟੇਸ਼ਨ ਦੇ ਮੈਂਬਰਾਂ ਨੂੰ ਆਪਣਾ ਦੂਜਾ ਪਰਿਵਾਰ ਦੱਸਿਆ ਹੈ। ਉਨ੍ਹਾਂ ਕਿਹਾ ਕਿ ਅੰਤਰਰਾਸ਼ਟਰੀ ਪੁਲਾੜ ਸਟੇਸ਼ਨ ਮੇਰੇ ਲਈ ਦੂਜੇ ਘਰ ਵਾਂਗ ਹੈ। ਉਨ੍ਹਾਂ ਸ਼ਾਨਦਾਰ ਸਵਾਗਤ ਲਈ ਸਾਰੇ ਪੁਲਾੜ ਯਾਤਰੀਆਂ ਦਾ ਧੰਨਵਾਦ ਵੀ ਕੀਤਾ।







## ਕੈਰੋਲੀਨ ਪੈਰਿਸ਼ ਬਣੀ ਮਿਸੀਸਾਗਾ ਦੀ ਮੇਅਰ

ਮਿਸੀਸਾਗਾ (ਪੰਜਾਬੀ ਅਖ਼ਬਾਰ ਬਿਊਰੋ) ਓਨਟਾਰੀਓ ਦੇ ਮਿਸੀਸਾਗਾ ਸ਼ਹਿਰ ਦੀ ਜ਼ਿਮਨੀ ਚੋਣ ਵਿੱਚ ਕੈਰੋਲੀਨ ਪੈਰਿਸ਼ ਨਵੀਂ ਮੇਅਰ ਚੁਣੇ ਗਏ ਹਨ ਕੈਰੋਲੀਨ ਨੇ ਜੋ ਕਿ ਲੰਬੇ ਸਮੇਂ ਤੋਂ ਸਿਟੀ ਕੌਂਸਲਰ ਹਨ ਨੇ ਇਹ ਚੋਣ ਸਾਢੇ 8 ਹਜ਼ਾਰ ਤੋਂ ਜਿਆਦਾ ਵੋਟਾਂ ਦੇ ਫਰਕ ਨਾਲ ਜਿੱਤੀ ਹੈ । ਕੈਰੋਲੀਨ ਦੇ ਹੱਕ ਵਿੱਚ 43494 ਵੋਟਾਂ ਪਈਆਂ ਜਦੋਂ ਕਿ ਉਹਨਾਂ ਦੇ ਮੁਕਾਬਲੇ ਵਿੱਚ ਖੜੇ ਐਲਵੀਨ ਤੇਜੋ ਨੂੰ 35,005 ਵੋਟਾਂ ਪਈਆਂ । ਦੀਪਿਕਾ ਦਮੇਰਲਾ 27,119 ਵੋਟਾਂ ਨਾਲ ਤੀਜੇ ਸਥਾਨ ਤੇ ਰਹੇ ਜਦੋਂ ਕਿ ਸਟੀਫਨ ਡੈਸਕੋ ਨੂੰ 22408 ਵੋਟਾਂ ਮਿਲੀਆਂ ਇਸ ਜਿਮਣੀ ਚੋਣ ਵਿੱਚ 138,500 ਵੋਟਰਾਂ ਨੇ ਆਪਣੀ ਵੋਟ ਦੇ ਹੱਕ ਦਾ ਇਸਤੇਮਾਲ ਕੀਤਾ।






























# ਦੂਜੇ ਪੁਸਤਕ ਮੇਲੇ ਦਾ ਉਘੇ ਰੰਗ ਕਰਮੀ ਹਰਕੇਸ਼ ਚੌਧਰੀ ਨੇ ਉਦਘਾਟਨ ਕੀਤਾ




ਕੈਲਗਰੀ (ਪੰਜਾਬੀ ਅਖਬਾਰ ਬਿਊਰੋ) ਮਾਸਟਰ ਭਜਨ ਸਿੰਘ ਤੇ ਸਾਥੀਆਂ ਵੱਲੋਂ 'ਸ਼ਹੀਦ ਭਗਤ ਸਿੰਘ ਬੁੱਕ ਸੈਂਟਰ' ਦੇ ਬੈਨਰ ਹੇਠ ਇਸ ਸਾਲ ਦਾ ਦੂਜਾ ਇੱਕ ਰੋਜ਼ਾ ਪੁਸਤਕ ਮੇਲਾ ਗਰੀਨ ਪਲਾਜ਼ਾ ਵਿਖੇ ਲਗਾਇਆ ਗਿਆ।ਪੁਸਤਕ ਮੇਲੇ ਦੀ ਸ਼ੁਰੂਆਤ 'ਲੋਕ ਕਲਾ ਮੰਚ, ਮੰਡੀ ਮੁੱਲਾਂਪੁਰ' ਤੋਂ ਉਘੇ ਰੰਗ ਕਰਮੀ, ਲੇਖਕ ਅਤੇ ਡਾਇਰੈਕਟਰ ਹਰਕੇਸ਼ ਚੌਧਰੀ ਵਲੋਂ ਕੀਤਾ ਗਿਆ।ਉਨ੍ਹਾਂ ਨੇ ਸਰੋਤਿਆਂ ਨੂੰ ਸੰਬੋਧਨ ਕਰਦੇ ਹੋਏ ਵਿਦੇਸ਼ਾਂ ਵਿੱਚ ਪੁਸਤਕ ਮੇਲਿਆਂ ਰਾਹੀਂ ਗਿਆਨ ਦਾ ਛੱਟਾ ਵੰਡਣ ਦੇ ਯਤਨਾਂ ਲਈ 'ਪ੍ਰੋਗਰੈਸਿਵ ਕਲਚਰਲ ਐਸੋਸੀਏਸ਼ਨ ਕੈਲਗਰੀ', 'ਸਿੱਖ ਵਿਰਸਾ ਇੰਟਰਨੈਸ਼ਨਲ', 'ਅਦਾਰਾ ਸਰੋਕਾਰਾਂ ਦੀ ਆਵਾਜ਼' ਦਾ ਵਿਸ਼ੇਸ਼ ਤੌਰ 'ਤੇ ਧੰਨਵਾਦ ਕੀਤਾ।

ਇਸ ਮੌਕੇ 'ਤੇ ਸੈਂਟਰ ਦੇ ਸੰਚਾਲਕ ਮਾਸਟਰ ਭਜਨ ਸਿੰਘ ਹੋਰਾਂ ਨੇ ਇਸ ਪੱਤਰਕਾਰ ਨਾਲ਼ ਖੁਸ਼ੀ ਦਾ ਇਜ਼ਹਾਰ ਕਰਦਿਆਂ ਦੱਸਿਆ ਕਿ ਇਸ ਪੁਸਤਕ ਮੇਲੇ ਵਿੱਚ ਜਿੱਥੇ ਅਨੇਕਾਂ ਨਵੇਂ ਪੁਸਤਕ ਪ੍ਰੇਮੀ ਪਹੁੰਚੇ, ਉਥੇ ਨੌਜਵਾਨ ਪੀੜ੍ਹੀ ਵੱਡੀ ਗਿਣਤੀ ਵਿੱਚ ਪਹਿਲੀ ਵਾਰ ਪੁਸਤਕਾਂ ਖਰੀਦਣ ਆਈ।ਉਨ੍ਹਾਂ ਇਸ ਗੱਲ 'ਤੇ ਤਸੱਲੀ ਪ੍ਰਗਟ ਕੀਤੀ ਕਿ ਸਾਡੇ ਸਾਂਝੇ ਯਤਨ ਨੌਜਵਾਨ ਪੀੜ੍ਹੀ ਵਿੱਚ ਪੜ੍ਹਨ ਦੀ ਚੇਤਨਾ ਪੈਦਾ ਕਰ ਰਹੇ ਹਨ। ਉਨ੍ਹਾਂ ਅੱਗੇ ਕਿਹਾ ਕਿ ਕਿਤਾਬਾਂ ਸਿਰਫ ਵਿਅਕਤੀ ਹੀ ਨਹੀਂ, ਸਮਾਜ ਦੇ ਬੌਧਿਕ ਵਿਕਾਸ ਵਿੱਚ ਵੱਡਾ ਰੋਲ ਅਦਾ ਕਰਦੀਆਂ ਹਨ।ਉਨ੍ਹਾਂ ਇਸ ਗੱਲ 'ਤੇ ਤਸੱਲੀ ਪ੍ਰਗਟ ਕੀਤੀ ਕਿ ਕੈਲਗਰੀ ਵਿੱਚ ਹੁਣ ਪੰਜਾਬੀ ਪਾਠਕਾਂ ਦਾ ਦਾਇਰਾ ਦਿਨੋਂ ਦਿਨ ਵਧ ਰਿਹਾ ਹੈ।ਉਨ੍ਹਾਂ ਸਮੁੱਚੇ ਮੀਡੀਏ ਦਾ ਹਮੇਸ਼ਾਂ ਸਹਿਯੋਗ ਕਰਨ ਲਈ ਧੰਨਵਾਦ ਕੀਤਾ।ਇਸ ਦੌਰਾਨ ਕੈਲਗਰੀ ਤੋਂ ਲੇਖਕ ਗੁਰਬਚਨ ਬਰਾੜ ਵੱਲੋਂ ਸਾਊਥ ਅਮਰੀਕਾ ਦੇ ਕ੍ਰਾਂਤੀਕਾਰੀ ਆਗੂਆਂ ਚੀ ਗਵੇਰਾ ਅਤੇ ਕਿਊਬਾ ਦੇ ਰਾਸ਼ਟਰਪਤੀ ਫੀਦਲ ਕੈਸਟਰੋ ਦੀਆਂ ਜੀਵਨੀਆਂ ਅਧਾਰਿਤ ਲੇਖਕ ਏਸੀ ਕਾਰਗਿੱਲ ਦਾ ਲਿਖਿਆ ਨਾਟਕ 'ਚੀ ਐਂਡ ਫੀਦਲ' ਦੀ ਪੰਜਾਬੀ ਅਨੁਵਾਦਤ ਕਿਤਾਬ 'ਚੀ ਤੇ ਫੀਦਲ' ਨੂੰ ਪਾਠਕਾਂ ਦੀ ਹਾਜ਼ਰੀ ਵਿੱਚ ਰਿਲੀਜ਼ ਕੀਤਾ ਗਿਆ।ਸ. ਬਰਾੜ ਨੇ ਪੁਸਤਕ ਬਾਰੇ ਬੋਲਦਿਆਂ ਕਿਹਾ ਕਿ ਚੀ ਗਵੇਰਾ ਸਾਊਥ ਅਮਰੀਕਨ ਦੇਸ਼ਾਂ ਦਾ ਭਗਤ ਸਿੰਘ ਹੈ, ਜਿਸ ਬਾਰੇ ਪੰਜਾਬੀਆਂ ਨੂੰ ਬਹੁਤ ਘੱਟ ਜਾਣਕਾਰੀ ਹੈ, ਜਿਸਨੂੰ ਮੁੱਖ ਰੱਖ ਕੇ ਇਹ ਕਿਤਾਬ ਅਨੁਵਾਦਤ ਕੀਤੀ ਗਈ ਸੀ।ਹਰ ਵਾਰ ਦੀ ਤਰ੍ਹਾਂ ਇਸ ਵਾਰ ਵੀ ਪੁਸਤਕ ਮੇਲੇ ਵਿੱਚ ਪੰਜਾਬੀ, ਹਿੰਦੀ, ਅੰਗਰੇਜੀ ਦੀਆਂ ਸਾਹਿਤਕ, ਰਾਜਨੀਤਕ, ਸਮਾਜਿਕ, ਸਿਹਤ ਆਦਿ ਵਿਸ਼ਿਆਂ ਨਾਲ਼ ਸਬੰਧਤ ਕਿਤਾਬਾਂ ਦੇ ਨਾਲ਼-ਨਾਲ਼ ਹੋਰ ਭਾਸ਼ਾਵਾਂ ਵਿਚੋਂ ਪੰਜਾਬੀ ਵਿੱਚ ਅਨੁਵਾਦਤ ਵਿਸ਼ਵ ਪ੍ਰਸਿੱਧ ਪੁਸਤਕਾਂ ਵੀ ਰੱਖੀਆਂ ਗਈਆਂ ਸਨ।ਪਾਠਕਾਂ ਵਲੋਂ ਦਿਖਾਏ ਉਤਸ਼ਾਹ ਨਾਲ ਪ੍ਰਬੰਧਕਾਂ ਦੇ ਹੌਸਲੇ ਵੀ ਬੁਲੰਦ ਹੋਏ ਹਨ ਤੇ ਉਨ੍ਹਾਂ ਵਲੋਂ ਵਾਅਦਾ ਕੀਤਾ ਗਿਆ ਕਿ ਹਰ ਸੰਭਵ ਯਤਨ ਕਰਕੇ ਅੱਗੇ ਤੋਂ ਸਮਾਜਿਕ ਸਰੋਕਾਰਾਂ ਨੂੰ ਸਮਰਪਿਤ ਵਿਗਿਆਨਕ ਤੇ ਅਗਾਂਹਵਧੂ ਸੋਚ ਵਾਲੀਆਂ ਹੋਰ ਕਿਤਾਬਾਂ ਵੀ ਰੱਖੀਆਂ ਜਾਣਗੀਆਂ।ਪਾਠਕ ਮਾਸਟਰ ਭਜਨ ਸਿੰਘ ਹੋਰਾਂ ਨਾਲ਼ 403-455-4220 ਤੇ ਸੰਪਰਕ ਕਰਕੇ ਆਪਣੇ ਮਨਪਸੰਦ ਦੀਆਂ ਕਿਤਾਬਾਂ, ਜਦੋਂ ਮਰਜੀ ਉਨ੍ਹਾਂ ਦੇ ਘਰੋਂ ਜਾ ਕੇ ਖਰੀਦ ਸਕਦੇ ਹਨ ਅਤੇ ਜੇ ਕੋਈ ਕਿਤਾਬ ਸਟਾਕ ਵਿੱਚ ਨਾ ਹੋਵੇ ਤਾਂ ਆਰਡਰ ਵੀ ਕਰ ਸਕਦੇ ਹਨ।

## ਗੂਗਲ ਕੈਨੇਡਾ ਦੀਆਂ ਨਿਊਜ਼ ਕੰਪਨੀਆਂ ਨੂੰ 100 ਮਿਲੀਅਨ ਡਾਲਰ ਦੇਵੇਗਾ

ਵਿਨੀਪੈੱਗ (ਪੰਜਾਬੀ ਅਖ਼ਬਾਰ ਬਿਊਰੋ ) ਗੂਗਲ ਵੱਲੋਂ ਐਲਾਨ ਕੀਤਾ ਗਿਆ ਹੈ ਕਿ ਉਸ ਵੱਲੋਂ ਕੈਨੇਡਾ ਦੀਆਂ ਨਿਊਜ਼ ਕੰਪਨੀਆਂ ਨੂੰ 100 ਮਿਲੀਅਨ ਡਾਲਰ ਵੰਡੇ ਜਾਣਗੇ ਅਤੇ ਇਹ ਰਾਸ਼ੀ ਵੰਡਣ ਵਾਸਤੇ ਦ ਕਨੇਡੀਅਨ ਜਰਨਲਿਜ਼ਮ ਕਲੈਕਟਿਵ ਜ਼ਿੰਮੇਵਾਰ ਹੋਵੇਗੀ ਅਤੇ ਉਹ ਦੇਖੇਗੀ ਕਿ ਕਿਹੜੀਆਂ ਨਿਊਜ਼ ਆਰਗਨਾਈਜੇਸ਼ਨ ਇਹਨਾਂ ਫੰਡਾਂ ਵਾਸਤੇ ਯੋਗ ਹਨ। ਵਰਨਣ ਯੋਗ ਹੈ ਕਿ ਦਾ ਕਲੈਕਟਿਵ ਇੱਕ ਨਾਨ ਪ੍ਰਾਫਿਟ ਸੰਸਥਾ ਹੈ ਜੋ ਕਿ ਇਸ ਮੰਤਵ ਵਾਸਤੇ ਤਿਆਰ ਕੀਤੀ ਗਈ ਹੈ। ਇਸ ਸੰਸਥਾ ਦੀ ਸਥਾਪਨਾ ਵੱਖ-ਵੱਖ ਪਬਲਿਸ਼ਰਾਂ ਤੇ ਬਰੋਡਕਾਸਟਰਾਂ ਵੱਲੋਂ ਕੀਤੀ ਗਈ ਸੀ। ਇਸ ਸੰਸਥਾ ਵਿੱਚ ਵੱਖ ਵੱਖ ਭਾਸ਼ਾਵਾਂ ਨਾਲ ਜੁੜੇ ਬਰਾਡਕਾਸਟਰ ਅਤੇ ਪਬਲਿਸ਼ਰ ਸ਼ਾਮਿਲ ਹਨ। ਅਜੇ ਇਸ ਸਪਸ਼ਟ ਨਹੀਂ ਹੈ ਕਿ ਗੂਗਲ ਵੱਲੋਂ ਐਲਾਨੀ ਗਈ ਇਹ ਰਾਸ਼ੀ ਕਦੋਂ ਦਿੱਤੀ ਜਾਵੇਗੀ।




## ਰੂਸ ਦੀ ਨਦੀ ਵਿਚ ਡੁੱਬਣ ਕਾਰਨ 4 ਭਾਰਤੀ ਵਿਦਿਆਰਥੀਆਂ ਦੀ ਮੌਤ

ਮਾਸਕੋ (ਪੰਜਾਬੀ ਅਖ਼ਬਾਰ ਬਿਊਰੋ ) ਰੂਸ ਵਿੱਚ ਸੇਂਟ ਪੀਟਰਸਬਰਗ ਨੇੜੇ ਇੱਕ ਨਦੀ ਵਿੱਚ ਡੁੱਬਣ ਨਾਲ ਚਾਰ ਭਾਰਤੀ ਵਿਦਿਆਰਥੀਆਂ ਦੀ ਮੌਤ ਹੋ ਗਈ ਇਹ ਚਾਰੇ ਵਿਦਿਆਰਥੀ ਵੇਲੀਕੀ ਨੋਵਗੋਰੋਦ ਸ਼ਹਿਰ ਵਿੱਚ ਸਥਿਤ ਨੋਵਗੋਰੋਦ ਸਟੇਟ ਯੂਨੀਵਰਸਿਟੀ ਵਿੱਚ ਮੈਡੀਕਲ ਦੀ ਪੜ੍ਹਾਈ ਕਰ ਰਹੇ ਸਨ। ਇਨ੍ਹਾਂ ਵਿੱਚ 18 ਤੋਂ 20 ਸਾਲ ਦੀ ਉਮਰ ਦੇ ਦੋ ਲੜਕੇ ਅਤੇ ਦੋ ਲੜਕੀਆਂ ਸਨ। ਸਥਾਨਕ ਮੀਡੀਆ ਦੇ ਅਨੁਸਾਰ, ਇੱਕ ਭਾਰਤੀ ਵਿਦਿਆਰਥੀ ਵੋਲਖੋਵ ਨਦੀ ਵਿੱਚ ਕੰਢੇ ਤੋਂ ਬਹੁਤ ਦੂਰ ਚਲਾ ਗਿਆ ਸੀ ਅਤੇ ਡੁੱਬਣ ਲੱਗਿਆ ਤਾਂ ਉਸ ਦੇ ਸਾਥੀਆਂ ਨੇ ਉਸ ਨੂੰ ਬਚਾਉਣ ਦੀ ਕੋਸ਼ਿਸ਼ ਕੀਤੀ। ਖਬਰਾਂ ਮੁਤਾਬਕ ਉਸ ਨੂੰ ਬਚਾਉਣ ਦੀ ਕੋਸ਼ਿਸ਼ ਕਰਦੇ ਹੋਏ ਤਿੰਨ ਹੋਰ ਵਿਦਿਆਰਥੀ ਨਦੀ 'ਚ ਡੁੱਬ ਗਏ। ਇੱਕ ਲੜਕੇ ਨੂੰ ਸਥਾਨਕ ਲੋਕਾਂ ਨੇ ਸੁਰੱਖਿਅਤ ਬਾਹਰ ਕੱਢ ਲਿਆ। ਮਾਸਕੋ ਸਥਿਤ ਭਾਰਤੀ ਦੂਤਾਵਾਸ ਨੇ ਸੋਸ਼ਲ ਮੀਡੀਆ ਪਲੇਟਫਾਰਮ 'ਐਕਸ' 'ਤੇ ਲਿਖਿਆ, "ਅਸੀਂ ਜਲਦੀ ਤੋਂ ਜਲਦੀ ਲਾਸ਼ਾਂ ਪਰਿਵਾਰਾਂ ਨੂੰ ਵਾਪਸ ਕਰਨ ਦੀ ਕੋਸ਼ਿਸ਼ ਕਰ ਰਹੇ ਹਾਂ।" ਜਿਸ ਵਿਦਿਆਰਥੀ ਦੀ ਜਾਨ ਬਚ ਗਈ, ਉਸ ਦਾ ਸਹੀ ਇਲਾਜ ਕੀਤਾ ਜਾ ਰਿਹਾ ਹੈ।



## ਨਾਰਥ ਕੈਲਗਰੀ ਕਲਚਰਲ ਐਸੋਸੀਏਸ਼ਨ ਮੀਟਿੰਗ ਰਿਪੋਰਟ

### "ਤੁਹਾਨੂੰ ਭੋਰਾ ਵੀ ਖ਼ੁਸ਼ ਕਰ ਕੇ ਮੇਰੀ ਹਯਾਤੀ ਦਾ ਮਕਸਦ ਪੂਰਾ ਹੋ ਜਾਂਦੈ "- ਜਨਾਬ ਮੁਨੱਵਰ ਅਹਿਮਦ




ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ) ਬੀਤੀ ਦਸ ਜੂਨ ਨੂੰ ਨਾਰਥ ਕੈਲਗਰੀ ਕਲਚਰਲ ਐਸੋਸੀਏਸ਼ਨ ਦੀ ਮੀਟਿੰਗ ਵੀਵੋ ਦੇ ਹਾਲ ਵਿਖੇ ਸ਼ਾਂਤੀ ਦੇ ਪੁੰਜ, ਸ਼ਹੀਦਾਂ ਦੇ ਸਰਤਾਜ, ਗੁਰੂ ਅਰਜਨ ਦੇਵ ਜੀ ਦੀ ਸ਼ਹਾਦਤ ਦੇ ਅਕੀਦੇ ਵਜੋਂ ਸ਼ਬਦ ਗਾਇਨ ਨਾਲ ਸ਼ੁਰੂ ਹੋਈ — ਐਸੀ ਮਰਨੀ ਜੋ ਮਰੈ ਬਹੁਰਿ ਨ ਮਰਨਾ ਹੋਇ । ਐਸੋਸੀਏਸ਼ਨ ਦੇ ਸਨਮਾਨਯੋਗ ਮੈਂਬਰ ਜਸਪਾਲ ਸਿੰਘ ਦੀ ਦੁੱਖਦਾਈ ਮੌਤ ਉਪਰ ਗਹਿਰੇ ਸ਼ੋਕ ਦਾ ਪ੍ਰਗਟਾਵਾ ਕੀਤਾ ਗਿਆ। ਪ੍ਰਧਾਨ ਸੁਰਿੰਦਰਜੀਤ ਪਲਾਹਾ ਨੇ ਨਰੋਈ ਸਿਹਤ ਲਈ ਸਾਵੀਂ ਖੁਰਾਕ ਅਤੇ ਵਰਜ਼ਿਸ਼ ਦੀ ਲੋੜ ਤੇ ਜ਼ੋਰ ਦੇ ਕੇ ਕਿਹਾ ਕਿ ਇਹ ਇਸ ਸਭਾ ਦਾ ਮੁੱਖ ਉਦੇਸ਼ ਹੈ। ਉਨ੍ਹਾਂ ਨੇ ਇੱਕ ਕੁਟੇਸ਼ਨ ਦੇ ਹਵਾਲੇ ਨਾਲ ਕਿਹਾ ਕਿ ਜੋ ਇਨਸਾਨ ਸ੍ਵੈ-ਕੇਂਦਰਿਤ (Self centered ) ਹੈ ਉਹ ਜ਼ਿੰਦਗੀ 'ਚ ਆਇਆ ਜਾਂ ਨਾ ਆਇਆ, ਇੱਕ ਬਰਾਬਰ ਹੈ। ਸਕੱਤਰ ਗੁਰਦਿਆਲ ਸਿੰਘ ਖਹਿਰਾ ਨੇ ਸੁਰਜੀਤ ਪਾਤਰ ਨੂੰ ਇਸ ਨਜ਼ਮ ਰਾਹੀਂ ਯਾਦ ਕੀਤਾ - ਦੁਨੀਆਂ ਨੇ ਵਸਦੀ ਰਹਿਣਾ ਹੈ ਸਾਡੇ ਬਗੈਰ ਵੀ। ਉਨ੍ਹਾਂ ਨੇ ਕਵਿਤਾ ਰਾਹੀਂ ਰੁੱਖਾਂ ਦੇ ਮਹੱਤਵ ਨੂੰ ਉਜਾਗਰ ਕਰਦਿਆਂ ਰੁੱਖਾਂ ਨਾਲ ਜਿਉਂਦੇ-ਜੀਅ ਸਾਂਝ ਪਾਉਣ ਦਾ ਸੁਨੇਹਾ ਦਿੱਤਾ। ਕੈਨੇਡਾ ਰੈਵੇਨਿਊ ਏਜੰਸੀ ਤੋਂ ਆਈ ਮੈਡਮ ਐਮਿਲੀ ਮੂਰ ਨੇ ਫੈਡਰਲ ਸਰਕਾਰ ਦੁਆਰਾ ਦੰਦਾਂ ਦੀ ਸੰਭਾਲ ਅਤੇ ਇਲਾਜ ਲਈ ਦਿੱਤੀ ਜਾਣ ਵਾਲੀ ਮਾਇਕ ਸਹਾਇਤਾ ਦੀ ਨਵੀਂ ਪਾਲਿਸੀ ਤੋਂ ਜਾਣੂੰ ਕਰਵਾਇਆ। ਜਸਵੰਤ ਸਿੰਘ ਕਪੂਰ ਨੇ ਗੁਰੂ ਅਰਜਨ ਦੇਵ ਜੀ ਦੀ ਅਦੁੱਤੀ ਸ਼ਹਾਦਤ ਨੂੰ ਸਿਜਦਾ ਕਰਦਿਆਂ ਕਵਿਤਾ ਪੜ੍ਹੀ। ਪ੍ਰਮਿੰਦਰ ਗਰੇਵਾਲ ਦੇ ਚੋਣਵੇਂ ਸ਼ੇਅਰਾਂ ਵਿੱਚੋਂ ਇੱਕ ਇਹ ਸੀ - ਗ਼ਮ ਨ ਕਰੋ ਮੌਤ ਕਾ ਜੋ ਹਰ ਕਿਸੀ ਸੇ ਆਤੀ ਹੈ। ਸਰਦਾਰ ਤਾਰਿਕ ਮਲਿਕ ਨੇ ਜ਼ਿੰਦਗੀ ਦੀ ਸਚਾਈ ਸ਼ੇਅਰ ਸੁਣਾ ਕੇ ਬਿਆਨ ਕੀਤੀ - ਆਬਾਦ ਰਹੇਗੀ ਦੁਨੀਆਂ, ਹਮ ਨਹੀਂ ਹੋਂਗੇ, ਹਮਸਾ ਕੋਈ ਹੋਗਾ। ਸ਼ਮਿੰਦਰ ਅਤੇ ਸੁਰਜੀਤ ਕੰਮੋਹ ਦੀ ਜੋੜੀ ਨੇ ਅਤੇ ਵਿਜੇ ਸਚਦੇਵਾ ਨੇ ਗੀਤਾਂ ਦੀ ਪੇਸ਼ਕਾਰੀ ਨਾਲ਼ ਸਭ ਨੂੰ ਮੋਹ ਲਿਆ। ਨਾਲ ਹੀ ਵਿਜੇ ਸਚਦੇਵਾ ਨੇ ਸਾਹ ਲੈਣ ਦੀ ਪ੍ਰਕਿਰਿਆ ਅਤੇ ਪ੍ਰਾਣਾਯਾਮ ਦੀ ਵਿਧੀ ਬਾਰੇ ਚਾਨਣਾ ਪਾਇਆ। ਚਰਨਜੀਤ ਕੌਰ ਬਾਜਵਾ ਨੇ - ਪੀੜ ਤੇਰੇ ਜਾਣ ਦੀ, ਕਿੱਦਾਂ ਜਰਾਂਗਾ ਮੈਂ - ਸੁਰੀਲੀ ਆਵਾਜ਼ ਵਿੱਚ ਗਾ ਕੇ ਸ਼ਬਦਾਂ ਦੀ ਖੂਬਸੂਰਤੀ ਨੂੰ ਇੰਜ ਉਜਾਗਰ ਕੀਤਾ ਕਿ ਰੂਹ ਟੁੰਬੀ ਗਈ। ਡਾ: ਰਾਜਵੰਤ ਕੌਰ ਮਾਨ ਨੇ ਆਪਣੀ ਸਿਹਤ ਬਾਰੇ ਤਜਰਬੇ ਸਾਂਝੇ ਕੀਤੇ। ਡਾ: ਭਗਤ ਸਿੰਘ ਅਟਵਾਲ ਨੇ ਲੱਤਾਂ ਨੂੰ ਮਜ਼ਬੂਤ ਰੱਖਣ ਦੇ ਨੁਸਖੇ ਬਿਆਨ ਕੀਤੇ। ਕਰਮ ਸਿੰਘ ਮੁੰਡੀ ਨੇ ਇਸ ਸੰਕਟ ਸਮੇਂ ਕੈਲਗਰੀ ਦੇ ਲੋੜਵੰਦਾਂ ਲਈ ਪੀਣ ਵਾਲੇ ਪਾਣੀ ਦੀਆਂ ਬੋਤਲਾਂ ਦਾਨ ਕਰਨ ਦੀ ਅਪੀਲ ਕੀਤੀ। ਹਰਿੰਦਰ ਕੌਰ ਮੁੰਡੀ ਨੇ ਘਰੇਲੂ ਕੰਮਕਾਜੀ ਔਰਤਾਂ ਦੀ ਸਾਰੇ ਪੱਖਾਂ ਤੋਂ ਯਥਾਰਥਕ , ਤਰਸਯੋਗ ਅਤੇ ਸ਼ਲਾਘਾ ਵਾਲੀ ਤਸਵੀਰ ਪੇਸ਼ ਕੀਤੀ ਜੋ ਇਸ ਵਿਸ਼ੇ ਬਾਰੇ ਬਹੁਤ ਹੀ ਤਰਕਪੂਰਨ ਤਰੀਕੇ ਅਤੇ ਪਰਤੱਖ ਤੱਥਾਂ ਰਾਹੀਂ ਮੁਕੰਮਲ ਦਸ਼ਾ ਬਿਆਨ ਕਰ ਗਈ ਅਤੇ ਇਨ੍ਹਾਂ ਔਰਤਾਂ ਬਾਰੇ ਨਰੋਆ ਤੇ ਹਾਂ ਪੱਖੀ ਪ੍ਰਭਾਵ ਛੱਡ ਗਈ । ਜਾਣੀ ਪਛਾਣੀ ਹਸਤੀ ਰਿਸ਼ੀ ਨਾਗਰ ਤਰੱਨਮ ਵਿੱਚ ਗੀਤ ਗਾ ਕੇ ਨਵੇਂ ਰੂਪ ਵਿੱਚ ਪੇਸ਼ ਆਏ - ਤੇਰੇ ਦੀਵਾਨੇ ਨੂੰ ਸੱਜਣਾ, ਕੋਈ ਸਹਾਰਾ ਨਾ ਮਿਲਿਆ।

ਲਹਿੰਦੇ ਪੰਜਾਬ ਦੇ ਅਦੀਬ ਜਨਾਬ ਮੁਨੱਵਰ ਅਹਿਮਦ ਨੇ ਵਾਰਿਸ ਸ਼ਾਹ ਦੀ ਹੀਰ ਗਾ ਕੇ ਸਭ ਨੂੰ ਮੰਤਰ-ਮੁਗਧ ਕਰ ਦਿੱਤਾ - ਡੋਲੀ ਚੜ੍ਹਦਿਆਂ ਮਾਰੀਆਂ ਹੀਰ ਚੀਕਾਂ, ਮੈਨੂੰ ਲੈ ਚਲੇ ਬਾਬਲਾ ਲੈ ਚਲੇ ਵੇ। ਉਨ੍ਹਾਂ ਨੇ ਇੰਕਸਾਫ਼ ਕੀਤਾ ਕਿ "ਤੁਹਾਨੂੰ ਭੋਰਾ ਵੀ ਖ਼ੁਸ਼ ਕਰ ਕੇ ਮੇਰੀ ਹਯਾਤੀ ਦਾ ਮਕਸਦ ਪੂਰਾ ਹੋ ਜਾਂਦੈ "। ਦਿਲਾਵਰ ਸਮਰਾ ਨੇ ਉਨ੍ਹਾਂ ਦੁਆਰਾ ਲਾਏ ਸੈਂਕੜੇ ਰੁੱਖਾਂ ਬੂਟਿਆਂ ਨੂੰ ਵਾਤਾਵਰਣ ਦੀ ਸੰਭਾਲ ਨਾਲ ਜੋੜਿਆ। ਉਨ੍ਹਾਂ ਨੇ ਕਿਹਾ ਕਿ ਸੱਚੇ ਮਨੋਂ ਅਰਦਾਸ ਕਰੋ ਆਪਣੇ ਲਈ ਵੀ ਤੇ ਹੋਰਾਂ ਲਈ ਵੀ । ਜੋਗਾ ਸਿੰਘ ਲੈਹਲ ਨੇ ਚੁਟਕਲੇ ਸੁਣਾ ਕੇ ਹਾਸਿਆਂ ਦੀ ਬੌਛਾੜ ਲਾਈ। ਜਨਰਲ ਸਕੱਤਰ ਗੁਰਦਿਆਲ ਸਿੰਘ ਖਹਿਰਾ ਨੇ ਬਹੁਤ ਭਾਵ-ਪੂਰਤ ਟਿੱਪਣੀਆਂ ਕਰਦੇ ਹੋਏ ਦਰਸ਼ਕਾਂ ਦਾ ਮਨੋਰੰਜਨ ਵੀ ਕੀਤਾ ਅਤੇ ਸਮੁੱਚੀ ਕਾਰਵਾਈ ਨੂੰ ਨਿਪੁੰਨਤਾ ਨਾਲ ਨਿਭਾਇਆ। ਸਾਰੇ ਪ੍ਰਬੰਧਕੀ ਮੈਂਬਰਾਂ ਨੇ ਆਪੋ ਆਪਣੀਆਂ ਡਿਊਟੀਆਂ ਨੂੰ ਪੂਰਨਤਾ ਨਾਲ ਅੰਜਾਮ ਦਿੱਤਾ। ਖਾਣ ਪੀਣ ਲਈ ਨਿਰੋਲ ਸਿਹਤ-ਵਰਧਕ ਪਦਾਰਥ ਵਰਤਾਏ ਗਏ ਅਤੇ ਕੰਪੋਸਟ ਯੋਗ ਬਰਤਨ ਵਰਤੇ ਗਏ।

## ਅਮਰੀਕਾ ਦੇ ਪਾਰਕ ਵਿੱਚ ਗੋਲੀਬਾਰੀ -9 ਜ਼ਖਮੀਂ , ਹਮਲਾਵਰ ਨੇ ਖ਼ੁਦਕੁਸ਼ੀ ਕੀਤੀ

ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ ) ਅਮਰੀਕਾ ਦੇ ਮਿਸ਼ਿਗਨ ਦੇ ਡੇਟ੍ਰਾਇਟ ਸ਼ਹਿਰ ਵਿੱਚ ਇੱਕ ਪਾਰਕ 'ਚ ਗੋਲੀਬਾਰੀ ਦੀ ਘਟਨਾ 'ਚ ਦੋ ਬੱਚਿਆਂ ਅਤੇ ਉਨ੍ਹਾਂ ਦੀ ਮਾਂ ਸਣੇ ਨੌਂ ਜਣੇ ਜ਼ਖ਼ਮੀ ਹੋ ਗਏ। ਇਨ੍ਹਾਂ ਵਿੱਚੋਂ ਇੱਕ ਬੱਚੇ ਦੀ ਹਾਲਤ ਗੰਭੀਰ ਦੱਸੀ ਜਾ ਰਹੀ ਹੈ। ਅਧਿਕਾਰੀਆਂ ਨੇ ਦੱਸਿਆ ਕਿ ਘਟਨਾ ਨੂੰ ਅੰਜਾਮ ਦੇਣ ਮਗਰੋਂ ਸ਼ੱਕੀ ਹਮਲਾਵਰ ਇੱਕ ਘਰ ਵਿੱਚ ਲੁਕ ਗਿਆ, ਜਿਸ ਮਗਰੋਂ ਸੁਰੱਖਿਆ ਬਲਾਂ ਨੇ ਘਰ ਨੂੰ ਘੇਰ ਲਿਆ। ਅਧਿਕਾਰੀਆਂ ਨੇ ਦੱਸਿਆ ਕਿ ਸ਼ੱਕੀ ਹਮਲਾਵਰ ਨੇ ਖੁਦਕੁਸ਼ੀ ਕਰ ਲਈ। -ਕਲੈਂਡ ਕਾਊਂਟੀ ਦੇ ਸ਼ੈਰਿਫ ਬਾਊਚਰਡ ਨੇ ਪ੍ਰੈੱਸ ਕਾਨਫਰੰਸ ਦੌਰਾਨ ਦੱਸਿਆ ਕਿ ਇੱਕ ਬੱਚੇ ਦੇ ਸਿਰ ਵਿੱਚ ਗੋਲੀ ਲੱਗੀ ਹੈ ਤੇ ਉਸ ਦੀ ਹਾਲਤ ਗੰਭੀਰ ਹੈ। ਗੋਲੀਬਾਰੀ ਦੀ ਇਹ ਘਟਨਾ ਸ਼ਹਿਰ ਦੇ ਇੱਕ ਪਾਰਕ ਵਿੱਚ ਵਾਪਰੀ, ਜਿੱਥੇ ਗਰਮੀ ਤੋਂ ਰਾਹਤ ਪਾਉਣ ਲਈ ਲੋਕ ਪਾਣੀ ਦੇ ਫੁਹਾਰਿਆਂ ਦਾ ਆਨੰਦ ਮਾਣ ਰਹੇ ਸਨ। ਬਾਊਚਰਡ ਨੇ ਦੱਸਿਆ ਕਿ ਮੁਲਜ਼ਮ ਗੱਡੀ ਵਿੱਚ ਪਾਰਕ ਤੱਕ ਆਇਆ ਤੇ ਪਾਣੀ ਦੇ ਫੁਹਾਰੇ ਨੇੜੇ ਪਹੁੰਚਣ ਮਗਰੋਂ ਉਸ ਨੇ ਅਚਾਨਕ ਗੋਲੀਬਾਰੀ ਸ਼ੁਰੂ ਕਰ ਦਿੱਤੀ। ਉਨ੍ਹਾਂ ਮੌਕੇ 'ਤੇ ਮੌਜੂਦ ਇੱਕ ਵਿਅਕਤੀ ਦੇ ਹਵਾਲੇ ਨਾਲ ਦੱਸਿਆ ਕਿ ਹਮਲਾਵਰ ਨੇ ਦੋ ਬੰਦੂਕਾਂ ਨਾਲ ਗੋਲੀਆਂ ਚਲਾਈਆਂ।

## ਯੂਕਰੇਨ ਨੂੰ ਦਿੱਤੇ ਜਾ ਰਹੇ 50 ਬਿਲੀਅਨ ਡਾਲਰ 'ਚ ਕੈਨੇਡਾ ਦਾ 5 ਬਿਲੀਅਨ ਦਾ ਯੋਗਦਾਨ



ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ )ਇਟਲੀ ਦੇ ਅਪੂਲੀਆ ਵਿਖੇ ਹੋਏ ਜੀ7 ਸੰਮੇਲਨ ਵਿੱਚ ਹਿੱਸਾ ਲੈਣ ਲਈ ਪਹੁੰਚੇ ਕੈਨੇਡਾ ਦੇ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨੇ ਵੱਖ-ਵੱਖ ਦੇਸ਼ਾਂ ਦੇ ਆਗੂਆਂ ਨਾਲ ਮੁਲਾਕਾਤਾਂ ਕੀਤੀਆਂ ਹਨ ਇਸੇ ਦੌਰਾਨ ਉਹਨਾਂ ਨੇ ਯੂਕਰੇਨ ਦੇ ਪ੍ਰਧਾਨ ਰਾਸ਼ਟਰਪਤੀ ਵਲੋਦੀਮੀਰ ਜਲੈਨਸਕੀ ਨਾਲ ਮੁਲਾਕਾਤ ਕੀਤੀ ਤੇ ਆਖਿਆ ਕਿ ਕੈਨੇਡਾ ਵੱਲੋਂ ਯੂਕਰੇਨ ਦੀ ਮਦਦ ਜਾਰੀ ਰੱਖੀ ਜਾਵੇਗੀ ਉਨਾਂ ਨੇ ਕੈਨੇਡਾ ਤੇ ਯੂਕਰੇਨ ਦੇ ਲੰਬੇ ਸਮੇਂ ਤੋਂ ਚੱਲ ਰਹੇ ਸੰਬੰਧਾਂ ਦਾ ਵੀ ਵਿਸ਼ੇਸ਼ ਤੌਰ ਤੇ ਜ਼ਿਕਰ ਕੀਤਾ। ਇੱਥੇ ਦੱਸ ਦਈਏ ਕਿ ਜੀ7 ਦੇਸ਼ਾਂ ਦੇ ਆਗੂ ਯੂਕਰੇਨ ਨੂੰ 50 ਬਿਲੀਅਨ ਡਾਲਰ ਕਰਜ਼ਾ ਦੇਣ ਤੇ ਸਹਿਮਤ ਹੋਏ ਹਨ ਜੋ ਰੂਸ ਦੇ ਫ੍ਰੀਜ਼ ਕੀਤੇ ਅਸਾਸਿਆਂ ਦੇ ਪ੍ਰੋਫਿਟ ਤੋਂ ਪ੍ਰਾਪਤ ਹੋਏ ਹਨ ਅਤੇ ਕੈਨੇਡਾ ਵੱਲੋਂ ਇਸ ਵਿੱਚ ਪੰਜ ਬਿਲੀਅਨ ਡਾਲਰ ਦਾ ਯੋਗਦਾਨ ਪਾਇਆ ਜਾ ਰਿਹਾ ਹੈ।

## ਸ਼ਰਨਾਰਥੀਆਂ ਨਾਲ ਭਰੀ ਕਿਸ਼ਤੀ ਪਲਟਣ ਕਾਰਨ 49 ਲੋਕਾਂ ਦੀ ਮੌਤ



ਵਿਨੀਪੈੱਗ (ਪੰਜਾਬੀ ਅਖ਼ਬਾਰ ਬਿਊਰੋ ) ਯਮਨ ਦੇ ਅਦਨ ਦੇ ਤੱਟ 'ਤੇ ਸ਼ਰਨਾਰਥੀਆਂ ਨਾਲ ਭਰੀ ਕਿਸ਼ਤੀ ਪਲਟ ਗਈ, ਜਿਸ ਕਾਰਨ 49 ਲੋਕਾਂ ਦੀ ਮੌਤ ਹੋ ਗਈ ਅਤੇ 140 ਤੋਂ ਵੱਧ ਲਾਪਤਾ ਹੋ ਗਏ। ਜਾਣਕਾਰੀ ਮੁਤਾਬਕ ਕਿਸ਼ਤੀ 'ਤੇ 260 ਲੋਕ ਸਵਾਰ ਸਨ, ਜਿਨ੍ਹਾਂ 'ਚੋਂ ਜ਼ਿਆਦਾਤਰ ਇਥੋਪੀਆ ਅਤੇ ਸੋਮਾਲੀਆ ਦੇ ਸਨ। ਇਹ ਸ਼ਰਨਾਰਥੀ ਪੂਰਬੀ ਅਫਰੀਕਾ ਤੋਂ ਯਮਨ ਜਾ ਰਹੇ ਸਨ। ਇਹ ਲੋਕ ਯਮਨ ਤੋਂ ਕਰੀਬ 600 ਕਿਲੋਮੀਟਰ ਦੂਰ ਪੂਰਬੀ ਅਫਰੀਕਾ ਦੇ ਸੋਮਾਲੀਆ ਤੋਂ ਰਵਾਨਾ ਹੋਏ ਸਨ। ਸੰਯੁਕਤ ਰਾਸ਼ਟਰ ਦੀ ਸੰਸਥਾ ਇੰਟਰਨੈਸ਼ਨਲ ਆਰਗੇਨਾਈਜੇਸ਼ਨ ਫਾਰ ਮਾਈਗ੍ਰੇਸ਼ਨ (ਆਈ-ਐੱਮ) ਨੇ ਇੱਕ ਬਚਾਅ ਮੁਹਿੰਮ ਚਲਾਈ, ਜਿਸ ਵਿੱਚ 71 ਲੋਕਾਂ ਨੂੰ ਬਚਾਇਆ ਗਿਆ। ਆਈ-ਐਮ ਨੇ 31 ਔਰਤਾਂ ਅਤੇ 6 ਬੱਚਿਆਂ ਦੀਆਂ ਲਾਸ਼ਾਂ ਬਰਾਮਦ ਕੀਤੀਆਂ ਹਨ। ਆਈ-ਐਮ ਦੇ ਅਧਿਕਾਰੀਆਂ ਨੂੰ ਡਰ ਹੈ ਕਿ ਮਰਨ ਵਾਲਿਆਂ ਦੀ ਗਿਣਤੀ ਵਧ ਸਕਦੀ ਹੈ। ਆਈ-ਐਮ ਦੇ ਅਧਿਕਾਰੀਆਂ ਨੇ ਦੱਸਿਆ ਕਿ ਕਿਸ਼ਤੀ ਵਿੱਚ 115 ਸੋਮਾਲੀ ਅਤੇ 145 ਇਥੋਪੀਆਈ ਨਾਗਰਿਕ ਸਵਾਰ ਸਨ।

## ਸਰੀ ਦੀ ਮੇਅਰ ਨੇ ਮੰਨ ਲਿਆ ਪੁਲਿਸ ਬਾਰੇ ਅਦਾਲਤ ਦਾ ਫ਼ੈਸਲਾ



ਸਰੀ (ਪੰਜਾਬੀ ਅਖ਼ਬਾਰ ਬਿਊਰੋ ) ਬ੍ਰਿਟਿਸ਼ ਕੋਲੰਬੀਆ ਦੇ ਸ਼ਹਿਰ ਸਰੀ ਦੀ ਮੇਅਰ ਬ੍ਰੈਂਡਾ ਲੌਕ ਜੋ ਹਮੇਸ਼ਾ ਹੀ ਸਰੀ ਦਾ ਪੁਲਿਸ ਪ੍ਰਬੰਧ ਆਰਸੀਐਮਪੀ ਦੇ ਹੱਥਾਂ ਵਿੱਚ ਹੀ ਰੱਖਣ ਦੀ ਹਿਮਾਇਤੀ ਰਹੀ ਹੈ ਨੇ ਆਖ਼ਰਕਾਰ ਅਦਾਲਤ ਦੇ ਉਸ ਫੈਸਲੇ ਨੂੰ ਪ੍ਰਵਾਨ ਕਰ ਲਿਆ ਹੈ ਕਿ ਸਰੀ ਵਿੱਚ ਸਰੀ ਦੀ ਆਪਣੀ ਵੱਖਰੀ ਪੁਲੀਸ ਹੋਵੇਗੀ। ਵਰਨਣ ਯੋਗ ਹੈ ਕਿ ਲਗਭਗ ਇੱਕ ਸਾਲ ਤੋਂ ਇਸ ਮੁੱਦੇ ਉੱਪਰ ਸਰੀ ਦੀ ਮੇਅਰ ਅਤੇ ਸੂਬਾ ਸਰਕਾਰ ਵਿੱਚਾਲੇ ਖਿੱਚੋਤਾਣ ਵਾਲਾ ਮਾਹੌਲ ਬਣਿਆ ਰਿਹਾ ਹੈ। ਸਿਟੀ ਕੌਂਸਲ ਦੀ ਮੀਟਿੰਗ ਵਿੱਚ ਮੇਅਰ ਬ੍ਰੈਂਡਾ ਲੌਕ ਨੇ ਇਹ ਮੰਨ ਲਿਆ ਹੈ ਕਿ ਜਿਸ ਤਰ੍ਹਾਂ ਸੂਬਾ ਸਰਕਾਰ ਵੱਲੋਂ ਸਰੀ ਪੁਲਿਸ ਦੇ ਹੱਕ ਵਿੱਚ ਫ਼ਤਵਾ ਦਿੱਤਾ ਗਿਆ ਸੀ ਤੇ ਬਾਅਦ ਵਿੱਚ ਅਦਾਲਤ ਨੇ ਵੀ ਉਸੇ ਅਨੁਸਾਰ ਫੈਸਲਾ ਸੁਣਾਇਆ ਹੈ ਤਾਂ ਹੁਣ ਸਰੀ ਦੀ ਵੱਖਰੀ ਪੁਲਿਸ ਲਈ ਰਾਹ ਪੱਧਰਾ ਹੋ ਗਿਆ ਹੈ।



## ਹੁਣ ਅਮਰੀਕੀ ਰਾਸ਼ਟਰਪਤੀ ਯੂਕਰੇਨ ਵਾਲਿਆਂ ਤੋਂ ਮਾਫ਼ੀ ਮੰਗੀ ਜਾਂਦੇ



ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ ) ਪਹਿਲੀ ਵਾਰ ਅਮਰੀਕੀ ਰਾਸ਼ਟਰਪਤੀ ਜੋ ਬਾਇਡਨ ਨੇ ਯੂਕਰੇਨ ਦੇ ਰਾਸ਼ਟਰਪਤੀ ਜ਼ੇਲੇਂਸਕੀ ਤੋਂ ਜਨਤਕ ਤੌਰ 'ਤੇ ਮੁਆਫੀ ਮੰਗੀ ਹੈ।ਉਨ੍ਹਾਂ ਨੇ ਫੌਜੀ ਸਹਾਇਤਾ ਵਿੱਚ ਦੇਰੀ ਕਾਰਨ ਇਹ ਮੁਆਫੀ ਮੰਗੀ। ਬਾਇਡਨ ਨੇ ਕਿਹਾ ਕਿ ਇਸ ਕਾਰਨ ਰੂਸ ਯੁੱਧ ਦੇ ਮੈਦਾਨ ਚ ਯੂਕਰੇਨ 'ਤੇ ਹਾਵੀ ਹੋ ਗਿਆ ।ਇੱਕ ਨਿਊਜ਼ ਏਜੰਸੀ ਦੀ ਰਿਪੋਰਟ ਮੁਤਾਬਕ ਅਮਰੀਕਾ ਨੇ ਯੂਕਰੇਨ ਨਾਲ 61 ਬਿਲੀਅਨ ਡਾਲਰ ਦੇ ਮਿਲਟਰੀ ਪੈਕੇਜ ਸਮਝੌਤੇ 'ਤੇ ਦਸਤਖਤ ਕੀਤੇ ਹਨ। ਰਿਪਬਲਿਕਨ ਸੰਸਦ ਮੈਂਬਰਾਂ ਦੇ ਵਿਰੋਧ ਕਾਰਨ ਅਮਰੀਕੀ ਸੰਸਦ ਨੇ ਇਸ ਨੂੰ ਛੇ ਮਹੀਨਿਆਂ ਲਈ ਰੋਕ ਦਿੱਤਾ ਸੀ। ਇਸ ਦੇਰੀ ਬਾਰੇ,ਬਾਇਡਨ ਨੇ ਜ਼ੇਲੇਂਸਕੀ ਨੂੰ ਕਿਹਾ - ਮੈਂ ਹਫ਼ਤਿਆਂ ਦੀ ਦੇਰੀ ਲਈ ਮੁਆਫੀ ਮੰਗਦਾ ਹਾਂ। ਮੈਨੂੰ ਪਤਾ ਨਹੀਂ ਸੀ ਕਿ ਤੁਹਾਨੂੰ ਇਸ ਕਾਰਨ ਕੀ ਨੁਕਸਾਨ ਝੱਲਣਾ ਪਿਆ ਹੈ। ਬਾਇਡਨ ਨੇ ਕਿਹਾ ਕਿ ਅਮਰੀਕੀ ਲੋਕ ਲੰਬੇ ਸਮੇਂ ਤੋਂ ਯੂਕਰੇਨ ਦੇ ਨਾਲ ਖੜ੍ਹੇ ਹਨ। ਮੈਂ ਖੁਦ ਯੂਕਰੇਨ ਦੇ ਨਾਲ ਪੂਰੀ ਤਰ੍ਹਾਂ ਖੜ੍ਹਾ ਹਾਂ। ਇਸ ਦੇ ਨਾਲ ਹੀ ਬਾਇਡਨ ਨੇ ਵੱਖਰੇ ਤੌਰ 'ਤੇ ਯੂਕਰੇਨ ਨੂੰ 225 ਮਿਲੀਅਨ ਡਾਲਰ ਦੇ ਸਹਾਇਤਾ ਪੈਕੇਜ ਦਾ ਐਲਾਨ ਕੀਤਾ ਹੈ।

## ਸਰੀ 'ਚ ਨਹੀਂ ਰੁਕਦੀ ਗੋਲੀਬਾਰੀ

ਸਰੀ (ਪੰਜਾਬੀ ਅਖ਼ਬਾਰ ਬਿਊਰੋ ) ਬ੍ਰਿਟਿਸ਼ ਕੋਲੰਬੀਆ ਦੇ ਸ਼ਹਿਰ ਸਰੀ ਵਿੱਚ ਗੋਲੀਬਾਰੀ ਦਾ ਸਿਲਸਿਲਾ ਜਾਰੀ ਹੈ ਗੋਲੀਬਾਰੀ ਦੀ ਤਾਜ਼ਾ ਵਾਰਦਾਤ 164 ਸਟਰੀਟ ਤੇ 10 ਐਵਨਿਊ ਤੇ ਵਾਪਰੀ। ਸਰੀ ਆਰਸੀਐਮਪੀ ਨੇ ਇਸ ਵਾਰਦਾਤ ਸੰਬੰਧੀ ਜਾਣਕਾਰੀ ਦਿੰਦਿਆਂ ਦੱਸਿਆ ਕਿ ਮੌਕੇ ਤੇ ਪਹੁੰਚੀ ਪੁਲਿਸ ਨੂੰ ਇੱਕ ਵਿਅਕਤੀ ਜ਼ਖਮੀ ਹਾਲਤ ਵਿੱਚ ਮਿਲਿਆ ਜਦੋਂ ਕਿ ਗੋਲੀਬਾਰੀ ਕਰਨ ਵਾਲਾ ਵਿਅਕਤੀ ਆਪਣੇ ਟਰੱਕ ਤੇ ਉਥੋਂ ਫਰਾਰ ਹੋ ਗਿਆ, ਬਾਅਦ ਵਿੱਚ ਇਹ ਵਾਹਨ ਮੈਕਮਿਲਨ ਰੋਡ ਉੱਪਰ ਸੜਦਾ ਹੋਇਆ ਬਰਾਮਦ ਹੋਇਆ। ਪੁਲਿਸ ਨੇ ਮਾਮਲੇ ਦੀ ਜਾਂਚ ਤਾਂ ਆਰੰਭ ਦਿੱਤੀ ਸੀ ਪਰ ਪੀੜਤ ਬਾਰੇ ਜਾਂ ਫਿਰ ਵਾਹਨ ਨੂੰ ਲੱਗੀ ਅੱਗ ਬਾਰੇ ਹੋਰ ਜਿਆਦਾ ਵਿਸਥਾਰ ਵਿੱਚ ਨਹੀਂ ਦੱਸਿਆ ਗਿਆ।

## ਹੁਣ ਲਹਿੰਦੇ ਪੰਜਾਬ ਦੀ ਅਸੈਂਬਲੀ 'ਚ ਵੀ ਪੰਜਾਬੀ ਬੋਲੀ ਜਾਊਗੀ

ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ )ਪਾਕਿਸਤਾਨ ਦੀ ਪੰਜਾਬ ਅਸੈਂਬਲੀ ਦੇ ਮੈਂਬਰ ਹੁਣ ਸਦਨ ਵਿੱਚ ਅੰਗਰੇਜ਼ੀ ਅਤੇ ਉਰਦੂ ਤੋਂ ਇਲਾਵਾ ਪੰਜਾਬੀ ਸਮੇਤ ਘੱਟੋ-ਘੱਟ ਚਾਰ ਸਥਾਨਕ ਭਾਸ਼ਾਵਾਂ ਵਿੱਚ ਬੋਲ ਸਕਣਗੇ। ਇਸ ਸਬੰਧੀ ਸੋਧ ਕੀਤੀ ਗਈ ਹੈ। ਪੰਜਾਬ ਅਸੈਂਬਲੀ ਦੇ ਸਪੀਕਰ ਮਲਿਕ ਮੁਹੰਮਦ ਅਹਿਮਦ ਖ਼ਾਨ ਦੀ ਅਗਵਾਈ ਵਾਲੀ ਸਦਨ ਦੀ ਵਿਸ਼ੇਸ਼ ਕਮੇਟੀ ਨੇ ਉਨ੍ਹਾਂ ਸੋਧਾਂ ਨੂੰ ਮਨਜ਼ੂਰੀ ਦਿੱਤੀ, ਜਿਸ ਨਾਲ ਮੈਂਬਰ ਸਦਨ ਨੂੰ ਅੰਗਰੇਜ਼ੀ ਅਤੇ ਉਰਦੂ ਦੇ ਨਾਲ-ਨਾਲ ਪੰਜਾਬੀ, ਸਰਾਇੱਕੀ, ਪੋਠੋਹਾਰੀ ਅਤੇ ਮੇਵਾਤੀ ਵਿੱਚ ਸੰਬੋਧਨ ਕਰ ਸਕਣਗੇ।ਇਸ ਤੋਂ ਪਹਿਲਾਂ ਅੰਗਰੇਜ਼ੀ ਤੇ ਉਰਦੂ ਤੋਂ ਇਲਾਵਾ ਕਿਸੇ ਹੋਰ ਭਾਸ਼ਾ 'ਚ ਬੋਲਣ ਲਈ ਸਪੀਕਰ ਦੀ ਆਗਿਆ ਲੈਣੀ ਪੈਂਦੀ ਸੀ।

## ਕੈਨੇਡਾ ਤੋਂ ਅਮਰੀਕਾ ਵਿੱਚ ਮਨੁੱਖੀ ਤਸਕਰੀ ਕਰਨ ਵਾਲੇ ਗਿਰੋਹ ਦਾ ਪਰਦਾਫਾਸ਼

ਟੋਰਾਂਟੋ (ਪੰਜਾਬੀ ਅਖ਼ਬਾਰ ਬਿਊਰੋ ) ਓਨਟਾਰੀਓ ਦੇ ਕਾਰਨਵਾਲ ਦੀ ਪੁਲਿਸ ਨੇ ਕੈਨੇਡਾ ਤੋਂ ਅਮਰੀਕਾ ਵਿੱਚ ਮਨੁੱਖੀ ਤਸਕਰੀ ਕਰਨ ਵਾਲੇ ਇੱਕ ਗਿਰੋਹ ਦਾ ਪਰਦਾਫਾਸ਼ ਕੀਤਾ ਹੈ। ਇਸ ਗਰੋਹ ਵੱਲੋਂ ਨਾ ਸਿਰਫ ਕੈਨੇਡਾ ਤੋਂ ਅਮਰੀਕਾ ਨੂੰ ਬਲਕਿ ਅਮਰੀਕਾ ਤੋਂ ਕੈਨੇਡਾ ਵਿੱਚ ਵੀ ਮਨੁੱਖੀ ਤਸਕਰੀ ਕੀਤੀ ਜਾਂਦੀ ਸੀ। ਇਸ ਮਾਮਲੇ ਵਿੱਚ ਚਾਰ ਜਣਿਆਂ ਨੂੰ ਗ੍ਰਿਫ਼ਤਾਰ ਕੀਤਾ ਗਿਆ ਹੈ ਤੇ ਚਾਰ ਹੋਰ ਜਣਿਆਂ ਦੀ ਤਲਾਸ਼ ਜਾਰੀ ਹੈ। ਤੁਹਾਨੂੰ ਯਾਦ ਹੋਵੇਗਾ ਕਿ ਪਿਛਲੇ ਸਾਲ ਮਾਰਚ ਵਿੱਚ ਕੈਨੇਡਾ ਤੋਂ ਅਮਰੀਕਾ ਜਾਣ ਦੀ ਕੋਸ਼ਿਸ਼ ਕਰਦਿਆਂ ਅੱਠ ਜਣਿਆਂ ਦੀ ਡੁੱਬ ਕੇ ਮੌਤ ਹੋ ਗਈ ਸੀ ਜਿਨਾਂ ਵਿੱਚ ਚਾਰ ਭਾਰਤੀ ਸਨ ਤੇ ਚਾਰ ਰੋਮਾਨੀਆਂ ਦੇ ਸਨ। ਇਸ ਗਰੋਹ ਦਾ ਸਬੰਧ ਉਸ ਹਾਦਸੇ ਨਾਲ ਵੀ ਜੋੜਿਆ ਜਾ ਰਿਹਾ ਹੈ। ਗ੍ਰਿਫਤਾਰ ਕੀਤੇ ਗਏ ਲੋਕਾਂ ਉੱਪਰ 80 ਤੋਂ ਵੱਧ ਚਾਰਜਿਜ਼ ਲਗਾਏ ਗਏ ਹਨ

# 'ਜੀਵੇ ਪੰਜਾਬ ਅਦਬੀ ਸੰਗਤ' ਵੱਲੋਂ ਸਰੀ ਵਿਖੇ ਵਿਸ਼ਵ ਪੰਜਾਬੀ ਕਾਨਫ਼ਰੰਸ 2, 3, 4 ਅਗਸਤ 2024 ਨੂੰ ਕਰਵਾਈ ਜਾਵੇਗੀ

### 'ਅਜੋਕੇ ਸਮੇਂ ਵਿੱਚ ਪੰਜਾਬੀ ਕੌਮ ਸਾਹਮਣੇ ਚੁਣੌਤੀਆਂ' ਉੱਪਰ ਹੋਵੇਗੀ ਵਿੱਚਾਰ ਚਰਚਾ

ਸਰੀ,(ਹਰਦਮ ਮਾਨ)'ਜੀਵੇ ਪੰਜਾਬ ਅਦਬੀ ਸੰਗਤ' ਵੱਲੋਂ 2, 3 ਅਤੇ 4 ਅਗਸਤ 2024 ਨੂੰ ਸਰੀ ਵਿਖੇ ਚੌਥੀ ਵਿਸ਼ਵ ਪੰਜਾਬੀ ਕਾਨਫ਼ਰੰਸ ਕਰਵਾਈ ਜਾ ਰਹੀ ਹੈ। ਇਹ ਜਾਣਕਾਰੀ ਦਿੰਦਿਆਂ 'ਜੀਵੇ ਪੰਜਾਬ ਅਦਬੀ ਸੰਗਤ' ਦੇ ਮੁੱਖ ਬੁਲਾਰੇ ਭੁਪਿੰਦਰ ਮੱਲ੍ਹੀ ਨੇ ਇੱਕ ਸਮਾਗਮ ਦੌਰਾਨ ਦੱਸਿਆ ਕਿ ਅੱਜ ਪੰਜਾਬੀ ਦੁਨੀਆਂ ਦੇ ਵੱਖ-ਵੱਖ ਹਿੱਸਿਆਂ ਵਿੱਚ ਵਸ ਚੁੱਕੇ ਹਨ। ਨਵੀਆਂ ਧਰਤੀਆਂ 'ਤੇ ਵਸੇਬਾ ਕਰਨ ਦੇ ਨਾਲ ਉਨ੍ਹਾਂ ਸਾਹਮਣੇ ਕਈ ਤਰ੍ਹਾਂ ਦੀਆਂ ਚੁਣੌਤੀਆਂ ਵੀ ਪੈਦਾ ਹੋ ਰਹੀਆਂ ਹਨ, ਜੋ ਗੰਭੀਰ ਚਿੰਤਾ ਅਤੇ ਵਿੱਚ ਾਰ ਦੀ ਮੰਗ ਕਰਦੀਆਂ ਹਨ। ਪੰਜਾਬੀਆਂ ਨੂੰ ਦਰਪੇਸ਼ ਇਨ੍ਹਾਂ ਮੁੱਦਿਆਂ ਨੂੰ ਧਿਆਨ ਵਿੱਚ ਰੱਖਦੇ ਹੋਏ 'ਜੀਵੇ ਪੰਜਾਬ ਅਦਬੀ ਸੰਗਤ' ਵੱਲੋਂ ਵੱਖ ਵੱਖ ਜਥੇਬੰਦੀਆਂ ਦੇ ਸਹਿਯੋਗ ਨਾਲ ਚੌਥੀ ਵਿਸ਼ਵ ਪੰਜਾਬੀ




ਕਾਨਫ਼ਰੰਸ ਕਰਵਾਉਣ ਦਾ ਫੈਸਲਾ ਕੀਤਾ ਗਿਆ ਹੈ।

ਸ। ਮੱਲ੍ਹੀ ਨੇ ਦੱਸਿਆ ਕਿ ਇਸ ਕਾਨਫਰੰਸ ਵਿੱਚ 'ਅਜੋਕੇ ਸਮੇਂ ਵਿੱਚ ਪੰਜਾਬੀ ਕੌਮ ਸਾਹਮਣੇ ਚੁਣੌਤੀਆਂ' ਉੱਪਰ ਗੱਲਬਾਤ ਹੋਵੇਗੀ। ਇਸ ਵਿੱਚ ਸ਼ਾਮਲ ਹੋਣ ਵਾਸਤੇ ਵਿਸ਼ਵ ਭਰ ਵਿੱਚ ਵਿਦਵਾਨਾਂ ਨੂੰ ਸੱਦਾ ਪੱਤਰ ਭੇਜਿਆ ਗਿਆ ਹੈ। ਵਿਦਵਾਨ ਆਪਣੇ ਖੇਤਰ ਨਾਲ ਸਬੰਧਿਤ ਵਿਸ਼ਿਆਂ ਉੱਪਰ ਖ਼ੋਜ ਪੱਤਰ ਪੜ੍ਹਨਗੇ ਅਤੇ ਉਨ੍ਹਾਂ 'ਤੇ ਵਿੱਚ ਾਰ ਚਰਚਾ ਕੀਤੀ ਜਾਵੇਗੀ।

ਉਨ੍ਹਾਂ ਕਿਹਾ ਕਿ ਪਿਛਲੇ ਸਮੇਂ ਵਿੱਚ ਇਸ ਸੰਸਥਾ ਵੱਲੋਂ ਤਿੰਨ ਵਿਸ਼ਵ ਪੰਜਾਬੀ ਕਾਨਫ਼ਰੰਸਾਂ ਸਫਲਤਾ ਪੂਰਵਕ ਕਰਵਾਉਣ ਦਾ ਮਾਣ ਹਾਸਲ ਹੈ, ਜਿਹਨਾਂ ਵਿੱਚੋਂ ਦੋ ਕਾਨਫ਼ਰੰਸਾਂ ਯੂਨੀਵਰਸਿਟੀ ਆਫ ਨਾਰਦਰਨ ਬ੍ਰਿਟਿਸ਼ ਕੋਲੰਬੀਆ (ਕੈਨੇਡਾ), ਪ੍ਰਿੰਸ ਜਾਰਜ (ਕੈਨੇਡਾ) ਵਿੱਚ ਅਤੇ ਤੀਜੀ ਕਾਨਫ਼ਰੰਸ ਦੇਸ਼ ਭਗਤ ਯਾਦਗਾਰ ਹਾਲ ਜਲੰਧਰ (ਪੰਜਾਬ) ਵਿੱਚ ਕਰਵਾਈ ਗਈ ਸੀ। ਇਨ੍ਹਾਂ ਕਾਨਫਰੰਸਾਂ ਲਈ ਪੰਜਾਬੀਆਂ ਦਾ ਵਿਸ਼ੇਸ਼ ਸਹਿਯੋਗ ਰਿਹਾ ਸੀ। ਕਾਨਫ਼ਰੰਸ ਦੀ ਕਾਮਯਾਬੀ ਲਈ ਸਮੂਹ ਪੰਜਾਬੀ ਪਿਆਰਿਆਂ ਨੂੰ ਸੱਦਾ ਦਿੰਦਿਆਂ ਉਨ੍ਹਾਂ ਉਮੀਦ ਜ਼ਾਹਰ ਕੀਤੀ ਕਿ ਇਹ ਉੱਦਮ, ਪੰਜਾਬੀ ਕੌਮ ਦੇ ਉੱਜਲੇ ਭਵਿੱਖ ਲਈ ਖਾਕਾ ਤਿਆਰ ਕਰਨ ਵਿੱਚ ਸਹਾਈ ਹੋਵੇਗਾ। ਇਸ ਮੌਕੇ ਨਵਰੂਪ ਸਿੰਘ, ਡਾ: ਸਈਅਦ ਫ਼ਰੀਦ, ਰਾਜਵੰਤ ਰਾਜ, ਗੀਤਕਾਰ ਰਾਜ ਕਾਕੜਾ, ਮਨਦੀਪ ਸਿੰਘ, ਹਰਦਮ ਮਾਨ, ਚਰਨਜੀਤ ਸੈਣੀ, ਪਿਆਰਾ ਸਿੰਘ ਨੱਤ, ਪਰਮਜੀਤ ਜਵੰਦਾ ਮੌਜੂਦ ਸਨ।















# ਕੈਨੇਡਾ ਦੀ ਖ਼ੁਫੀਆ ਏਜੰਸੀ ਦੇ ਮੁਖ਼ੀ ਨੇ ਦੋ ਵਾਰ ਕੀਤਾ ਭਾਰਤ ਦਾ ਗੁਪਤ ਦੌਰਾ

ਐਡਮਿੰਟਨ (ਪੰਜਾਬੀ ਅਖ਼ਬਾਰ ਬਿਊਰੋ)- ਕੈਨੇਡਾ ਦੀ ਖੁਫੀਆ ਏਜੰਸੀ CSIS ਦੇ ਮੁਖੀ ਡੇਵਿਡ ਵਿਗਨੌਲਟ ਨੇ ਹਰਦੀਪ ਸਿੰਘ ਨਿੱਝਰ ਦੀ ਹੱਤਿਆ ਨਾਲ ਸਬੰਧਤ ਮਾਮਲੇ ਦੀ ਜਾਣਕਾਰੀ ਭਾਰਤੀ ਅਧਿਕਾਰੀਆਂ ਨੂੰ ਦੇਣ ਲਈ ਫਰਵਰੀ ਅਤੇ ਮਾਰਚ 'ਚ ਦੋ ਵਾਰ ਭਾਰਤ ਦਾ ਦੌਰਾ ਕੀਤਾ ਸੀ। ਘਟਨਾਕ੍ਰਮ ਤੋਂ ਜਾਣੂ ਲੋਕਾਂ ਨੇ ਇਹ ਜਾਣਕਾਰੀ ਦਿੱਤੀ। ਅਜਿਹਾ ਮੰਨਿਆ ਜਾ ਰਿਹਾ ਹੈ ਕਿ ਕੈਨੇਡਿਆਈ ਸੁਰੱਖਿਆ ਖੁਫੀਆ ਸੇਵਾ (ਸੀਐੱਸਆਈਐੱਸ) ਦੇ ਨਿਰਦੇਸ਼ਕ ਵਿਗਨੌਲਟ ਨੇ ਹੱਤਿਆ ਦੇ ਸਬੰਧ ਵਿੱਚ –ਟਾਵਾ ਦੀ ਜਾਂਚ ਦੌਰਾਨ ਸਾਹਮਣੇ ਆਈ ਜਾਣਕਾਰੀ ਸਾਂਝੀ ਕੀਤੀ ਹੈ। ਪਿਛਲੇ ਸਾਲ ਸਤੰਬਰ 'ਚ ਕੈਨੇਡਾ ਦੇ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਵੱਲੋਂ ਨਿੱਝਰ ਦੀ ਹੱਤਿਆ 'ਚ ਭਾਰਤੀ ਏਜੰਟਾਂ ਦੀ ਸੰਭਾਵੀ ਸ਼ਮੂਲੀਅਤ ਦੇ ਦੋਸ਼ ਲਾਏ ਜਾਣ ਮਗਰੋਂ ਭਾਰਤ ਤੇ ਕੈਨੇਡਾ ਵਿੱਚਾਲੇ ਸਬੰਧਾਂ 'ਚ ਤਣਾਅ ਆ ਗਿਆ ਸੀ। ਨਵੀਂ ਦਿੱਲੀ ਨੇ ਟਰੂਡੋ ਦੇ ਦੋਸ਼ਾਂ ਨੂੰ ਬੇਬੁਨਿਆਦ ਦਸਦਿਆਂ ਖਾਰਜ ਕਰ ਦਿੱਤਾ ਸੀ। ਵਿਗਨੌਲਟ ਦੀ ਅਣਐਲਾਨੀ ਭਾਰਤ ਯਾਤਰਾ ਕੈਨੇਡਾ ਵੱਲੋਂ ਤਿੰਨ ਭਾਰਤੀ ਨਾਗਰਿਕਾਂ ਕਰਨਪ੍ਰੀਤ ਸਿੰਘ (28), ਕਮਲਪ੍ਰੀਤ ਸਿੰਘ (22) ਅਤੇ ਕਰਨ ਬਰਾੜ (22) ਨੂੰ ਨਿੱਝਰ ਦੀ ਹੱਤਿਆ 'ਚ ਕਥਿਤ ਸ਼ਮੂਲੀਅਤ ਦੇ ਦੋਸ਼ ਹੇਠ ਗ੍ਰਿਫ਼ਤਾਰ ਕੀਤੇ ਜਾਣ ਤੋਂ ਕੁੱਝ ਹਫ਼ਤੇ ਪਹਿਲਾਂ ਹੋਈ ਸੀ। ਕੈਨੇਡਾ ਸਰਕਾਰ ਦੇ ਇੱਕ ਅਧਿਕਾਰੀ ਨੇ ਕਿਹਾ, 'ਅਸੀਂ ਪੁਸ਼ਟੀ ਕਰ ਸਕਦੇ ਹਾਂ ਕਿ ਸੀਐੱਸਆਈਐੱਸ ਦੇ ਡਾਇਰੈਕਟਰ ਡੇਵਿਡ ਵਿਗਨੌਲਟ ਨੇ ਭਾਰਤ ਦਾ ਦੌਰਾ ਕੀਤਾ ਪਰ ਅਸੀਂ ਬੰਦ ਕਮਰਾ ਮੀਟਿੰਗਾਂ ਬਾਰੇ ਕੋਈ ਟਿੱਪਣੀ ਨਹੀਂ ਕਰਦੇ।'

# ਬੀਸੀ ਵਾਲੇ ਸੂਬਾ ਛੱਡਣ ਦੀਆਂ ਵਿੱਚਾਰਾਂ ਕਰ ਰਹੇ ਹਨ

ਵੈਨਕੂਵਰ (ਪੰਜਾਬੀ ਅਖ਼ਬਾਰ ਬਿਊਰੋ ) ਮਹਿੰਗੇ ਘਰਾਂ ਅਤੇ ਜਿੰਦਗੀ ਜੀਣ ਲਈ ਲੋੜੀਂਦੀਆਂ ਚੀਜ਼ਾਂ ਵੀ ਅੱਤ ਮਹਿੰਗੀਆਂ ਹੋਣ ਕਾਰਨ ਬ੍ਰਿਟਿਸ਼ ਕਲੰਬੀਆ ਸੂਬੇ ਵਿੱਚ ਰਹਿੰਦੇ ਹਰੇਕ ਤਿੰਨ ਜਣਿਆਂ ਚੋਂ ਇੱਕ ਜਣਾ ਸੂਬਾ ਛੱਡਣ ਬਾਰੇ ਵਿੱਚਾਰ ਕਰ ਰਿਹਾ ਹੈ। ਇਹ ਖ਼ੁਲਾਸਾ ਐਂਗਸ ਰੀਡ ਵੱਲੋਂ ਕਰਵਾਏ ਗਏ ਤਾਜ਼ਾ ਸਰਵੇਖਣ ਵਿੱਚ ਸਾਹਮਣੇ ਆਇਆ ਹੈ। ਇਸ ਸਰਵੇਖਣ ਵਿੱਚ ਹਿੱਸਾ ਲੈਣ ਵਾਲੇ 36 ਫ਼ੀਸਦੀ ਲੋਕਾਂ ਨੇ ਆਖਿਆ ਕਿ ਉਹ ਬੜੀ ਗੰਭੀਰਤਾ ਨਾਲ ਬ੍ਰਿਟਿਸ਼ ਕੋਲੰਬੀਆ ਸੂਬੇ ਨੂੰ ਛੱਡ ਕੇ ਜਾਣਾ ਚਾਹੁੰਦੇ ਹਨ ਕਿਉਂਕਿ ਇੱਥੇ ਰਹਿਣਾ ਬਹੁਤ ਮਹਿੰਗਾ ਹੋ ਗਿਆ ਹੈ। ਇਸ ਸਰਵੇਖਣ ਵਿੱਚ ਲਗਭਗ 1200 ਲੋਕਾਂ ਨੇ ਸ਼ਿਰਕਤ ਕੀਤੀ ਅਤੇ ਇਹ ਸਰਵੇਖਣ 24 ਤੋਂ 30 ਮਈ ਵਿੱਚਾਲੇ ਕਰਵਾਇਆ ਗਿਆ ਸਭ ਤੋਂ ਵੱਧ ਫਰੇਜ਼ਰ ਵੈਲੀ ਖਿੱਤੇ ਵਿੱਚ ਰਹਿੰਦੇ ਲੋਕਾਂ ਨੇ ਸੂਬਾ ਛੱਡਣ ਬਾਰੇ ਭਾਵਨਾ ਪ੍ਰਗਟ ਕੀਤੀ ਹੈ। ਫਰੇਜ਼ਰ ਵੈਲੀ ਵਿੱਚ ਰਹਿੰਦੇ 42 ਫ਼ੀਸਦੀ ਲੋਕਾਂ ਨੇ ਆਖਿਆ ਕਿ ਉਹ ਸੂਬਾ ਛੱਡ ਕੇ ਹੋਰਨਾਂ ਖ਼ੇਤਰਾਂ ਵਿੱਚ ਜਾਣਾ ਚਾਹੁੰਦੇ ਹਨ ਜਦੋਂ ਕਿ ਵੈਨਕੂਵਰ ਆਈਲੈਂਡ ਖ਼ੇਤਰ ਦੇ 22 ਫ਼ੀਸਦੀ ਲੋਕ ਸੂਬਾ ਛੱਡਣਾ ਚਾਹੁੰਦੇ ਹਨ। ਐਂਗਸ ਰੀਡ ਵੱਲੋਂ ਦੱਸਿਆ ਗਿਆ ਕਿ ਸਰਵੇਖਣ ਵਿੱਚ ਹਿੱਸਾ ਲੈਣ ਵਾਲੇ 66 ਫ਼ੀਸਦੀ ਲੋਕਾਂ ਨੇ ਆਖਿਆ ਕਿ ਅਫੋਰਡੇਬਲ ਹਾਊਸਿੰਗ ਅਤੇ ਹੈਲਥ ਕੇਅਰ ਦੇ ਨਾਲ ਨਾਲ ਮਹਿੰਗਾਈ ਬ੍ਰਿਟਿਸ਼ ਕੋਲੰਬੀਆ ਵਿੱਚ ਇੱਕ ਵੱਡਾ ਮੁੱਦਾ ਹੈ।

# ਵਾਲੀਬਾਲ ਦੇ ਸਾਈਜ਼ ਦਾ ਪੱਥਰ ਕਾਰ 'ਚ ਵੱਜਾ – ਮਹਿਲਾ ਦੀ ਮੌਤ

ਵੈਨਕੂਵਰ (ਪੰਜਾਬੀ ਅਖ਼ਬਾਰ ਬਿਊਰੋ ) ਬ੍ਰਿਟਿਸ਼ ਕੋਲੰਬੀਆ ਦੇ ਬਰਨਬੀ ਵਿੱਚ ਹਾਈਵੇ ਵਨ ਉੱਪਰ ਇੱਕ ਮਹਿਲਾ ਦੀ ਕਾਰ ਵਿੱਚ ਵਾਲੀਬਾਲ ਦੇ ਸਾਈਜ਼ ਦਾ ਇੱਕ ਪੱਥਰ ਆ ਕੇ ਵਿੰਡ ਸਕਰੀਨ ਨੂੰ ਤੋੜਦਾ ਹੋਇਆ ਮਹਿਲਾ ਨੂੰ ਜਾ ਵੱਜਿਆ ਸੀ ਜਿਸ ਵਿੱਚ ਇਹ ਮਹਿਲਾ ਬੁਰੀ ਤਰ੍ਹਾਂ ਜ਼ਖਮੀ ਹੋ ਗਈ ਸੀ ਹੁਣ ਪੁਲਿਸ ਵੱਲੋਂ ਜਾਣਕਾਰੀ ਦਿੱਤੀ ਗਈ ਹੈ ਕਿ ਇਸ ਮਹਿਲਾ ਦੀ ਜ਼ਖਮਾਂ ਦੀ ਤਾਬ ਨਾ ਸਹਾਰਦਿਆਂ ਹੋਇਆਂ ਮੌਤ ਹੋ ਗਈ ਹੈ ਹੈ। ਬੀਸੀ ਹਾਈਵੇ ਪੈਟਰੋਲ ਨੇ ਦੱਸਿਆ ਹੈ ਕਿ ਮਾਰੀ ਗਈ ਮਹਿਲਾ ਦੀ ਉਮਰ 34 ਸਾਲ ਹੈ। ਵਰਨਨ ਯੋਗ ਹੈ ਕਿ ਇਹ ਹਾਦਸਾ 6 ਜੂਨ ਨੂੰ ਬਰਨਬੀ ਦੇ ਬਲਿੰਗਡਨ ਦੇ ਨੇੜੇ ਹਾਈਵੇ ਵਨ ਉੱਪਰ ਵਾਪਰਿਆ ਸੀ ਅਧਿਕਾਰੀਆਂ ਨੇ ਦੱਸਿਆ ਕਿ ਹਾਦਸੇ ਦੇ ਕਾਰਨਾਂ ਦੀ ਜਾਂਚ ਲਗਾਤਾਰ ਚੱਲ ਰਹੀ ਹੈ ਅਤੇ ਹਾਦਸਿਆਂ ਦੀ ਜਾਂਚ ਕਰਨ ਵਾਲੇ ਮਾਹਰ ਅਜੇ ਵੀ ਇਹ ਪਤਾ ਲਗਾਉਣ ਦੀ ਕੋਸ਼ਿਸ਼ ਕਰ ਰਹੇ ਹਨ ਕਿ ਅਸਲ ਵਿੱਚ ਇਹ ਸਭ ਕੁਝ ਕਿੰਦਾਂ ਵਾਪਰਿਆ ਆਰਸੀਐਮਪੀ ਦਾ ਮੰਨਣਾ ਹੈ ਕਿ ਇਹ ਪੱਥਰ ਉਥੋਂ ਲੰਘ ਰਹੇ ਕਿਸੇ ਵਾਹਨ ਵਿੱਚੋਂ ਡਿੱਗਾ ਹੋ ਸਕਦਾ ਹੈ ਤੇ ਜੇਕਰ ਇਸ ਹਾਦਸੇ ਵਿੱਚ ਕਿਸੇ ਮਨੁੱਖ ਦੀ ਗ਼ਲਤੀ ਫੜੀ ਗਈ ਤਾਂ ਇਸ ਮਾਮਲੇ ਨੂੰ ਅਪਰਾਧਕ ਮਾਮਲੇ ਵਿੱਚ ਤਬਦੀਲ ਕਰ ਦਿੱਤਾ ਜਾਵੇਗਾ।

# ਟਰੰਪ ਕਹਿੰਦਾ,ਮੇਰੀ ਆਪਣੀ ਵਹੁਟੀ ਨਾਲ ਮੇਰੀ ਘੱਟ ਈ ਬਣਦੀ ਐ

ਵਿਨੀਪੈੱਗ ( ਪੰਜਾਬੀ ਅਖ਼ਬਾਰ ਬਿਊਰੋ ) ਅਮਰੀਕਾ ਦੇ ਸਾਬਕਾ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਪਹਿਲੀ ਵਾਰ ਮੰਨਿਆ ਹੈ ਕਿ ਉਨ੍ਹਾਂ ਅਤੇ ਉਨ੍ਹਾਂ ਦੀ ਪਤਨੀ ਮੇਲਾਨੀਆ ਵਿੱਚਾਲੇ ਸਭ ਕੁਝ ਠੀਕ ਨਹੀਂ ਚੱਲ ਰਿਹਾ ਹੈ। ਇੱਕ ਸਮਾਗਮ 'ਚ ਟਰੰਪ ਨੇ ਕਿਹਾ ਕਿ ਹੁਣ ਉਹ ਮੇਲਾਨੀਆ ਨਾਲ 'ਬਹੁਤ ਘੱਟ' ਗੱਲ ਕਰਦੇ ਹਨ। ਦਰਅਸਲ, ਲੰਬੇ ਸਮੇਂ ਤੋਂ ਇਹ ਅਟਕਲਾਂ ਲਗਾਈਆਂ ਜਾ ਰਹੀਆਂ ਸਨ ਕਿ ਟਰੰਪ ਅਤੇ ਮੇਲਾਨੀਆ ਦੇ ਰਿਸ਼ਤੇ ਤਣਾਅਪੂਰਨ ਹਨ ਅਤੇ ਉਨ੍ਹਾਂ ਵਿੱਚਕਾਰ ਕੋਈ ਸੰਚਾਰ ਨਹੀਂ ਹੈ। ਮੇਲਾਨੀਆ ਟਰੰਪ ਦੇ ਹਾਸ਼ਮਾਨੀ ਮਾਮਲੇ 'ਚ ਚੁੱਪ ਰਹੀ। ਜਦੋਂ ਉਸ ਨੂੰ ਮੈਨਹਟਨ ਵਿੱਚ ਦੋਸ਼ੀ ਠਹਿਰਾਇਆ ਗਿਆ ਸੀ ਤਾਂ ਮੇਲਾਨੀਆ ਉੱਥੇ ਵੀ ਨਹੀਂ ਗਈ ਸੀ। ਇੱਥੋਂ ਤੱਕ ਕਿ ਬਾਅਦ ਵਿੱਚ ਮੇਲਾਨੀਆ ਨੇ ਅਦਾਲਤ ਦੇ ਫੈਸਲੇ 'ਤੇ ਕੋਈ ਟਿੱਪਣੀ ਵੀ ਨਹੀਂ ਕੀਤੀ।

# ਕੁਵੈਤ ਵਿੱਚ ਅੱਗ ਲੱਗਣ ਕਾਰਨ 42 ਭਾਰਤੀਆਂ ਸਣੇ 49 ਵਿਅਕਤੀਆਂ ਦੀ ਮੌਤ




ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ ) ਕੁਵੈਤ ਵਿੱਚ 6 ਮੰਜ਼ਿਲਾ ਇਮਾਰਤ ਨੂੰ ਭਿਆਨਕ ਅੱਗ ਲੱਗਣ ਕਾਰਨ 42 ਭਾਰਤੀਆਂ ਸਣੇ 49 ਵਿਅਕਤੀਆਂ ਦੀ ਮੌਤ ਹੋ ਗਈ ਜਦੋਂਕਿ 50 ਤੋਂ ਵੱਧ ਵਿਅਕਤੀ ਜ਼ਖ਼ਮੀ ਦੱਸੇ ਜਾਂਦੇ ਹਨ। ਬਹੁਤੀਆਂ ਮੌਤਾਂ ਧੂੰਏ ਕਰਕੇ ਦਮ ਘੁੱਟਣ ਨਾਲ ਹੋਈਆਂ। ਮਰਨ ਵਾਲੇ ਹੋਰ ਵਿਅਕਤੀ ਪਾਕਿਸਤਾਨ, ਫਿਲੀਪੀਨਜ਼, ਮਿਸਰ ਤੇ ਨੇਪਾਲ ਦੇ ਨਾਗਰਿਕ ਦੱਸੇ ਜਾਂਦੇ ਹਨ। ਇਮਾਰਤ ਵਿੱਚ ਜਦੋਂ ਅੱਗ ਲੱਗੀ ਉਦੋਂ ਇਸ ਵਿੱਚ ਮੌਜੂਦ ਜ਼ਿਆਦਾਤਰ ਵਿਅਕਤੀ ਸੌਂ ਰਹੇ ਸਨ। ਅਧਿਕਾਰੀਆਂ ਨੇ ਦੱਸਿਆ ਕਿ ਕੁਵੈਤ ਦੇ ਦੱਖਣੀ ਅਹਿਮਦੀ ਗਵਰਨੋਰੇਟ ਦੇ ਮੰਗਾਫ ਖੇਤਰ ਵਿੱਚ ਛੇ ਮੰਜ਼ਿਲਾ ਇਮਾਰਤ ਦੀ ਰਸੋਈ ਵਿੱਚ ਅੱਗ ਲੱਗ ਗਈ। ਇਸ ਤੋਂ ਬਾਅਦ ਇਹ ਫ਼ੈਲ ਗਈ। ਇਮਾਰਤ ਵਿੱਚ ਲਗਪਗ 160 ਲੋਕ ਰਹਿੰਦੇ ਸਨ, ਜੋ ਇੱਕੋ ਕੰਪਨੀ ਦੇ ਕਰਮਚਾਰੀ ਹਨ । ਇਨ੍ਹਾਂ ਵਿੱਚ ਬਹੁਤ ਸਾਰੇ ਕਰਮਚਾਰੀ ਭਾਰਤੀ ਹਨ। ਅੱਗ ਲੱਗਣ ਦੇ ਕਾਰਨਾਂ ਦੀ ਜਾਂਚ ਕੀਤੀ ਜਾ ਰਹੀ ਹੈ। ਸੂਤਰਾਂ ਨੇ ਦੱਸਿਆ ਕਿ ਰਾਹਤ ਕਾਰਜਾਂ ਦੌਰਾਨ ਅੱਗ ਬੁਝਾਊ ਦਸਤੇ ਦੇ ਪੰਜ ਮੈਂਬਰ ਵੀ ਜ਼ਖਮੀ ਹੋ ਗਏ। ਇਸ ਦੌਰਾਨ ਭਾਰਤ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀਆਂ ਹਦਾਇਤਾਂ 'ਤੇ ਵਿਦੇਸ਼ ਰਾਜ ਮੰਤਰੀ ਕੀਰਤੀ ਵਰਧਨ ਸਿੰਘ ਵੀ ਕੁਵੈਤ ਪਹੁੰਚੇ ਜੋ ਜ਼ਖਮੀ ਭਾਰਤੀਆਂ ਦੇ ਇਲਾਜ ਵਿੱਚ ਸਹਾਇਤਾ ਦੇ ਨਾਲ ਨਾਲ ਮਾਰੇ ਗਏ ਭਾਰਤੀਆਂ ਦੀ ਮ੍ਰਿਤਕ ਦੇਹਾਂ ਵਾਪਸ ਲਿਆਉਣ ਲਈ ਕੰਮ ਕਰ ਰਹੇ ਸਨ ।ਇਸ ਦੌਰਾਨ ਭਾਰਤ ਦੇ ਵਿਦੇਸ਼ ਮੰਤਰੀ ਐੱਸ। ਜੈਸ਼ੰਕਰ ਨੇ ਵੀ ਘਟਨਾ 'ਤੇ ਦੁੱਖ ਜ਼ਾਹਰ ਕੀਤਾ ਹੈ।

AERO SIGN & PRINT INC.
RELIABLE AND AFFORDABLE
www.aerosign.ca
WHOLESALE CHANNEL LETTERS, LAWN SIGNS & PRINTING
403.764.7000
Email: sales@aerosign.ca 4852 50 Ave NE , Calgary, AB T3J 4L8

## ਸ਼੍ਰੋਮਣੀ ਅਕਾਲੀ ਦਲ 'ਚ ਛਿੜੀ ਚਰਚਾ

# ਸੁਖਬੀਰ ਬਾਦਲ ਦੇ ਹੱਥ ਹੀ ਰਹੇਗੀ ਪਾਰਟੀ ਦੀ ਕਮਾਨ !

ਲੁਧਿਆਣਾ (ਪੰਜਾਬੀ ਅਖ਼ਬਾਰ ਬਿਊਰੋ)- ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਦੀ ਪ੍ਰਧਾਨਗੀ ਦੇ ਕਾਰਜ ਕਾਲ ਦੇ ਚੱਲਦਿਆਂ 2017 ਤੋਂ ਲੈ ਕੇ 2024 ਤਕ 6 ਚੋਣਾਂ 'ਚ ਸ਼੍ਰੋਮਣੀ ਅਕਾਲੀ ਦਲ ਬੁਰੀ ਤਰ੍ਹਾਂ ਹਾਰ ਦਾ ਮੂੰਹ ਦੇਖ ਕੇ ਦਿਨੋ-ਦਿਨ ਪਿੱਛੜਦਾ ਜਾ ਰਿਹਾ ਹੈ। ਪਰ ਅਕਾਲੀ ਦਲ ਵਿੱਚ ਇਸ ਗੱਲ ਦਾ ਰੌਲਾ ਪੈ ਰਿਹਾ ਹੈ ਕਿ ਸ਼੍ਰੋਮਣੀ ਅਕਾਲੀ ਦਲ ਦੀ ਲੀਡਰਸ਼ਿਪ ਵਿੱਚ ਤਦਬੀਲੀ ਕੀਤੀ ਜਾਵੇ ਅਤੇ ਪਾਰਟੀ ਪ੍ਰਧਾਨ ਕੋਈ ਕਮੇਟੀ ਬਣਾ ਕੇ ਜਾਂ ਕਿਸੇ ਆਪਣੇ ਨੇੜੇ ਦੇ ਅਕਾਲੀ ਆਗੂ ਨੂੰ ਪ੍ਰਧਾਨਗੀ ਦੇ ਕੇ ਲਾਂਭੇ ਹੋਣ ਜਾਣ ਤਾਂ ਜੋ ਸ਼੍ਰੋਮਣੀ ਅਕਾਲੀ ਦਲ ਦਾ ਡਿੱਗਿਆ ਹੋਇਆ ਗ੍ਰਾਫ਼ ਮੁੜ ਉਪਰ ਉਠ ਸਕੇ।

ਇਸ ਸਬੰਧੀ ਭਾਂਵੇ ਲੰਘੇ ਦਿਨੀਂ ਕੋਰ ਕਮੇਟੀ 'ਚ ਵੀ ਮੁੱਦਾ ਕਾਫ਼ੀ ਜੋਰ-ਸ਼ੋਰ ਨਾਲ ਉਠਿਆ ਅਤੇ ਲੋਕ ਸਭਾ ਚੋਣਾਂ 'ਚ 10 ਥਾਵਾਂ 'ਤੇ ਜ਼ਮਾਨਤ ਜ਼ਬਤ ਹੋਣ ਅਤੇ ਵੋਟ



ਸ਼ੇਅਰ ਘੱਟਣ ਅਤੇ ਹੋਰ ਮਾਮਲੇ ਵੱਡੇ ਪੱਧਰ 'ਤੇ ਚੁੱਕਣ ਦੀਆਂ ਖ਼ਬਰਾਂ ਬਾਹਰ ਆਈਆਂ ਹਨ। ਪਰ ਹੁਣ ਭਰੋਸੇਯੋਗ ਸੂਤਰਾਂ ਨੇ ਇੱਥੇ ਵੱਡਾ ਇਸ਼ਾਰਾ ਕੀਤਾ ਹੈ ਕਿ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਅਕਾਲੀ ਦਲ ਨੂੰ ਮੁੜ ਲੀਹਾਂ 'ਤੇ ਲਿਆਉਣ ਲਈ ਵਿਦਵਾਨਾਂ ਅਤੇ ਆਲੋਚਕਾਂ ਨਾਲ ਗੱਲਬਾਤ ਕਰਨਗੇ ਅਤੇ ਉਨ੍ਹਾਂ ਦੀ ਸਲਾਹ ਲੈਣਗੇ।

ਉਹ ਆਪਣੇ ਅਹੁਦੇ ਤੋਂ ਨਾ ਤਾਂ ਅਸਤੀਫ਼ਾ ਦੇਣਗੇ ਅਤੇ ਨਾ ਹੀ ਕੋਈ ਕਮੇਟੀ ਬਣਾਉਣਗੇ ਕਿਉਂਕਿ ਉਨ੍ਹਾਂ ਦੇ ਨਜ਼ਦੀਕੀਆਂ ਦਾ ਆਪਣੇ ਪ੍ਰਧਾਨ ਨੂੰ ਤਰਕ ਹੈ ਕਿ ਭਾਜਪਾ ਬੁਰੀ ਤਰਾਂ ਹਾਰ ਗਈ ਤੇ ਜਾਖੜ ਤੋਂ ਅਸਤੀਫ਼ਾ ਨਹੀਂ ਮੰਗਿਆ ਗਿਆ। ਆਮ ਆਦਮੀ ਪਾਰਟੀ 13 ਸੀਟਾਂ ਦਾ ਦਾਅਵਾ ਕਰਦੀ ਸੀ 3 'ਤੇ ਰਹਿ ਗਈ। ਉਸ ਤੋਂ ਅਸਤੀਫ਼ਾ ਨਹੀਂ ਮੰਗਿਆ ਜਾ ਰਿਹਾ। ਫ਼ਿਰ ਤੁਹਾਡੇ ਤੋਂ ਅਸਤੀਫ਼ਾ ਕਿਉਂ ? ਇਸ ਲਈ ਸੂਤਰਾਂ ਨੇ ਦੱਸਿਆ ਕਿ ਬਾਦਲ ਹੁਣ ਅੱਗੇ ਆਉਂਦੀਆਂ ਜ਼ਿਮਨੀ ਚੋਣਾਂ ਦੀ ਤਿਆਰੀ 'ਚ ਜੁਟ ਗਏ ਹਨ ਕੋਈ ਕੁੱਝ ਆਖੀ ਜਾਵੇ ਉਹ ਆਪਣੇ ਅਹੁਦੇ 'ਤੇ ਟਿਕੇ ਰਹਿਣਗੇ ਕਿਉਂਕਿ ਉਨਾਂ ਦੀ ਬਿਨਾਂ ਸਰਕਾਰ ਤੋਂ ਸਰਕਾਰੀ ਖੇਤਰ 'ਚ ਅਤੇ ਦਿੱਲੀ 'ਚ ਵੀ ਪਕੜ ਕਿਸੇ ਤੋਂ ਲੁਕੀ ਨਹੀਂ ਹੈ।

Sidhu Accounting & Financial Services
Accounting Services
Personal Tax Returns
• Corporate Tax Returns
• Computerized Bookkeeping
• T4's
• Record of Employment
Financial Services
• RRSP
• Life Insurance
Term Life
Universal Life
• Critical Illness Insurance
• Segregated Funds
IQBAL SIDHU
(403) 568-2667
ਛੋਟੇ ਵੱਡੇ ਕਿਸੇ ਵੀ ਤਰ੍ਹਾਂ ਦੇ ਬਿਜ਼ਨਸ ਲਈ ਅਕਾਊਂਟਿੰਗ ਦੀ ਹਰ ਤਰ੍ਹਾਂ ਦੀ ਸੇਵਾਵਾਂ ਲਈ ਇਕਬਾਲ ਸਿੱਧੂ ਨੂੰ ਕਾਲ ਕਰੋ।
#202, 4656 Weswinds Drive NE. Calgary AB T3J 3Z5

# ਪਾਕਿਸਤਾਨੀ ਮੰਤਰੀ ਦਾ ਕਹਿਣਾ ਹੈ ਕਿ ਅਸੀਂ ਤਾਂ ਮੋਦੀ ਨੂੰ ਵਧਾਈ ਮਜਬੂਰੀ 'ਚ ਦਿੱਤੀ ਸੀ

ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ ) ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੇ ਲਗਾਤਾਰ ਤੀਜੀ ਵਾਰ ਭਾਰਤ ਦੀ ਵਾਗਡੋਰ ਸੰਭਾਲਣ 'ਤੇ ਦੁਨੀਆਂ ਦੇ ਹੋਰਨਾਂ ਆਗੂਆਂ ਵਾਂਗ ਪਾਕਿਸਤਾਨ ਦੇ ਪ੍ਰਧਾਨ ਮੰਤਰੀ ਸ਼ਾਹਬਾਜ਼ ਸ਼ਰੀਫ਼ ਨੇ ਵੀ ਉਨ੍ਹਾਂ ਨੂੰ ਵਧਾਈ ਦਿੱਤੀ ਸੀ। ਹੁਣ ਇਸ ਮਾਮਲੇ 'ਚ ਪਾਕਿਸਤਾਨ ਦਾ ਨਵਾਂ ਬਿਆਨ ਸਾਹਮਣੇ ਆਇਆ ਹੈ। ਮੀਡੀਆ ਰਿਪੋਰਟਾਂ ਅਨੁਸਾਰ ਇੱਕ ਪਾਕਿਸਤਾਨੀ ਚੈਨਲ ਟੀਵੀ ਨਾਲ ਗੱਲਬਾਤ ਕਰਦਿਆਂ ਪਾਕਿਸਤਾਨ ਦੇ ਰੱਖਿਆ ਮੰਤਰੀ ਖ਼ਵਾਜਾ ਆਸਿਫ਼ ਨੇ ਕਿਹਾ ਕਿ ਸ਼ਾਹਬਾਜ਼ ਵੱਲੋਂ ਪੀਐਮ ਮੋਦੀ ਨੂੰ ਵਧਾਈ ਦੇਣਾ ਕੋਈ ਮੁਹੱਬਤ ਨਹੀਂ ਸੀ, ਸਗੋਂ ਸਾਡੇ ਪੀਐਮ ਨੂੰ ਮਜਬੂਰੀ ਵਿੱਚ ਅਜਿਹਾ ਕਰਨਾ ਪਿਆ।ਖ਼ਵਾਜਾ ਆਸਿਫ਼ ਨੇ ਕਿਹਾ ਕਿ ਇਹ ਸ਼ਾਹਬਾਜ਼ ਦਾ ਪੀਐਮ ਮੋਦੀ ਲਈ ਪਿਆਰ ਨਹੀਂ, ਸਗੋਂ ਮਜਬੂਰੀ ਸੀ। ਉਨ੍ਹਾਂ ਕਿਹਾ ਕਿ ਭਾਰਤ ਅਤੇ ਪਾਕਿਸਤਾਨ ਵਿੱਚਾਲੇ ਤਣਾਅਪੂਰਨ ਸਬੰਧਾਂ ਦਾ ਲੰਬਾ ਇਤਿਹਾਸ ਰਿਹਾ ਹੈ। ਉਨ੍ਹਾਂ ਕਿਹਾ ਕਿ , "ਭਾਰਤੀ ਪ੍ਰਧਾਨ ਮੰਤਰੀ ਬਣਨ 'ਤੇ ਮੋਦੀ ਨੂੰ ਵਧਾਈ ਦੇਣਾ ਸਿਰਫ ਸਾਡੀ ਕੂਟਨੀਤਕ ਮਜਬੂਰੀ ਹੈ। ਆਸਿਫ਼ ਨੇ ਕਿਹਾ ਕਿ ਪਾਕਿਸਤਾਨ ਇਹ ਕਦੇ ਨਹੀਂ ਭੁੱਲੇਗਾ ਕਿ ਮੋਦੀ ਭਾਰਤ ਵਿੱਚ 'ਮੁਸਲਮਾਨਾਂ ਦੇ ਕਾਤਲ' ਹਨ"।

PEEL FINANCIAL
LEASING & FINANCE
Experts in
Commercial & Industrial Finance
Heavy Equipment Tranportation
ਪੀਲ ਫਾਇਨਾਂਸੀਅਲ ਵਾਲੇ ਹੀ ਤੁਹਾਨੂੰ ਬਣਾ ਸਕਦੇ ਨੇ ਹੈਵੀ ਡਿਊਟੀ ਟਰੱਕ ਟ੍ਰੇਲਰ, ਟਰੱਕ ਦੇ ਮਾਲਕ
Jatinder Gill
Jay@peelfinancial.ca
306 880 3869
(Winnipeg)
ਘੱਟ ਰੇਟ ਉੱਪਰ ਕੁਝ ਹੀ ਮਿੰਟਾਂ ਵਿੱਚ ਟਰੱਕ ਲੋਨ ਦੀ ਅਪਰੂਵਲ ਲਵੋ।
Davinder Gill
Lease Account Manager
dave@peelfinancial.ca
306 490 2205

NORTHEAST AUTOMOTIVE
Bring your vehicle into NorthEast Automotive and be on smoother, stress free roads
First Choice for Engine Repair
ਆਪਣੀ ਕਾਰ ਦੀ ਤਸੱਲੀਬਖ਼ਸ਼ ਰਿਪੇਅਰ ਅਤੇ ਇੰਜਣ ਦੇ ਨੰਬਰ 1 ਕੰਮ ਲਈ ਸਾਡੇ ਨਾਲ ਸੰਪਰਕ ਕਰੋ।
Contact:
DEEP
4205-17 Ave SE
Calgary (AB)
Fax: 403 313 9993
Email: deep@neauto.ca
www.neauto.ca Ph. 403-263-1000, 403-250-7038

SUPERVISA INSURANCE
RESP & RRSP
CRITICAL ILLNESS INSURANCE
LIFE INSURANCE
MORTGAGE INSURANCE
TRAVEL INSURANCE
Punjab Insurance Inc
"Your Local Insurance Advisor"
VISITOR INSURANCE
ਘਰ ਬੈਠੇ ਹੀ ਆਨ ਲਾਈਨ ਸੇਵਾਵਾਂ ਵੀ ਲੈ ਸਕਦੇ ਹੋ
90 DAYS NEW IMMIGRANT INSURANCE
NAVDEEP JASWAL
Financial Advisor
403 909 4141

Asia Pacific Immigration Consulting Ltd.
ਏਸ਼ੀਆ ਪੈਸੇਫਿਕ ਇਮੀਗਰੇਸ਼ਨ ਕੰਸਲਟਿੰਗ ਲਿਮਟਡ
ਇਮੀਗ੍ਰੇਸ਼ਨ ਸੇਵਾਵਾਂ
• ਮਾਪਿਆਂ ਲਈ ਸੁਪਰ ਵੀਜ਼ਾ • ਪਰਿਵਾਰਕ ਸਪਾਂਸਰਸ਼ਿਪ
• ਐਲ ਐਮ ਓ ਐਪਲੀਕੇਸ਼ਨ • ਵਰਕ ਪਰਮਿਟ
• ਰੱਦ ਕੀਤੇ ਕੇਸਾਂ ਵਾਸਤੇ ਅਪੀਲ
Maninder S. Dhillon
Regulated Immigration Consultant of Canada
Member ICCRC #R 409807
Member CAPIC
Commissioner for Oaths (Alberta)
Fax: 1-877-557-2001
ICCRC CRCIC
Call for an appointment
403-225-1111
Toll Free 1-855-723-0001
Unit 144, 3670, 63rd Ave, NE, Calgary, AB (Behind ATB Head Office)
Email: info@apacimmigration.ca Website : www.apacimmigration.ca

## ਸੰਪਾਦਕੀ



ਸੋਸ਼ਲ ਮੀਡੀਆ ਨੇ ਤਬਦੀਲੀ ਦੀ ਤਾਂਘ ਜਗਾਈ ਹੈ।
-ਐਰਿਕ ਕੁਆਲਮਨ

# ਭਾਰਤ ਦੀ ਤਾਕਤ

ਉੱਨਤ ਅਰਥਵਿਵਸਥਾਵਾਂ ਵਾਲੇ ਸੱਤ ਦੇਸ਼ਾਂ ਦੇ ਸਮੂਹ ਜੀ-7 ਦੇ ਸਿਖਰ ਸੰਮੇਲਨ ਵਿੱਚ ਭਾਰਤ ਦੀ ਵਿਸ਼ੇਸ਼ ਮੌਜੂਦਗੀ ਇਸਦੀ ਵਧਦੀ ਆਰਥਿਕ ਤਾਕਤ ਦਾ ਸਬੂਤ ਹੈ। ਭਾਰਤ ਇਸ ਗਰੁੱਪ ਦਾ ਮੈਂਬਰ ਨਹੀਂ ਹੈ, ਪਰ ਇਸ ਨੂੰ ਹਰ ਸਾਲ ਵਿਸ਼ੇਸ਼ ਤੌਰ 'ਤੇ ਸੱਦਾ ਦਿੱਤਾ ਜਾਂਦਾ ਹੈ। ਹਾਲਾਂਕਿ ਇਸ ਵਾਰ ਇਟਲੀ ਵਿੱਚ ਹੋਏ ਇਸ ਸੰਮੇਲਨ ਵਿੱਚ ਅਫਰੀਕਾ, ਦੱਖਣੀ ਅਮਰੀਕਾ ਅਤੇ ਭਾਰਤੀ ਪ੍ਰਸ਼ਾਂਤ ਖੇਤਰ ਦੇ 12 ਵਿਕਾਸਸ਼ੀਲ ਦੇਸ਼ਾਂ ਦੇ ਨੇਤਾਵਾਂ ਨੂੰ ਵੀ ਸੱਦਾ ਦਿੱਤਾ ਗਿਆ ਸੀ ਪਰ ਭਾਰਤ ਵੱਲ ਵਿਸ਼ੇਸ਼ ਧਿਆਨ ਦਿੱਤਾ ਗਿਆ ਸੀ। ਦਰਅਸਲ, ਇਹ ਸੰਮੇਲਨ ਅਜਿਹੇ ਸਮੇਂ ਵਿੱਚ ਆਯੋਜਿਤ ਕੀਤਾ ਗਿਆ ਸੀ ਜਦੋਂ ਦੁਨੀਆ ਵਿੱਚ ਆਰਥਿਕ ਉਥਲ-ਪੁਥਲ ਹੈ। ਰੂਸ-ਯੂਕਰੇਨ ਯੁੱਧ ਅਤੇ ਹਮਾਸ-ਇਜ਼ਰਾਈਲ ਸੰਘਰਸ਼ ਜਾਰੀ ਹੈ। ਪੂਰੀ ਦੁਨੀਆ ਇਸ ਸਮੇਂ ਮੰਦੀ ਦੀ ਲਪੇਟ 'ਚ ਹੈ। ਇੱਥੋਂ ਤੱਕ ਕਿ ਜੀ-7 ਮੈਂਬਰ ਦੇਸ਼ ਅਮਰੀਕਾ, ਇਟਲੀ, ਜਰਮਨੀ, ਫਰਾਂਸ, ਬ੍ਰਿਟੇਨ, ਕੈਨੇਡਾ ਅਤੇ ਜਾਪਾਨ ਵੀ ਇਸ ਤੋਂ ਬਾਹਰ ਨਿਕਲਣ ਦੀ ਕੋਸ਼ਿਸ਼ ਕਰ ਰਹੇ ਹਨ। ਪਰ ਭਾਰਤ ਦੀ ਅਰਥਵਿਵਸਥਾ 'ਤੇ ਕੋਈ ਮਾੜਾ ਅਸਰ ਪੈਂਦਾ ਨਜ਼ਰ ਨਹੀਂ ਆ ਰਿਹਾ ਹੈ। ਅੰਤਰਰਾਸ਼ਟਰੀ ਮੁਦਰਾ ਫੰਡ ਦੇ ਅਨੁਸਾਰ, ਭਾਰਤ ਦੁਨੀਆ ਦੀ ਸਭ ਤੋਂ ਤੇਜ਼ੀ ਨਾਲ ਵਧ ਰਹੀ ਅਰਥਵਿਵਸਥਾ ਹੈ। ਜੀ-7 ਪਲੇਟਫਾਰਮ ਤੋਂ ਪ੍ਰਧਾਨ ਮੰਤਰੀ ਨੇ 2047 ਤੱਕ ਭਾਰਤ ਨੂੰ ਇੱਕ ਵਿਕਸਤ ਦੇਸ਼ ਬਣਾਉਣ ਦੇ ਆਪਣੇ ਸੰਕਲਪ ਨੂੰ ਮੁੜ ਦੁਹਰਾਇਆ। ਦੂਜੇ ਪਾਸੇ, ਗਲੋਬਲ ਜੀਡੀਪੀ ਦੇ ਪੱਧਰ 'ਤੇ ਜੀ-7 ਦੇਸ਼ਾਂ ਦੀ ਭਾਗੀਦਾਰੀ ਲਗਾਤਾਰ ਘਟਦੀ ਜਾ ਰਹੀ ਹੈ। ਵਿਸ਼ਵ ਜੀਡੀਪੀ ਵਿੱਚ ਉਨ੍ਹਾਂ ਦੀ ਭਾਗੀਦਾਰੀ ਸੱਠ ਪ੍ਰਤੀਸ਼ਤ ਤੋਂ ਚਾਲੀ ਪ੍ਰਤੀਸ਼ਤ ਤੱਕ ਪਹੁੰਚ ਗਈ ਹੈ। ਭਾਰਤ ਵਿਕਸਤ ਦੇਸ਼ਾਂ ਦੇ ਸਮਾਨਾਂਤਰ ਇੱਕ ਸ਼ਕਤੀਸ਼ਾਲੀ ਸਮੂਹ ਬਣਾਉਣ ਦੀ ਲਗਾਤਾਰ ਕੋਸ਼ਿਸ਼ ਕਰ ਰਿਹਾ ਹੈ। ਇਸੇ ਰਣਨੀਤੀ ਤਹਿਤ ਜੀ-20 ਸੰਮੇਲਨ ਦੌਰਾਨ ਅਫ਼ਰੀਕੀ ਸੰਘ ਨੂੰ ਵੀ ਗਰੁੱਪ ਵਿੱਚ ਸ਼ਾਮਲ ਕੀਤਾ ਗਿਆ ਸੀ। ਇਸ ਤਰ੍ਹਾਂ ਭਾਰਤ ਗਲੋਬਲ ਦੱਖਣ ਦੇ ਦੇਸ਼ਾਂ ਨੂੰ ਇੱਕ ਪਲੇਟਫਾਰਮ 'ਤੇ ਲਿਆ ਕੇ ਇੱਕ ਨਵਾਂ ਆਰਥਿਕ ਪਲੇਟਫਾਰਮ ਬਣਾਉਣਾ ਚਾਹੁੰਦਾ ਹੈ। ਜੀ-7 ਮੈਂਬਰ ਦੇਸ਼ ਚੰਗੀ ਤਰ੍ਹਾਂ ਜਾਣਦੇ ਹਨ ਕਿ ਭਾਰਤ ਸਮੇਤ ਗਲੋਬਲ ਸਾਊਥ ਇੱਕ ਬਹੁਤ ਵੱਡਾ ਬਾਜ਼ਾਰ ਹੈ, ਜਿੱਥੇ ਸਸਤੇ ਮਜ਼ਦੂਰਾਂ ਦੀ ਉਪਲਬਧਤਾ ਭਰਪੂਰ ਹੈ। ਹਾਲਾਂਕਿ ਇਸ ਵਾਰ ਸੰਮੇਲਨ 'ਚ ਮੁੱਖ ਤੌਰ 'ਤੇ ਦੁਨੀਆ ਭਰ 'ਚ ਵਧਦੀ ਮਹਿੰਗਾਈ 'ਤੇ ਕਾਬੂ ਪਾਉਣ, ਵਿਸ਼ਵ ਸਿਹਤ ਸਹੂਲਤਾਂ 'ਚ ਸੁਧਾਰ ਅਤੇ ਕਾਰਬਨ ਨਿਕਾਸੀ ਨੂੰ ਘੱਟ ਕਰਨ ਲਈ ਰਣਨੀਤੀ ਬਣਾਉਣ 'ਤੇ ਧਿਆਨ ਕੇਂਦਰਿਤ ਕੀਤਾ ਗਿਆ ਸੀ, ਉਥੇ ਹੀ ਰੂਸ ਅਤੇ ਚੀਨ ਕਾਰਨ ਵਧ ਰਹੇ ਤਣਾਅ ਨੂੰ ਰੋਕਣ ਦੇ ਉਪਰਾਲਿਆਂ 'ਤੇ ਵੀ ਚਰਚਾ ਕੀਤੀ ਗਈ ਸੀ। ਜੀ-7 ਸਮੂਹ ਦੇ ਸਾਰੇ ਦੇਸ਼ਾਂ ਨਾਲ ਭਾਰਤ ਦੇ ਸਬੰਧ ਚੰਗੇ ਹਨ ਅਤੇ ਉਨ੍ਹਾਂ ਨਾਲ ਵਪਾਰ ਅਤੇ ਵਣਜ ਨਾਲ ਸਬੰਧਤ ਗਤੀਵਿਧੀਆਂ ਲਗਾਤਾਰ ਵਧ ਰਹੀਆਂ ਹਨ। ਜੀ-7 ਦਾ ਜ਼ੋਰ ਉਭਰਦੀਆਂ ਅਰਥਵਿਵਸਥਾਵਾਂ ਨਾਲ ਸਬੰਧ ਸੁਧਾਰਨ 'ਤੇ ਹੈ, ਇਸ ਤਰ੍ਹਾਂ ਭਾਰਤ ਇਸ 'ਚ ਮਜ਼ਬੂਤ ਕੜੀ ਸਾਬਤ ਹੋਵੇਗਾ। ਇਸ ਸਮੇਂ ਭਾਰਤ ਸਾਹਮਣੇ ਸਭ ਤੋਂ ਵੱਡੀ ਚੁਣੌਤੀ ਚੀਨ ਦੀ ਹੈ। ਜੀ-7 ਦੇਸ਼ ਵੀ ਚੀਨ ਨੂੰ ਲੈ ਕੇ ਨਕਾਰਾਤਮਕ ਨਜ਼ਰੀਆ ਰੱਖਦੇ ਹਨ। ਇਸ ਦੌਰ ਵਿੱਚ ਜਦੋਂ ਸੰਯੁਕਤ ਰਾਸ਼ਟਰ ਸੁਰੱਖਿਆ ਪ੍ਰੀਸ਼ਦ ਕਮਜ਼ੋਰ ਹੋ ਗਈ ਹੈ ਅਤੇ ਜੀ-7 ਦੇਸ਼ ਆਲਮੀ ਮਾਮਲਿਆਂ ਵਿੱਚ ਨਿਰਣਾਇੱਕ ਸਾਬਤ ਹੋ ਰਹੇ ਹਨ, ਖਾਸ ਕਰਕੇ ਭਾਰਤ ਨੂੰ ਆਪਣੇ ਨਾਲ ਰੱਖਣਾ ਚਾਹੁੰਦੇ ਹਨ, ਤਾਂ ਇਹ ਯਕੀਨੀ ਤੌਰ 'ਤੇ ਚੀਨ ਲਈ ਚਿੰਤਾ ਦਾ ਵਿਸ਼ਾ ਹੋਵੇਗਾ। ਰੂਸ-ਯੂਕਰੇਨ ਵਿਵਾਦ 'ਚ ਭਾਰਤ ਦੀ ਵਿੱਚੋਲਗੀ ਨੂੰ ਵੀ ਅਹਿਮ ਮੰਨਿਆ ਜਾ ਰਿਹਾ ਹੈ, ਜਦੋਂ ਕਿ ਇਨ੍ਹੀਂ ਦਿਨੀਂ ਰੂਸ ਦੀ ਚੀਨ ਨਾਲ ਨੇੜਤਾ ਵਧੀ ਹੈ। ਜਿਵੇਂ ਕਿ ਪ੍ਰਧਾਨ ਮੰਤਰੀ ਨੇ ਜੀ-7 ਫੋਰਮ ਤੋਂ ਦੁਹਰਾਇਆ ਕਿ ਉਹ ਗੁਆਂਢੀ ਦੇਸ਼ਾਂ ਨਾਲ ਸਬੰਧ ਸੁਧਾਰਨ 'ਤੇ ਧਿਆਨ ਦੇਣਗੇ, ਤਾਂ ਜੋ ਉਹ ਚੀਨ ਦੀ ਪਕੜ ਤੋਂ ਬਾਹਰ ਨਿੱਕਲ ਸਕਣ, ਇਹ ਚੀਨ ਲਈ ਰਣਨੀਤਕ ਚਿੰਤਾ ਦਾ ਵਿਸ਼ਾ ਵੀ ਹੈ। ਜੀ-7 ਦਾ ਇਹ ਸਿਖਰ ਸੰਮੇਲਨ ਭਾਰਤ ਲਈ ਨਵੇਂ ਦਰਵਾਜ਼ੇ ਖੋਲ੍ਹਦਾ ਨਜ਼ਰ ਆ ਰਿਹਾ ਹੈ।

ਅਮਨਦੀਪ

403 640 2000
punjabiakhbaar@gmail.com

This disclaimer informs the readers of 'the Punjabi Akhbaar' that the views, thoughts, and opinions expressed in the texts belong solely to their authors, and not necessarily to the author's employer, organization, committee or other group or individual, and the Editor and Publisher of this Newspaper. The concerned companies that advertise in this News Paper are responsible for the content, information, price, warranty, guaranty, quality etc. and not 'the Punjabi Akhbaar'. The Editor reserves the right to edit or not the articles, reports and/or news published herein.
-Editor

ਨੋਟ: "ਪੰਜਾਬੀ ਅਖ਼ਬਾਰ" ਵਿੱਚ ਛਪਣ ਵਾਲੀ ਸਮੱਗਰੀ ਵਿਚਲੇ ਵਿਚਾਰ ਉਹਨਾਂ ਦੇ ਲੇਖਕਾਂ ਦੇ ਹੀ ਸਮਝੇ ਜਾਣ , ਸੰਪਾਦਕ ਜਾਂ ਪਬਲਿਸ਼ਰ ਦਾ ਉਹਨਾਂ ਨਾਲ ਸਹਿਮਤ ਜਾਂ ਅਸਹਿਮਤ ਹੋਣਾ ਕੋਈ ਜਰੂਰੀ ਨਹੀਂ। "ਪੰਜਾਬੀ ਅਖ਼ਬਾਰ" ਵਿੱਚ ਛਪਦੇ ਇਸਤਿਹਾਰਾਂ ਸਬੰਧੀ , ਸਬੰਧਤ ਚੀਜਾਂ ਪ੍ਰਤੀ ਜਾਣਕਾਰੀ, ਕੀਮਤ, ਵਾਰੰਟੀ,ਕੁਆਲਿਟੀ, ਸਬੰਧੀ ਇਸਤਿਹਾਰ ਦੇਣ ਵਾਲੀ ਕੰਪਨੀ ਹੀ ਜਿੰਮੇਬਾਰ ਹੈ। 'ਪੰਜਾਬੀ ਅਖ਼ਬਾਰ' ਨੂੰ ਭੇਜੀ ਗਈ ਹਰ ਰਚਨਾਂ, ਰਿਪੋਰਟ, ਜਾਂ ਖਬਰ ਨੂੰ ਪ੍ਰਕਾਸਿਤ ਕਰਨ ਤੋਂ ਪਹਿਲਾਂ ਆਡਿਟ ਜਾਂ ਨਾ ਆਡਿਟ ਕਰਨ ਦਾ ਪੂਰਾ ਅਧਿਕਾਰ ਹੈ।
- ਸੰਪਾਦਕ

# ਫੌਹੜੀਆਂ ਵਾਲੀ ਸਰਕਾਰ ਬਨਾਮ ਲੋਕਤੰਤਰ



ਗੁਰਮੀਤ ਸਿੰਘ ਪਲਾਹੀ

ਕਿਹਾ ਜਾ ਰਿਹਾ ਹੈ ਕਿ ਦੇਸ਼ ਵਿੱਚ ਲੋਕਤੰਤਰ ਦੀ ਵੱਡੀ ਜਿੱਤ ਹੋਈ ਹੈ। ਇਹ ਹੀ ਕਿਹਾ ਜਾ ਰਿਹਾ ਹੈ ਕਿ ਆਪਣੇ-ਆਪ ਨੂੰ ਭਾਰਤ ਨੂੰ ਬਚਾਉਣ ਲਈ ਭੇਜੇ ਗਏ "ਰਾਜੇ ਨਰੇਂਦਰ ਮੋਦੀ" ਨੂੰ ਹੁਣ ਪਾਰਲੀਮੈਂਟ ਵਿੱਚ ਵਿਰੋਧੀ ਧਿਰ ਦੀ ਅਵਾਜ਼ ਵੀ ਸੁਨਣੀ ਪਏਗੀ। ਹੁਣ ਪਾਰਲੀਮੈਂਟ ਵਿੱਚ ਕਾਨੂੰਨ ਪੂਰੀ ਬਹਿਸ ਅਤੇ ਵਿਚਾਰ ਵਟਾਂਦਰੇ ਤੋਂ ਬਾਅਦ ਬਨਣਗੇ, ਉਵੇਂ ਨਹੀਂ ਜਿਵੇਂ ਪਿਛਲੇ ਦਹਾਕੇ 'ਚ ਮੋਦੀ ਸਰਕਾਰ ਨੇ ਬਣਾਏ ਹਨ। ਇਵੇਂ ਵੀ ਨਹੀਂ ਕਿ ਰਾਤ ਨੂੰ ਸੁਫ਼ਨਾ ਆਇਆ ਅਤੇ ਨੋਟਬੰਦੀ ਕਰ ਦਿੱਤੀ ਜਾਂ ਬਿਨ੍ਹਾਂ ਕਿਸੇ ਨਾਲ ਸਲਾਹ ਕੀਤਿਆਂ ਨਾਗਰਿਕਤਾ ਕਾਨੂੰਨ (ਸੀਏਏ) ਪਾਸ ਕਰ ਦਿੱਤਾ, ਆਦਿ ਆਦਿ।

ਕੀ ਗੱਠਜੋੜ ਐਨਡੀਏ ਦੇ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਸਚਮੁੱਚ ਲੋਕਤੰਤਰੀ ਢੰਗ ਅਪਨਾਉਣਗੇ ਜਾਂ ਫਿਰ ਬਿਹਾਰ ਦੇ ਮੁੱਖ ਮੰਤਰੀ ਨਤੀਸ਼ ਕੁਮਾਰ ਅਤੇ ਆਂਧਰਾ ਪ੍ਰਦੇਸ਼ ਦੇ ਮੁੱਖ ਮੰਤਰੀ ਚੰਦਰ ਬਾਬੂ ਨਾਇਡੋ ਦੀਆਂ ਇਲਾਕਾਈ ਪਾਰਟੀਆਂ ਅਤੇ ਇੰਡੀਆ ਗੱਠਜੋੜ ਦੇ ਸਿਆਸੀ ਦਲਾਂ 'ਚ ਟੁੱਟ-ਭੱਜ ਕਰਕੇ ਆਪਣੇ ਬਲਬੂਤੇ ਆਪਣੀ ਪਾਰਟੀ ਦਾ 272 ਅੰਕੜਾ ਪੂਰਾ ਕਰਕੇ ਮੁੜ ਉਹਨਾ ਕੰਮਾਂ ਉਤੇ ਚਲਣਗੇ, ਜਿਸਦੀ ਆਦਤ ਉਹਨਾ ਨੂੰ ਗੁਜਰਾਤ ਦਾ ਮੁੱਖ ਮੰਤਰੀ ਹੁੰਦਿਆਂ ਜਾਂ ਦੇਸ਼ ਦਾ ਇੱਕ ਦਹਾਕੇ ਦਾ ਪ੍ਰਧਾਨ ਮੰਤਰੀ ਬਣਿਆ, ਪੈ ਚੁੱਕੀ ਹੈ।

ਨਰੇਂਦਰ ਮੋਦੀ ਦੇਸ਼ ਦੇ ਪ੍ਰਧਾਨ ਮੰਤਰੀ ਦੇ ਤੌਰ 'ਤੇ ਤੀਜੀ ਪਾਰੀ ਖੇਡਣਗੇ। ਉਹਨਾ ਦੀ ਸਿਆਸੀ ਧਿਰ ਭਾਰਤੀ ਜਨਤਾ ਪਾਰਟੀ ਨੇ 2024 ਦੀਆਂ ਲੋਕ ਸਭਾ ਚੋਣਾਂ 'ਚ 240 ਸੀਟਾਂ ਪ੍ਰਾਪਤ ਕੀਤੀਆਂ, ਬਿਹਾਰ ਵਾਲੇ ਨਤੀਸ਼ ਕੁਮਾਰ ਦੀਆਂ 12 ਅਤੇ ਆਂਧਰਾ ਪ੍ਰਦੇਸ਼ ਦੇ ਚੰਦਰ ਬਾਬੂ ਨਾਇਡੋ ਦੀਆਂ 16, ਬਿਹਾਰ ਦੇ ਪਾਸਵਾਨ ਦੀਆਂ 5 ਸੀਟਾਂ ਅਤੇ ਕੁਝ ਹੋਰ ਛੋਟੇ ਦਲਾਂ ਦੀਆਂ ਸੀਟਾਂ ਲੈਕੇ ਉਹਨਾ ਨੇ ਕੇਂਦਰੀ ਵਜ਼ਾਰਤ ਬਨਾਉਣ ਲਈ 272 ਦਾ ਜਾਦੂਈ ਅੰਕੜਾ ਪਾਰ ਕਰਕੇ ਫੌਹੜੀਆਂ ਵਾਲੀ ਵਜਾਰਤ ਦੀ ਅਗਵਾਈ ਕਰਨੀ ਹੈ।

ਚਾਰ ਸੌ ਦਾ ਅੰਕੜਾ ਲੋਕ ਸਭਾ 'ਚ ਪ੍ਰਾਪਤ ਕਰਨ ਦੀਆਂ ਟਾਹਰਾਂ ਮਾਰਨ ਵਾਲੀ ਭਾਜਪਾ ਢਾਈ ਸੌ ਦਾ ਅੰਕੜਾ ਵੀ ਪਾਰ ਨਹੀਂ ਕਰ ਸਕੀ ਅਤੇ ਦੇਸ਼ ਦੀਆਂ 100 ਕਰੋੜ ਵੋਟਰਾਂ ਵਿਚੋਂ 62 ਕਰੋੜ ਪਾਈਆਂ ਗਈਆਂ ਵੋਟਾਂ ਵਿਚੋਂ ਉਹਨਾ ਦੀ ਪਾਰਟੀ ਇੱਕ ਤਿਹਾਈ ਵੋਟਾਂ ਹੀ ਪ੍ਰਾਪਤ ਕਰ ਸਕੀ ਅਤੇ ਹੁਣ ਦੇਸ਼ ਦੀ ਸਾਸ਼ਕ ਬਣ ਬੈਠੀ ਹੈ। ਪਰ ਹੁਣ ਮੋਦੀ ਦੀ ਮਜ਼ਬੂਰੀ ਬਨਦੀ ਜਾ ਰਹੀ ਹੈ ਕਿ ਮੌਜੂਦਾ ਐਨਡੀਏ ਸਰਕਾਰ ਵਿੱਚ ਭਾਜਪਾ ਨੂੰ ਲੋਕਤੰਤਰੀ ਪ੍ਰਕਿਰਿਆ ਅਪਨਾਉਣੀ ਪਵੇਗੀ।

ਜਾਪਦਾ ਹੈ ਹੁਣ ਸੰਸਦ ਦੀ ਅਹਿਮੀਅਤ ਵਾਪਸ ਆ ਜਾਏਗੀ। ਸੰਸਦ ਦੇ ਅੰਦਰ ਵਿਰੋਧੀ ਧਿਰ ਦੀ ਅਣਦੇਖੀ ਨਹੀਂ ਹੋਏਗੀ, ਕਿਉਂਕਿ ਹੁਣ ਵਰ੍ਹਿਆਂ ਬਾਅਦ ਸੰਸਦ ਵਿੱਚ ਵਿਰੋਧੀ ਧਿਰ ਦਾ ਨੇਤਾ ਹੋਏਗਾ। ਪਿਛਲੇ ਦਸ ਵਰ੍ਹਿਆਂ 'ਚ ਜਾਪਣ ਲੱਗ ਪਿਆ ਸੀ ਕਿ ਦੇਸ਼ ਵਿਚੋਂ ਲੋਕਤੰਤਰ ਗਾਇਬ ਹੋ ਗਿਆ ਹੈ। ਇਕੋ ਪਾਰਟੀ ਭਾਜਪਾ ਦਾ ਰਾਜ-ਭਾਗ ਵੇਖਣ ਨੂੰ ਮਿਲ ਰਿਹਾ ਸੀ। ਉਸਦੇ ਨੇਤਾ ਭਾਰਤੀ ਸੰਵਿਧਾਨ ਬਦਲਣ ਜਾਂ ਨਵਾਂ ਲਿਖਣ ਦੀਆਂ ਗੱਲਾਂ ਕਰਨ ਲੱਗ ਪਏ ਸਨ। ਦੇਸ਼ ਨੂੰ ਹਿੰਦੂ ਰਾਸ਼ਟਰ ਬਨਾਉਣ ਦੀਆਂ ਤਰਕੀਬਾਂ ਸੋਚੀਆਂ ਜਾਣ ਲੱਗ ਪਈਆਂ ਸਨ।

ਮੋਦੀ ਦੇ ਦੂਜੇ ਦੌਰ 'ਚ ਇਹ ਜਾਪਦਾ ਸੀ ਕਿ ਇਕ ਹੀ ਵਿਅਕਤੀ ਹੱਥ ਦੇਸ਼ ਦੀ ਵਾਂਗਡੋਰ ਸੀ ਅਤੇ ਉਹ ਹੀ ਅਹਿਮ ਫ਼ੈਸਲੇ ਲੈ ਰਿਹਾ ਹੈ। ਦੇਸ਼ ਵਿੱਚ ਤਾਨਾਸ਼ਾਹੀ ਵਧ ਰਹੀ ਸੀ। ਪਰ ਦੇਸ਼ ਦੀ ਜਨਤਾ ਨੇ ਇਹਨਾ ਵਿਚਾਰਾਂ ਅਤੇ ਆਪਹੁਦਰੀਆਂ ਕਾਰਵਾਈਆਂ ਨੂੰ ਠੱਲ ਪਾ ਦਿੱਤੀ ਹੈ ਅਤੇ ਦੇਸ਼ ਦੇ ਮੌਜੂਦਾ ਹਾਕਮਾਂ ਨੂੰ ਅਸਲ ਸੱਚਾਈ ਦੇ ਸਨਮੁੱਖ ਕਰ ਦਿੱਤਾ ਹੈ। ਉਹ ਇਹ ਕਿ ਲੋਕਾਂ ਨੂੰ ਫੋਕੇ ਨਾਹਰਿਆਂ ਨਾਲ ਭਰਮਾਇਆ ਨਹੀਂ ਜਾ ਸਕਦਾ। ਦੇਸ਼ ਸਾਹਵੇਂ ਜੋ ਵੱਡੀਆਂ ਸਮੱਸਿਆਵਾਂ ਹਨ, ਉਹਨਾ ਤੋਂ ਦੇਸ਼ ਦੀ ਜਨਤਾ ਮੁਕਤੀ ਚਾਹੁੰਦੀ ਹੈ। ਬੇਰੁਜ਼ਗਾਰੀ, ਭ੍ਰਿਸ਼ਟਾਚਾਰ, ਗਰੀਬੀ ਮੁਕਤ ਭਾਰਤ ਦੇਸ਼ ਵਾਸੀਆਂ ਦਾ ਸੁਪਨਾ ਹੈ। ਧੱਕ ਧੌਂਸ, ਬੇਇਨਸਾਫ਼ੀ ਵਾਲੀ ਸਿਆਸਤ ਉਹਨਾ ਨੂੰ ਪ੍ਰਵਾਨ ਨਹੀਂ ਹੈ।

ਦੇਸ਼ ਦੇ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਲਈ ਇਸ ਵੇਰ ਦੀ ਹਕੂਮਤ ਇਕ ਨਵਾਂ ਤਜ਼ਰਬਾ ਹੋਏਗਾ। ਉਹਨਾ ਨੂੰ ਗੱਠਜੋੜ ਸਰਕਾਰ ਦੀ ਅਗਵਾਈ ਕਰਨੀ ਹੋਵੇਗੀ। ਬਿਨ੍ਹਾਂ ਸ਼ੱਕ ਮੋਦੀ ਦਾ ਪ੍ਰਚਾਰਕ, ਭਾਜਪਾ ਦੇ ਜਨਰਲ ਸਕੱਤਰ, ਗੁਜਰਾਤ ਦੇ ਮੁੱਖ ਮੰਤਰੀ ਅਤੇ ਭਾਰਤ ਦੇ ਪ੍ਰਧਾਨ ਮੰਤਰੀ ਦੇ ਰੂਪ ਵਿੱਚ ਆਪਣੇ ਲਗਭਗ 55 ਵਰ੍ਹਿਆਂ ਦੇ ਸਰਵਜਨਕ ਜੀਵਨ ਦਾ ਤਜ਼ਰਬਾ ਹੈ, ਪਰ ਇਸ ਵੇਲੇ ਉਹ ਪੂਰੀ ਤਰ੍ਹਾਂ ਇੱਕ ਨਵੀਂ ਖੇਡ 'ਚ ਸ਼ਾਮਲ ਹੋ ਰਹੇ ਹਨ, ਜਿਸਤੋਂ ਉਹ ਪੂਰੀ ਤਰ੍ਹਾਂ ਅਣਜਾਣ ਹਨ। ਉਹ ਹੈ ਗੱਠਜੋੜ ਸਰਕਾਰ ਚਲਾਉਣਾ।

ਦੇਸ਼ 'ਚ ਚੋਣਾਂ ਬਾਅਦ ਕੁਝ ਹੱਦ ਤੱਕ ਅਤੇ ਅੰਸ਼ਿਕ ਰੂਪ 'ਚ ਲੋਕਤੰਤਰ ਦੀ ਬਹਾਲੀ ਹੋਈ ਹੈ। ਭਾਰਤ ਦੇ ਲੋਕਾਂ ਨੇ ਇਸ ਵੇਰ ਕੁਝ ਚੀਜ਼ਾਂ ਹਾਸਲ ਕੀਤੀਆਂ ਹਨ, ਜਿਹਨਾ ਨੂੰ ਕੁਝ ਹਫ਼ਤੇ ਪਹਿਲਾਂ ਅਸੰਭਵ ਗਿਣਿਆ ਜਾਂਦਾ ਸੀ। ਇਸ ਸੰਦਰਭ 'ਚ ਸੋਚਿਆ ਜਾਣ ਲੱਗਾ ਹੈ ਕਿ ਕੀ ਹੁਣ ਲੋਕ ਸਭਾ ਅਤੇ ਰਾਜ ਸਭਾ ਦਾ ਸੰਚਾਲਨ ਨਿਯਮਾਂ ਅਨੁਸਾਰ ਅਤੇ ਸਰਬਸੰਮਤੀ ਨਾਲ ਹੋਏਗਾ? ਕੀ ਨਵੇਂ ਬਿੱਲ ਲੋਕ ਸਭਾ, ਰਾਜ ਸਭਾ 'ਚ ਬਹਿਸ ਲਈ ਲਿਆਉਣ ਬਾਅਦ ਪਾਸ ਹੋਣਗੇ? ਕੀ ਪਾਰਲੀਮਾਨੀ ਸਬ ਕਮੇਟੀਆਂ ਮੁੜ ਸੁਰਜੀਤ ਹੋਣਗੀਆਂ? ਇਹਨਾ ਗੱਲਾਂ ਦੀ ਸੰਭਾਵਨਾ ਹੁਣ ਵਧ ਗਈ ਹੈ, ਕਿਉਂਕਿ ਵਿਸਾਖੀਆਂ, ਫੌਹੜੀਆਂ ਵਾਲੀ ਸਰਕਾਰ ਹੁਣ ਮਨਮਰਜ਼ੀ ਨਹੀਂ ਕਰ ਸਕੇਗੀ।

ਹੁਣ ਭਾਰਤ ਦੇ ਸੰਵਿਧਾਨ 'ਚ ਉਦੋਂ ਤੱਕ ਸੋਧ ਨਹੀਂ ਕੀਤੀ ਜਾ ਸਕੇਗੀ, ਜਦੋਂ ਤੱਕ ਹਾਕਮ ਧਿਰ ਅਤੇ ਵਿਰੋਧੀ ਧਿਰ 'ਚ ਆਪਸੀ ਸਹਿਮਤੀ ਨਹੀਂ ਬਣੇਗੀ। ਹੁਣ ਤਾਂ ਇਹ ਵੀ ਜਾਪਣ ਲੱਗਾ ਹੈ ਕਿ ਕੇਂਦਰੀ ਮੰਤਰੀ ਮੰਡਲ ਵਿੱਚ ਵੀ ਹਰ ਚੀਜ਼ ਬਿਨ੍ਹਾਂ ਵਿਚਾਰ ਪਾਸ ਨਹੀਂ ਹੋਏਗੀ, ਕਿਉਂਕਿ ਐਨਡੀਏ ਦੀ ਹਿੱਸੇਦਾਰ ਨਤੀਸ਼ ਕੁਮਾਰ ਅਤੇ ਚੰਦਰ ਬਾਬੂ ਨਾਇਡੋ ਦੇ ਮੰਤਰੀ, ਆਪਣਾ ਵੱਖਰਾ ਦ੍ਰਿਸ਼ਟੀਕੋਨ ਪੇਸ਼ ਕਰਨਗੇ, ਕਿਉਂਕਿ ਇਲਾਕਾਈ ਪਾਰਟੀਆਂ ਵਜੋਂ ਉਹਨਾ ਦੇ ਆਪਣੇ ਹਿੱਤ ਹੋਣਗੇ।

ਇਹ ਹੁਣ ਤੋਂ ਹੀ ਦਿਖਣ ਲੱਗ ਪਿਆ ਹੈ ਕਿਉਂਕਿ ਸਰਕਾਰ ਦੇ ਗਠਨ ਤੋਂ ਪਹਿਲਾਂ ਹੀ " "ਅਗਨੀਵੀਰ ਸਕੀਮ" ਅਧੀਨ ਫੌਜ ਵਿੱਚ ਭਰਤੀ ਸਬੰਧੀ ਨਤੀਸ਼ ਕੁਮਾਰ ਦੀ ਪਾਰਟੀ ਨੇ ਮੁੜ ਵਿਚਾਰ ਕਰਨ ਦੀ ਗੱਲ ਆਖ ਦਿੱਤੀ ਹੈ। ਨਾਇਡੋ ਨੇ 50 ਵਰ੍ਹਿਆਂ ਦੀ ਉਮਰ ਦੇ ਮੁਸਲਮਾਨਾਂ ਨੂੰ ਪੈਨਸ਼ਨਾਂ ਦੇਣ, ਅਤੇ ਮਸਜਿਦਾਂ ਲਈ ਸਰਕਾਰੀ ਸਹਾਇਤਾ ਦਾ ਐਲਾਨ ਕੀਤਾ ਹੋਇਆ ਹੈ। ਹੁਣ ਤਾਂ ਇਹ ਵੀ ਸਪੱਸ਼ਟ ਦਿਖਣ ਲੱਗਾ ਹੈ ਕਿ ਦੇਸ਼ ਦੀ ਸੰਘੀ ਪ੍ਰਣਾਲੀ ਵਧੇਰੇ ਸੁਰੱਖਿਅਤ ਨਜ਼ਰ ਆਏਗੀ ਤੇ ਰਾਜਾਂ ਦੇ ਅਧਿਕਾਰਾਂ ਉਤੇ ਉਸ ਢੰਗ ਨਾਲ ਹਮਲਾ ਨਹੀਂ ਹੋਏਗਾ, ਜਿਵੇਂ ਖੇਤੀ ਕਾਨੂੰਨ ਪਾਸ ਕਰਨ ਵੇਲੇ ਕੀਤਾ ਗਿਆ ਸੀ। ਰਾਜਾਂ ਦੇ ਅਧਿਕਾਰਾਂ ਦੀ ਸੁਰੱਖਿਆ ਲਈ ਗਠਬੰਧਨ 'ਚ ਬੈਠੀਆਂ ਇਲਾਕਾਈ ਪਾਰਟੀਆਂ ਆਪਣਾ ਰੋਲ ਅਦਾ ਕਰਨਗੀਆਂ।

ਲੋਕ ਸਭਾ 2024 ਦੀਆਂ ਚੋਣਾਂ ਨੇ ਬਹੁਤ ਵੱਡੇ ਫ਼ੈਸਲੇ ਦਿੱਤੇ ਹਨ। ਲੋਕਾਂ ਨੇ ਆਪਣੇ ਮਨ ਦੀ ਗੱਲ ਕਹਿ ਦਿੱਤੀ ਹੈ, ਉਹ ਇਹ ਕਿ ਆਮ ਲੋਕ, ਆਜ਼ਾਦੀ, ਆਪਣੇ ਬੋਲਣ ਦੇ ਹੱਕ, ਨਿੱਜੀ ਆਜ਼ਾਦੀ ਆਦਿ ਨੂੰ ਧਰਮ ਨਾਲੋਂ ਵਧ ਮਹੱਤਵ ਦਿੰਦੇ ਹਨ।

ਸਰਕਾਰ ਨੇ ਦੇਸ਼ ਧ੍ਰੋਹ ਅਤੇ ਮਾਣਹਾਨੀ ਦੇ ਨਾਂਅ 'ਤੇ ਜੋ ਫਰਜ਼ੀ ਮੁਕੱਦਮੇ ਦਾਇਰ ਕੀਤੇ ਹਨ, ਮੁਠਭੇੜ ਅਤੇ ਬੁਲਡੋਜ਼ਰ ਇਨਸਾਫ ਦੀ ਨੀਤੀ ਲਾਗੂ ਕੀਤੀ ਹੈ, ਉਸਨੂੰ ਉਹਨਾ ਨਿਕਾਰ ਦਿੱਤਾ ਹੈ। ਇਹ ਵੀ ਕਿ ਰਾਮ ਮੰਦਰ, ਸਿਆਸਤ ਤੋਂ ਪਰੇ ਹੈ, ਦੂਰ ਹੈ, ਇਸਦਾ ਇਸਤੇਮਾਲ ਵੋਟ ਪ੍ਰਾਪਤੀ ਲਈ ਕਰਨ 'ਤੋਂ ਲੋਕਾਂ ਨੇ ਨਿਕਾਰ ਦਿੱਤਾ ਹੈ। ਉਹਨਾ ਸੁਤੰਤਰ ਮੀਡੀਏ ਨੂੰ ਪਹਿਲ ਦਿੱਤੀ ਹੈ, ਸ਼ੋਸ਼ਲ ਮੀਡੀਆ ਰਾਹੀਂ ਲੋਕਾਂ ਆਪਣੀ ਗੱਲ ਕਹੀ ਹੈ ਅਤੇ ਇਥੋਂ ਤੱਕ ਕਿ ਗੋਦੀ ਮੀਡੀਆਂ ਦੇ ਐਗਜ਼ਿਟ ਪੋਲ ਨੂੰ ਵੀ ਲੋਕਾਂ ਨੇ ਪੱਲੇ ਨਹੀਂ ਬੰਨ੍ਹਿਆ।

ਲੋਕ ਇਹ ਨਿਰਣਾ ਕਰਨ 'ਚ ਸਫ਼ਲ ਰਹੇ ਹਨ ਕਿ ਖੇਤਰੀ ਦਲ, ਉਹਨਾ ਦੀਆਂ ਇਲਾਕਾਈ ਮੰਗਾਂ, ਵੀ ਰਾਸ਼ਟਰੀ ਨੇਤਾਵਾਂ ਨੂੰ ਸੁਣਨੀਆਂ ਪੈਣਗੀਆਂ। ਭਾਵੇਂ ਕਿ ਲੋਕਾਂ ਨੇ ਇਹ ਵੀ ਦਰਸਾ ਦਿੱਤਾ ਹੈ ਕਿ ਖੇਤਰੀ ਦਲ ਸੂਬਿਆਂ ਵਿੱਚ ਵੱਖਰਾ ਅਤੇ ਰਾਸ਼ਟਰੀ ਪੱਧਰ 'ਤੇ ਵੱਖਰਾ ਚਿਹਰਾ ਨਾ ਵਿਖਾਉਣ। ਨਹੀਂ ਤਾਂ ਕੇਂਦਰੀ ਹਾਕਮ ਭਾਜਪਾ ਉਵੇਂ ਹੀ ਇਹਨਾ ਸਿਆਸੀ ਧਿਰਾਂ 'ਤੇ "ਲੋਟਿਸ ਅਪਰੇਸ਼ਨ" ਰਾਹੀਂ ਭੰਨ ਤੋੜ ਕਰੇਗੀ ਜਿਵੇਂ ਉਹਨਾ ਪਿਛਲੇ ਦਸ ਸਾਲ ਵਿਰੋਧੀ ਧਿਰਾਂ ਦੀ ਸਰਕਾਰਾਂ ਭੰਗ ਕਰਕੇ ਕੀਤਾ ਹੈ।

ਦੇਸ਼ ਦੇ ਲੋਕਤੰਤਰੀ ਢਾਂਚੇ ਨੂੰ ਮਜ਼ਬੂਤ ਕਰਨ ਅਤੇ ਬਣਾਈ ਰੱਖਣ ਲਈ ਆਮ ਲੋਕਾਂ ਦੀ ਵਿਸ਼ੇਸ਼ ਭੂਮਿਕਾ ਹੁੰਦੀ ਹੈ। ਇਸ ਤੱਥ ਨੂੰ ਸਵੀਕਾਰਦਿਆਂ ਦੇਸ਼ ਦੀਆਂ ਵਿਰੋਧੀ ਧਿਰਾਂ ਸਮੇਤ ਕਾਂਗਰਸ ਨੇ ਲੋਕਾਂ ਤੱਕ ਇਹ ਅਵਾਜ਼ ਪਹੁੰਚਾਉਣ ਦਾ ਯਤਨ ਕੀਤਾ ਕਿ ਉਹ ਦੇਸ਼ 'ਚੋਂ ਬੇਰੁਜ਼ਗਾਰੀ ਦੂਰ ਕਰਨਗੇ, ਔਰਤਾਂ ਦਾ ਰਾਖਵਾਂਕਰਨ ਕਾਨੂੰਨ (ਸੰਵਿਧਾਨ ਦੀ 106 ਵੀਂ ਸੋਧ) ਤਤਕਾਲ ਲਾਗੂ ਕਰਨਗੇ, ਮਨਰੇਗਾ ਨੂੰ ਮਜ਼ਬੂਤ ਕਰਨ ਲਈ ਮਜ਼ਦੂਰਾਂ ਦੀ 400 ਰੁਪਏ ਪ੍ਰਤੀ ਦਿਨ ਦਿਹਾੜੀ ਨੀਅਤ ਕਰਨਗੇ, ਸਰਕਾਰੀ ਅਤੇ ਅਰਧ ਸਰਕਾਰੀ ਖੇਤਰਾਂ 'ਚ ਖਾਲੀ 30 ਲੱਖ ਅਸਾਮੀਆਂ ਭਰਨਗੇ, ਅਗਨੀਵੀਰ ਯੋਜਨਾ ਨੂੰ ਖ਼ਤਮ ਕਰਨਗੇ, ਖੇਤੀ ਖੇਤਰ 'ਚ ਕਿਸਾਨਾਂ ਦੇ ਕਰਜ਼ੇ ਮੁਆਫ਼ ਹੋਣਗੇ, ਨਾਗਰਿਕਤਾ ਸੋਧ ਬਿੱਲ ਉਦੋਂ ਤੱਕ ਲਾਗੂ ਨਹੀਂ ਹੋਏਗਾ, ਜਦੋਂ ਤੱਕ ਇਸਦੀ ਸੰਵਿਧਾਨਿਕ ਵੈਧਤਾ ਸੁਪਰੀਮ ਕੋਰਟ ਤਹਿ ਨਹੀਂ ਕਰੇਗਾ ਅਤੇ ਜਾਂਚ ਏਜੰਸੀਆਂ (ਸੀਬੀਆਈ, ਈਡੀ ਆਦਿ ) ਨੂੰ ਇੱਕ ਸੰਯੁਕਤ ਸੰਸਦੀ ਕਮੇਟੀ ਦੀ ਨਿਗਰਾਨੀ 'ਚ ਨਹੀਂ ਕੀਤਾ ਜਾਏਗਾ ਆਦਿ, ਆਦਿ।

ਸ਼ਰਤਾਂ ਦੀਆਂ ਬੇੜੀਆਂ 'ਚ ਬੱਝੀ ਮੌਜੂਦਾ ਗਠਜੋੜ ਸਰਕਾਰ ਨੂੰ ਲੋਕਾਂ ਦੀਆਂ ਉਪਰੋਕਤ ਮੰਗਾਂ ਵੱਲ ਧਿਆਨ ਤਾਂ ਦੇਣਾ ਹੀ ਹੋਏਗਾ ਅਤੇ ਨਾਲ ਦੀ ਨਾਲ ਭਾਰਤ ਦੇਸ਼ ਦੇ ਲੋਕਾਂ ਦੀਆਂ ਅਹਿਮ ਲੋੜਾਂ ਨੂੰ ਧਿਆਨ 'ਚ ਰੱਖਣਾ ਹੋਏਗਾ। ਸਵੱਛ ਭਾਰਤ, ਵਿਕਸਤ ਭਾਰਤ, ਜਿਹੇ ਫੋਕੇ ਨਾਹਰੇ ਲੋਕਾਂ ਦੇ ਮਨਾਂ ਨੂੰ ਭਰਮਾ ਨਹੀਂ ਸਕੇ। ਨਾ ਹੀ ਉਹਨਾ ਨੂੰ 5 ਕਿਲੋ ਮੁਫ਼ਤ ਅਨਾਜ ਭਾਇਆ ਹੈ, ਕਿਉਂਕਿ ਇਸ ਨਾਲ ਉਹਨਾ ਦਾ ਪੇਟ ਨਹੀਂ ਭਰਦਾ। ਜ਼ਿੰਦਗੀ ਦੀਆਂ ਲੋੜਾਂ ਪੂਰੀਆਂ ਨਹੀਂ ਹੁੰਦੀਆਂ।

ਇਸ ਵੇਰ ਚੋਣਾਂ 'ਚ ਨਰੇਂਦਰ ਮੋਦੀ ਦੇ ਲਈ ਦਲਿਤਾਂ, ਪਛੜਿਆਂ ਅਤੇ ਆਦਿਵਾਸੀਆਂ ਦਾ ਵੋਟ ਨਹੀਂ ਪਿਆ, ਕਿਉਂਕਿ ਪਿਛਲੇ ਇੱਕ ਦਹਾਕੇ ਦੇ ਮੋਦੀ ਰਾਜ ਵੇਲੇ ਉਹਨਾ ਦੇ ਜੀਵਨ 'ਚ ਕੋਈ ਤਬਦੀਲੀ ਨਹੀਂ ਆਈ। ਉਹ ਅੱਛੇ ਦਿਨਾਂ ਦਾ ਸੁਪਨਾ ਵੀ ਭੁੱਲ ਚੁੱਕੇ ਹਨ, ਭਾਵੇਂ ਕਿ ਇਸ ਦਹਾਕੇ 'ਚ ਵੱਡੇ-ਵੱਡੇ ਰਨ-ਵੇ ਬਣੇ, ਪਿੰਡਾਂ ਦੀਆਂ ਸੜਕਾਂ ਦਾ ਨਿਰਮਾਣ ਵੀ ਹੋਇਆ, ਪਰ ਲੋਕਾਂ ਨੂੰ ਇਸਦਾ ਲਾਭ ਨਹੀਂ ਹੋਇਆ।

ਪਰ ਵੇਖਣ ਵਾਲੀ ਗੱਲ ਇਹ ਹੋਏਗੀ ਕਿ ਅਗਲੇ 100 ਦਿਨਾਂ 'ਚ ਮੋਦੀ ਕੀ ਲੋਕਾਂ ਲਈ ਕੋਈ ਨਿਵੇਕਲਾ, ਅਸਲੀ ਰੋਡ ਮੈਪ ਦੇਣਗੇ, ਆਪਣਾ ਤਾਨਾਸ਼ਾਹੀ ਚਿਹਰਾ ਸੁਧਾਰਨ ਦਾ ਯਤਨ ਕਰਨਗੇ? ਗੱਠਜੋੜ ਭਾਈਵਾਲਾਂ ਦੀ ਗੱਲ ਸੁਣਨਗੇ?

ਅਸਲ 'ਚ ਜਿਹਨਾ ਰਾਹਾਂ 'ਤੇ ਨਰੇਂਦਰ ਮੋਦੀ ਸਰਕਾਰ ਪਿਛਲੇ ਦਹਾਕੇ ਤੁਰੀ, ਉਹਨੂੰ ਲੋਕਤੰਤਰੀ ਨਹੀਂ ਤਾਨਾਸ਼ਾਹੀ ਕਹਿੰਦੇ ਹਨ। ਇਹੋ ਜਿਹੀ ਤਾਨਾਸ਼ਾਹੀ ਨੂੰ ਨੱਥ ਪਾਉਣ ਦੀ ਲੋੜ ਸੀ, ਜੋ ਲੋਕਾਂ ਨੇ ਲੋਕ ਸਭਾ ਚੋਣਾਂ 'ਚ ਪਾ ਦਿੱਤੀ ਹੈ ਅਤੇ ਹਾਕਮ ਅਤੇ ਇਥੋਂ ਤੱਕ ਕਿ ਵਿਰੋਧੀ ਧਿਰਾਂ ਦੇ ਵੀ ਕਈ ਭਰਮ ਭੁਲੇਖੇ ਦੂਰ ਕਰ ਦਿੱਤੇ ਹਨ ਭਾਵੇਂ ਕਿ ਨਰੇਂਦਰ ਮੋਦੀ ਹਾਰਨ ਬਾਅਦ ਵੀ ਇਹ ਕਹਿੰਦੇ ਹਨ, "ਨਾ ਹਮ ਹਾਰੇ ਥੇ ਨਾ ਹਾਰੇ ਹੈਂ।

# ਜੰਗ ਦਾ ਖਮਿਆਜ਼ਾ ਹਮੇਸ਼ਾਂ ਬੇਕਸੂਰ ਔਰਤਾਂ ਅਤੇ ਮਾਸੂਮ ਬੱਚਿਆਂ ਨੂੰ ਹੀ ਭੁਗਤਣਾ ਪੈਂਦਾ ਹੈ



ਬਲਰਾਜ ਸਿੰਘ ਸਿੱਧੂ
ਏ.ਆਈ.ਜੀ.(ਰਿਟਾ)
ਮੋ. 9501100062

ਵਿਸ਼ਵ ਵਿੱਚ ਇਸ ਵੇਲੇ ਹੱਮਾਸ - ਇਜ਼ਰਾਈਲ ਅਤੇ ਰੂਸ - ਯੂਕਰੇਨ, ਦੋ ਵੱਡੀਆਂ ਜੰਗਾਂ ਚੱਲ ਰਹੀਆਂ ਹਨ। ਇਸ ਤੋਂ ਇਲਾਵਾ ਬਰਮਾ, ਯਮਨ, ਸੁਡਾਨ, ਨਾਈਜ਼ੀਰੀਆ ਅਤੇ ਮਾਲੀ ਆਦਿ ਦੇਸ਼ਾਂ ਵਿੱਚ ਵੀ ਫੌਜ ਅਤੇ ਬਾਗੀਆਂ ਦਰਮਿਆਨ ਗਹਿਗੱਚ ਝੜਪਾਂ ਚੱਲ ਰਹੀਆਂ ਹਨ। ਪਰ ਅੱਜ ਕਲ੍ਹ ਦੀਆਂ ਜੰਗਾਂ ਦੀ ਹੈਰਾਨੀਜਨਕ ਗੱਲ ਇਹ ਹੈ ਕਿ ਸੈਨਿਕ ਸੈਂਕੜਿਆਂ ਦੀ ਗਿਣਤੀ ਵਿੱਚ ਜਦ ਕਿ ਆਮ ਜਨਤਾ ਹਜ਼ਾਰਾਂ ਦੀ ਗਿਣਤੀ ਵਿੱਚ ਮੌਤ ਦੇ ਮੂੰਹ ਪੈ ਰਹੀ ਹੈ। ਜੰਗ ਦਾ ਜ਼ਿੰਮੇਵਾਰ ਚਾਹੇ ਕੋਈ ਵੀ ਹੋਵੇ, ਖਮਿਆਜ਼ਾ ਆਖਰ ਬੇਕਸੂਰ ਔਰਤਾਂ, ਬੱਚਿਆਂ, ਬਿਮਾਰਾਂ ਤੇ ਬਜ਼ੁਰਗਾਂ ਨੂੰ ਹੀ ਭੁਗਤਣਾ ਪੈਂਦਾ ਹੈ।

ਪ੍ਰਚੀਨ ਅਤੇ ਮੱਧ ਕਾਲ ਦੀਆਂ ਜੰਗਾਂ ਸਮੇਂ ਜਿੱਤਣ ਵਾਲੀਆਂ ਫੌਜਾਂ ਹਾਰਨ ਵਾਲੇ ਦੇਸ਼ ਵਿੱਚ ਰੱਜ ਕੇ ਲੁੱਟ ਮਾਰ, ਕਤਲੇਆਮ ਅਤੇ ਔਰਤਾਂ ਦੀ ਬੇਇੱਜ਼ਤੀ ਕਰਦੀਆਂ ਸਨ। ਮੰਗੋਲ ਬਾਦਸ਼ਾਹ ਚੰਗੇਜ਼ ਖਾਨ ਅਤੇ ਸੁਲਤਾਨ ਤੈਮੂਰ ਲੰਗੜੇ ਵਰਗੇ ਜ਼ਾਲਮ ਹਾਕਮ ਤਾਂ ਆਪਣੇ ਪਿੱਛੇ ਸਿਰਫ ਸੜੇ ਹੋਏ ਸ਼ਹਿਰ ਅਤੇ ਲਾਸ਼ਾਂ ਦੇ ਢੇਰ ਹੀ ਛੱਡਦੇ ਸਨ। ਪਰ ਜਦੋਂ ਸੰਸਾਰ ਵਿੱਚ ਯੂਰਪੀਨ ਦੇਸ਼ਾਂ ਦੀ ਚੜ੍ਹਾਈ ਹੋਈ ਤਾਂ ਜੰਗਾਂ ਸਿਰਫ ਫੌਜਾਂ ਦਰਮਿਆਨ ਹੋਣ ਲੱਗੀਆਂ। ਦੋ ਚਾਰ ਵਾਕਿਆਤ ਨੂੰ ਛੱਡ ਦਿੱਤਾ ਜਾਵੇ ਤਾਂ ਜਿੱਤੇ ਹੋਏ ਦੇਸ਼ ਵਿੱਚ ਲੁੱਟ ਮਾਰ ਅਤੇ ਕਤਲੇਆਮ ਕਰਨ ਤੋਂ ਗੁਰੇਜ਼ ਕੀਤਾ ਜਾਂਦਾ ਸੀ। ਪਹਿਲੇ ਸੰਸਾਰ ਯੁੱਧ (1914 ਤੋਂ 1918 ਈਸਵੀ) ਵੇਲੇ ਵੀ ਜਰਮਨੀ ਅਤੇ ਇੰਗਲੈਂਡ - ਫਰਾਂਸ ਨੇ ਇੱਕ ਦੂਸਰੇ ਦੇ ਸੈਨਿਕ ਟਿਕਾਣਿਆਂ 'ਤੇ ਹੀ ਗੋਲਾਬਾਰੀ ਕੀਤੀ ਸੀ। ਸ਼ਹਿਰੀ ਅਬਾਦੀ 'ਤੇ ਬੰਬਾਰੀ ਕਰਨਾ ਦੂਸਰੇ ਸੰਸਾਰ ਯੁੱਧ ਵੇਲੇ ਸ਼ੁਰੂ ਹੋਇਆ ਸੀ, ਉਹ ਵੀ ਇੱਕ ਜਰਮਨ ਪਾਇਲਟ ਦੀ ਗਲਤੀ ਕਾਰਨ।

7 ਸਤੰਬਰ 1940 ਦੀ ਰਾਤ ਨੂੰ ਇੱਕ ਜਰਮਨ ਪਾਇਲਟ ਨੇ ਲੰਡਨ 'ਤੇ ਬੰਬਾਰੀ ਕਰਦੇ ਸਮੇਂ ਗਲਤੀ ਨਾਲ ਨਿਸ਼ਚਿਤ ਨਿਸ਼ਾਨੇ (ਇੱਕ ਸੈਨਿਕ ਅੱਡੇ) ਦੀ ਬਜਾਏ ਨਜ਼ਦੀਕ ਦੇ ਸ਼ਹਿਰੀ ਇਲਾਕੇ 'ਤੇ ਬੰਬ ਸੁੱਟ ਦਿੱਤੇ ਜਿਸ ਕਾਰਨ ਅਨੇਕਾਂ ਘਰ ਨਸ਼ਟ ਹੋ ਗਏ ਤੇ 100 ਤੋਂ ਵੱਧ ਨਾਗਰਿਕ ਮਾਰੇ ਗਏ। ਇਸ ਦੇ ਜਵਾਬ ਵਿੱਚ ਇਤਿਹਾਦੀ ਫੌਜਾਂ ਨੇ ਵੀ ਜਰਮਨੀ ਅਤੇ ਇਟਲੀ ਦੇ ਸ਼ਹਿਰਾਂ ਵਿੱਚ ਤਬਾਹੀ ਮਚਾ ਦਿੱਤੀ ਜੋ 2 ਸਤੰਬਰ 1945 ਨੂੰ ਜਰਮਨੀ ਦੀ ਹਾਰ ਤੱਕ ਚੱਲਦੀ ਰਹੀ। ਇਸ ਦੇ ਸਿੱਟੇ ਵਜੋਂ ਲੱਖਾਂ ਦੀ ਗਿਣਤੀ ਵਿੱਚ ਬੇਕਸੂਰ ਲੋਕ ਮਾਰੇ ਗਏ ਤੇ ਲੰਡਨ, ਸਟਾਲਿਨਗਰਾਦ (ਹੁਣ ਵੋਲਗੋਗਰਾਦ) ਅਤੇ ਬਰਲਿਨ ਵਰਗੇ ਇਤਿਹਾਸਿਕ ਸ਼ਹਿਰ ਮਲਬੇ ਦਾ ਢੇਰ ਬਣ ਗਏ। ਇਸ ਜੰਗ ਵਿੱਚ ਇਤਿਹਾਦੀ ਦੇਸ਼ਾਂ ਦੇ ਕਰੀਬ ਸਾਢੇ ਚਾਰ ਕਰੋੜ ਅਤੇ ਜਰਮਨੀ ਤੇ ਸਾਥੀਆਂ ਦੇ ਕਰੀਬ 40 ਲੱਖ ਆਮ ਸ਼ਹਿਰੀ ਮਾਰੇ ਗਏ ਸਨ। ਇਕੱਲੇ ਰੂਸ ਦੇ 87 ਲੱਖ ਫੌਜੀ ਅਤੇ ਦੋ ਕਰੋੜ ਦੇ ਕਰੀਬ ਆਮ ਸ਼ਹਿਰੀ ਮਾਰੇ ਗਏ ਸਨ ਜੋ ਕੁੱਲ ਅਬਾਦੀ ਦਾ ਚੌਥਾ ਹਿੱਸਾ ਬਣਦੇ ਸਨ। ਹਿਟਲਰ ਯਹੂਦੀਆਂ ਨੂੰ ਬੇਹੱਦ ਨਫਰਤ ਕਰਦਾ ਸੀ। ਉਸ ਨੇ ਫਾਇਰਿੰਗ ਸੁਕੈਡਾਂ ਅਤੇ ਗੈਸ ਚੈਂਬਰਾਂ ਵਿੱਚ ਸੁੱਟ ਕੇ 60 ਲੱਖ ਦੇ ਕਰੀਬ ਯਹੂਦੀਆਂ ਨੂੰ ਕਤਲ ਕਰ ਦਿੱਤਾ ਸੀ ਤੇ ਹੋਰ ਲੱਖਾਂ ਨੂੰ ਭੁੱਖੇ ਮਰਨ ਲਈ ਤਸੀਹਾ ਕੈਂਪਾਂ ਵਿੱਚ ਬੰਦ ਕਰ ਦਿੱਤਾ ਸੀ। ਉਨ੍ਹਾਂ ਯਹੂਦੀਆਂ ਦੇ ਵਾਰਸਾਂ ਨੇ ਹੀ 1948 ਈਸਵੀ ਵਿੱਚ ਇਜ਼ਰਾਈਲ ਦੇਸ਼ ਦੀ ਸਥਾਪਨਾ ਕੀਤੀ ਸੀ।

ਕਿੰਨੀ ਹੈਰਾਨੀ ਦੀ ਗੱਲ ਹੈ ਕਿ ਜਿਹੜੀਆਂ ਦੋ ਕੌਮਾਂ ਨੇ ਨਾਜ਼ੀ ਜਰਮਨੀ ਦੇ ਸਭ ਤੋਂ ਵੱਧ ਜ਼ੁਲਮ ਸਹਾਰੇ ਸਨ, ਹੁਣ ਉਹ ਹੀ ਉਸ ਤਰਾਂ ਦਾ ਵਿਹਾਰ ਯੂਕਰੇਨ ਅਤੇ ਗਾਜ਼ਾ ਪੱਟੀ ਵਿੱਚ ਕਰ ਰਹੇ ਹਨ। ਇਸ ਵਿੱਚ ਕੋਈ ਸ਼ੱਕ ਨਹੀਂ ਕਿ ਅੱਤਵਾਦੀ ਜਥੇਬੰਦੀ ਹੱਮਾਸ ਨੇ 7 ਅਕਤੂਬਰ 2023 ਨੂੰ ਜੋ 1200 ਦੇ ਕਰੀਬ ਇਜ਼ਰਾਈਲੀ ਮਰਦਾਂ, ਔਰਤਾਂ ਤੇ ਮਾਸੂਮ ਬੱਚਿਆਂ ਦੀ ਹੱਤਿਆ ਕੀਤੀ ਸੀ ਤੇ 247 ਨੂੰ ਬੰਦੀ ਬਣਾ ਲਿਆ ਸੀ, ਉਹ ਵਹਿਸ਼ਿਆਨਾ ਅਤੇ ਇਖਲਾਕ ਤੋਂ ਬੇਹੱਦ ਗਿਰੀ ਹੋਈ ਘਟਨਾ ਸੀ। ਪਰ ਹੁਣ ਜੋ ਇਜ਼ਰਾਈਲੀ ਫੌਜ ਗਾਜ਼ਾ ਪੱਟੀ ਦੇ ਪਹਿਲਾਂ ਤੋਂ ਹੀ ਨਰਕ ਵਰਗੀ ਜ਼ਿੰਦਗੀ ਭੋਗ ਰਹੇ 24 ਲੱਖ ਦੇ ਕਰੀਬ ਮਰਦਾਂ, ਔਰਤਾਂ ਅਤੇ ਬੱਚਿਆਂ ਨਾਲ ਕਰ ਰਹੀ ਹੈ, ਉਸ ਨੂੰ ਵੀ ਕਿਸੇ ਤਰਾਂ ਨਾਲ ਠੀਕ ਨਹੀਂ ਠਹਿਰਾਇਆ ਜਾ ਸਕਦਾ। ਸਿਰਫ 20 - 25 ਹਜ਼ਾਰ ਮੈਂਬਰਾਂ ਵਾਲੀ ਹੱਮਾਸ ਅੱਤਵਾਦੀ ਜਥੇਬੰਦੀ ਵੱਲੋਂ ਕੀਤੀ ਕਰਤੂਤ ਦੀ ਸਜ਼ਾ ਬੇਕਸੂਰ ਲੋਕਾਂ ਨੂੰ ਦੇਣਾ ਅਣਮਨੁੱਖੀ ਤੇ ਵਿਆਨਾ ਕੰਨਵੈਨਸ਼ਨ ਦੇ ਅਸੂਲਾਂ ਦੀ ਘੋਰ ਉਲੰਘਣਾ ਹੈ। ਗਾਜ਼ਾ ਪੱਟੀ ਸਿਰਫ 45 ਕਿ.ਮੀ. ਲੰਬਾ ਤੇ 6 ਤੋਂ 10 ਕਿ.ਮੀ. ਚੌੜਾ (365 ਸੁਕੇਅਰ ਕਿ.ਮੀ) ਧਰਤੀ ਦਾ ਇੱਕ ਛੋਟਾ ਜਿਹਾ ਟੁਕੜਾ ਹੈ ਜੋ ਦੋ ਪਾਸਿਆਂ ਤੋਂ ਇਜ਼ਰਾਈਲ, ਤੀਸਰੇ ਪਾਸੇ ਤੋਂ ਸਮੁੰਦਰ ਤੇ ਚੌਥੇ ਪਾਸੇ ਤੋਂ ਮਿਸਰ ਨਾਲ ਘਿਰਿਆ ਹੋਇਆ ਹੈ। ਸਮੁੰਦਰ ਵੀ ਪੂਰੀ ਤਰਾਂ ਇਜ਼ਰਾਈਲ ਦੇ ਕੰਟਰੋਲ ਹੇਠ ਹੈ। ਗਾਜ਼ਾ ਪੱਟੀ ਦਾ ਇਲਾਕਾ ਦੁਨੀਆਂ ਦਾ ਇੱਕ ਸਭ ਤੋਂ ਵੱਧ ਸੰਘਣੀ ਅਬਾਦੀ ਵਾਲਾ ਇਲਾਕਾ ਹੈ। ਇਥੇ ਕੋਈ ਉਦਯੋਗ ਜਾਂ ਰੋਜ਼ਗਾਰ ਨਹੀਂ ਹੈ ਤੇ ਇਹ ਪੂਰੀ ਤਰਾਂ ਨਾਲ ਯੂ.ਐਨ.ਉ., ਦਾਨੀ ਸੰਸਥਾਵਾਂ, ਇਜ਼ਰਾਈਲ ਅਤੇ ਮਿਸਰ ਦੀ ਮਦਦ 'ਤੇ ਨਿਰਭਰ ਹੈ। ਹਰੇਕ ਜੰਗ ਜਾਂ ਗੜਬੜ ਸਮੇਂ ਸਭ ਤੋਂ ਵੱਧ ਮੁਸੀਬਤ ਔਰਤਾਂ ਅਤੇ ਬੱਚਿਆਂ ਨੂੰ ਸਹਿਣੀ ਪੈਂਦੀ ਹੈ ਤੇ ਗਾਜ਼ਾ ਵਿੱਚ ਵੀ ਇਹ ਕੁਝ ਹੀ ਹੋ ਰਿਹਾ ਹੈ। ਇਸ ਜੰਗ ਵਿੱਚ ਹੁਣ ਤੱਕ 14000 ਦੇ ਕਰੀਬ ਗਾਜ਼ਾ ਵਾਸੀਆਂ ਦੀ ਮੌਤ ਹੋ ਚੁੱਕੀ ਹੈ ਤੇ ਲੱਖਾਂ ਲੋਕ ਬੇਘਰ ਹੋ ਗਏ ਹਨ ਜਿਨ੍ਹਾਂ ਵਿੱਚ ਵੱਡੀ ਗਿਣਤੀ ਔਰਤਾਂ ਤੇ ਬੱਚਿਆਂ ਦੀ ਹੈ। ਔਰਤਾਂ ਅਤੇ ਬੱਚਿਆਂ ਸਾਹਮਣੇ ਸਭ ਤੋਂ ਵੱਡੀ ਮੁਸ਼ਕਿਲ ਪਾਣੀ, ਖਾਣੇ ਅਤੇ ਦਵਾਈਆਂ ਦੀ ਪੇਸ਼ ਆ ਰਹੀ ਹੈ ਕਿਉਂਕਿ ਇਜ਼ਰਾਈਲ ਨੇ ਬਾਰਡਰ ਦੀ ਬਿਲਕੁਲ ਨਾਕਾਬੰਦੀ ਕਰ ਦਿੱਤੀ ਹੈ। ਧਾਰਮਿਕ ਅਕੀਦਿਆਂ ਅਤੇ ਨਿੱਤ ਦੀਆਂ ਜੰਗਾਂ ਕਾਰਨ ਗਾਜ਼ਾ ਪੱਟੀ ਦੀਆਂ ਜਿਆਦਾਤਰ ਔਰਤਾਂ ਨੇ ਹੁਣ ਤੱਕ ਪਰਦੇ ਵਾਲੀ ਜ਼ਿੰਦਗੀ ਬਿਤਾਈ ਹੈ। ਬੇਘਰ ਹੋਣ ਤੋਂ ਬਾਅਦ ਹੁਣ ਉਹ ਆਰਥਿਕ ਮਦਦ, ਘਰ, ਪਾਣੀ ਅਤੇ ਖਾਣੇ ਤੋਂ ਮਹਿਰੂਮ ਹੋ ਗਈਆਂ ਹਨ। ਗਰਭਵਤੀ ਔਰਤਾਂ ਦੇ ਹਾਲਾਤ ਤਾਂ ਹੋਰ ਵੀ ਬੁਰੇ ਹਨ। ਥਕਾਵਟ, ਭੁੱਖ, ਪਿਆਸ, ਕਮਜ਼ੋਰੀ, ਮੈਡੀਕਲ ਸਹੂਲਤਾਂ ਦੀ ਅਣਹੋਂਦ ਅਤੇ ਤਣਾਅ ਕਾਰਨ ਹਜ਼ਾਰਾਂ ਔਰਤਾਂ ਦਾ ਗਰਭਪਾਤ ਹੋ ਗਿਆ ਹੈ, ਸੈਂਕੜੇ ਬੱਚੇ ਮੁਰਦਾ ਪੈਦਾ ਹੋ ਰਹੇ ਹਨ ਜਾਂ ਪੈਦਾ ਹੋਣ ਤੋਂ ਬਾਅਦ ਜਰੂਰੀ ਦਵਾਈਆਂ ਤੇ ਟੀਕੇ ਆਦਿ ਨਾ ਮਿਲਣ ਕਾਰਨ ਅਣਿਆਈ ਮੌਤੇ ਮਰ ਰਹੇ ਹਨ। ਗਾਜ਼ਾ ਦੀਆਂ ਅੱਧ ਤੋਂ ਵੱਧ ਬੇਸਹਾਰਾ ਔਰਤਾਂ ਭੈਅ ਅਤੇ ਡੈਪਰੈਸ਼ਨ ਦੀਆਂ ਸ਼ਿਕਾਰ ਹੋ ਚੁੱਕੀਆਂ ਹਨ। ਕਿਸੇ ਦਾ ਪਤੀ ਮਰ ਗਿਆ ਹੈ, ਕਿਸੇ ਦੇ ਬੱਚੇ ਤੇ ਕਿਸੇ ਦੇ ਭੈਣ ਭਰਾ ਤੇ ਨਜ਼ਦੀਕੀ ਰਿਸ਼ਤੇਦਾਰ। ਔਰਤਾਂ ਦੀਆਂ ਅੱਖਾਂ ਦੇ ਹੰਝੂ ਸੁੱਕ ਗਏ ਹਨ। ਇੱਕ ਰਿਸ਼ਤੇਦਾਰ ਦਾ ਅਫਸੋਸ ਅਜੇ ਮਨਾਇਆ ਜਾ ਰਿਹਾ ਹੁੰਦਾ ਹੈ ਕਿ ਦੂਸਰੇ ਦੇ ਮਰਨ ਦੀ ਖਬਰ ਪਹੁੰਚ ਜਾਂਦੀ ਹੈ। ਕੈਂਪਾਂ ਵਿੱਚ ਸ਼ਰਨ ਲਈ ਬੈਠੀਆਂ ਔਰਤਾਂ ਨੂੰ ਹਰ ਵੇਲੇ ਸ਼ੋਹਦਿਆਂ ਕੋਲੋਂ ਆਪਣੀ ਤੇ ਬੱਚੀਆਂ ਦੀ ਇੱਜ਼ਤ ਬਚਾਉਣ ਦਾ ਫਿਕਰ ਲੱਗਾ ਰਹਿੰਦਾ ਹੈ। ਗਾਜ਼ਾ ਵਿੱਚ ਪਾਣੀ ਦੀ ਬੇਹੱਦ ਕਮੀ ਹੋਣ ਕਾਰਨ ਇਜ਼ਰਾਈਲ ਨੇ ਸਭ ਤੋਂ ਪਹਿਲਾ ਵਾਰ ਪਾਣੀ 'ਤੇ ਕੀਤਾ ਹੈ। ਇਹ ਇਜ਼ਰਾਈਲ ਤੋਂ ਸਪਲਾਈ ਹੁੰਦਾ ਸੀ ਤੇ ਇਜ਼ਰਾਈਲ ਨੇ ਪਾਈਪ ਲਾਈਨ ਬੰਦ ਕਰ ਦਿੱਤੀ ਹੈ। ਗਾਜ਼ਾ ਵਿੱਚ ਕੋਈ ਦਰਿਆ ਜਾਂ ਪੀਣ ਯੋਗ ਧਰਤੀ ਹੇਠਲਾ ਪਾਣੀ ਨਹੀਂ ਹੈ। ਪਾਣੀ ਦੀ ਕਮੀ ਕਾਰਨ ਸੈਂਕੜੇ ਔਰਤਾਂ ਅਤੇ ਬੱਚਿਆਂ ਨੇ ਦਮ ਤੋੜ ਦਿੱਤਾ ਹੈ। ਪਰ ਹੱਮਾਸ 'ਤੇ ਇਨ੍ਹਾਂ ਨਾਕਾਬੰਦੀਆਂ ਦਾ ਕੋਈ ਖਾਸ ਅਸਰ ਨਹੀਂ ਹੋਇਆ ਕਿਉਂਕਿ ਉਸ ਨੇ ਇਸ ਹਮਲੇ ਦੀ ਤਿਆਰੀ ਕਈ ਸਾਲ ਪਹਿਲਾਂ ਤੋਂ ਹੀ ਕੀਤੀ ਹੋਈ ਸੀ। ਉਸ ਦੇ ਲੜਾਕਿਆਂ ਕੋਲ ਇੱਕ ਸਾਲ ਤੋਂ ਵੱਧ ਦੀ ਜਰੂਰਤ ਦਾ ਦਾਣਾ ਪਾਣੀ ਜਮ੍ਹਾਂ ਹੈ ।ਅਮਰੀਕਾ ਅਤੇ ਇਸ ਦੇ ਸਾਥੀਆਂ ਨੂੰ ਹੱਮਾਸ ਵੱਲੋਂ ਇਜ਼ਰਾਈਲ ਵਿੱਚ ਕੀਤੇ ਗਏ ਜ਼ੁਲਮ ਤਾਂ ਦਿਸਦੇ ਹਨ ਪਰ ਇਜ਼ਰਾਈਲ ਵੱਲੋਂ ਗਾਜ਼ਾ ਪੱਟੀ ਦੀਆਂ ਔਰਤਾਂ ਅਤੇ ਬੱਚਿਆਂ ਪ੍ਰਤੀ ਕੀਤੇ ਜਾ ਰਹੇ ਪਾਪ ਨਜ਼ਰ ਨਹੀਂ ਆ ਰਹੇ। ਕੋਈ ਵੀ ਪੱਛਮੀ ਦੇਸ਼ ਸਖਤੀ ਨਾਲ ਇਜ਼ਰਾਈਲ ਨੂੰ ਬੇਬਸ ਜਨਤਾ ਨੂੰ ਤਬਾਹੋ ਬਰਬਾਦ ਕਰਨ ਤੋਂ ਰੋਕਣ ਦੀ ਕੋਸ਼ਿਸ਼ ਨਹੀਂ ਕਰ ਰਿਹਾ ਉਲਟਾ ਉਸ ਨੂੰ ਵੱਡੀ ਗਿਣਤੀ ਵਿੱਚ ਮਾਰੂ ਹਥਿਆਰ ਭੇਜੇ ਜਾ ਰਹੇ ਹਨ। ਆਮ ਨਾਗਰਿਕਾਂ ਦੀਆਂ ਐਨੀਆਂ ਹੱਤਿਆਵਾਂ ਕਰਨ ਦੇ ਬਾਵਜੂਦ ਇਜ਼ਰਾਈਲ ਨੂੰ ਹੱਮਾਸ ਦੇ ਖਿਲਾਫ ਅਜੇ ਤੱਕ ਕੋਈ ਖਾਸ ਕਾਮਯਾਬੀ ਹਾਸਲ ਨਹੀਂ ਹੋ ਸਕੀ। ਹੱਮਾਸ ਦੇ ਮੁਖੀ ਇਸਮਾਈਲ ਹਾਨੀਏਹ, ਉੱਪ ਮੁਖੀ ਸਾਲਾਏਹ ਅਰੋਰੀ, ਮਿਲਟਰੀ ਚੀਫ ਮੁਹੰਮਦ ਦਾਇਫ, ਉੱਪ ਫੌਜੀ ਮੁਖੀ ਮਰਵਾਨ ਈਸਾ ਅਤੇ ਯਾਹੀਆ ਸਿਨਵਾਰ ਵਰਗੇ ਕਿਸੇ ਵੀ ਚੋਟੀ ਦੇ ਕਮਾਂਡਰ ਨੂੰ ਨਾ ਤਾਂ ਹੁਣ ਤੱਕ ਗ੍ਰਿਫਤਾਰ ਕੀਤਾ ਜਾ ਸਕਿਆ ਹੈ ਤੇ ਨਾ ਹੀ ਮਾਰਿਆ। ਇਤਿਹਾਸ ਗਵਾਹ ਹੈ ਕਿ ਕਿਸੇ ਦੇਸ਼ ਦੇ ਅੰਦਰ ਜਾ ਕੇ ਉਸ ਦੇ ਛਾਪਾਮਾਰ ਲੜਾਕਿਆਂ ਤੋਂ ਜੰਗ ਜਿੱਤਣੀ ਲੱਗਭਗ ਅਸੰਭਵ ਹੁੰਦੀ ਹੈ। ਅਮਰੀਕਾ ਅਤੇ ਰੂਸ ਵੀਅਤਨਾਮ ਅਤੇ ਅਫਗਾਨਿਸਤਾਨ ਵਿੱਚ ਇਹ ਸਬਕ ਸਿੱਖ ਚੁੱਕੇ ਹਨ। ਮਹੀਨੇ ਡੇਢ ਮਹੀਨੇ ਬਾਅਦ ਇਹ ਨਤੀਜਾ ਵੀ ਸਭ ਦੇ ਸਾਹਮਣੇ ਆ ਜਾਵੇਗਾ ਕਿ ਗਾਜ਼ਾ ਪੱਟੀ 'ਤੇ ਕਬਜ਼ਾ ਕਰ ਕੇ ਇਜ਼ਰਾਈਲ ਨੇ ਠੀਕ ਕੀਤਾ ਹੈ ਜਾਂ ਗਲਤ।

ਪੰਜਾਬੀ ਅਖ਼ਬਾਰ ਵਿੱਚ ਖ਼ਬਰਾਂ,ਇਸਤਿਹਾਰ, ਬਿਜਨਿਸ ਦੀ ਐਡਵਰਟਾਈਜ਼ਮੈਂਟ, ਵਿਆਹ ਸਬੰਧੀ ਜਾਂ ਆਪਣੀਆਂ ਰਚਨਾਵਾਂ ਛਪਵਾਉਣ ਲਈ ਸੰਪਰਕ ਕਰ ਸਕਦੇ ਹੋ।



Edmonton
Sukhdev Singh Dhanoa
780 700 5022,
780 599 2000
Email:
sukhdevdhanoa@gmail.com



Edmonton
Parminder Singh Balluana
+1 (204) 930-3030
780 599 2000
Email:
balluana.parminder@gmail.com



Regina
Gurbinder Singh Gagowal
306 520 4313,
639 999 1000
Email:
gur.gago@gmail.com



Saskatoon
Rishi Joshi
639 742 1200
639 999 1000
Rishijoshi1990 @hotmail.com



Winnipeg
Amritpal Singh Kang
204 218 3852
431 733 3000
just4kang@gmail.com

ਮੁੱਖ ਦਫਤਰ ਕੈਲਗਰੀ 208 #10 -4774 Westwinds Drive NE Calgary (AB) T3J 0L7 Canada: 1 403 640 2000, editor@punjabiakhbaar.ca

# ਰੋਡੇ ਕਾਲਜ ਦੀ ਸਿਆਸਤ ਨਾਲ ਹੋ ਰਹੀ ਸਿਆਸਤ




6 ਜੂਨ ਨੂੰ ਰੋਡੇ ਕਾਲਜ ਫਿਲਮ ਰਿਲੀਜ਼ ਹੋਈ ਹੈ। ਚੋਣਾਂ ਦੀ ਆਸਮਾਨੇ ਚੜ੍ਹੀ ਗਰਦ ਬੈਠ ਚੁੱਕੀ ਸੀ। ਬੜੇ ਦੇਰ ਤੋਂ ਇਸ ਫਿਲਮ ਦੀ ਉਡੀਕ ਸੀ। ਇਹ ਫਿਲਮ ਦੇਖਣੀ ਸੀ ਕਿਉਂਕਿ ਰੋਡੇ ਕਾਲਜ ਮੇਰੇ ਲਈ ਅੰਦਰ ਡੂੰਘਾ ਸਮਾਇਆ ਹੋਇਆ। ਇਹ ਮੇਰੇ ਲਈ ਓਨਾ ਹੀ ਜਰੂਰੀ ਹੈ ਜਿੰਨੇ ਜਿਉਣ ਲਈ ਸਾਹ ਲੈਣੇ ਜਰੂਰੀ ਨੇ। ਰੋਡੇ ਕਾਲਜ ਫਿਲਮ ਦੇਖਣੀ ਇਸ ਲਈ ਵੀ ਜਰੂਰੀ ਸੀ ਕਿ ਇਸ ਵਿੱਚ ਬਹੁਤ ਸਾਰੇ ਥੀਏਟਰ ਵਾਲੇ ਦੋਸਤ ਨੇ। ਰੰਗ ਹਰਜਿੰਦਰ, ਤੀਰਥ ਚੜਿੱਕ, ਹੈਪੀ ਪ੍ਰਿੰਸ, ਸੁਖਦੇਵ ਲੱਧੜ ਤੇ ਹੋਰ ਕਈ ਮਿੱਤਰ ਜਿਨਾਂ ਕਰਕੇ ਇਹ ਫਿਲਮ ਦੇਖਣੀ ਸੀ। ਫੇਰ ਪਤਾ ਲੱਗਾ ਕਿ ਫਿਲਮ ਨਾਲ ਸਿਆਸਤ ਹੋ ਰਹੀ ਹੈ। ਫਿਲਮ ਨੂੰ ਸਕਰੀਨਿੰਗ ਨਹੀਂ ਦਿੱਤੀ ਜਾ ਰਹੀ। ਪਹਿਲਾਂ ਪਹਿਲ ਸੁਣਿਆ ਕਰਦੇ ਸੀ ਕਿ ਬਾਲੀਵੁਡ ਵਿੱਚ ਪੂਰੀ ਤਰ੍ਹਾਂ ਕਾਬਜ ਧਿਰਾਂ ਨਵੇਂ ਐਕਟਰਾਂ / ਡਾਇਰੈਕਟਰਾਂ ਦੇ ਪੈਰ ਨਹੀਂ ਲੱਗਣ ਦਿੰਦੀਆਂ। ਕਈ ਵਾਰ ਤਾਂ ਉਹਨਾਂ ਦੀਆਂ ਫਿਲਮਾਂ ਡੱਬਿਆਂ ਵਿੱਚ ਹੀ ਬੰਦ ਰਹਿ ਜਾਂਦੀਆਂ ਨੇ। ਡਿਸਟਰੀਬਿਊਟਰ ਹੀ ਨਹੀਂ ਮਿਲਦੇ ਤੇ। ਜੇ ਕੋਈ ਟੀਮ ਚਾਰਾਜੋਈ ਕਰਕੇ ਆਪ ਰਿਲੀਜ਼ ਕਰਨ ਦਾ ਜੁਗਾੜ ਕਰਨ ਲੈਂਦੀ ਹੈ ਤਾਂ ਉਸ ਨੂੰ ਲੋੜੀਂਦੇ ਸ਼ੋਅ ਨਹੀਂ ਮਿਲਦੇ। ਪੈਰ ਪੈਰ @ਤੇ ਅੜਚਨਾ। ਕਾਨੂੰਨੀ ਵਲਗਣਾਂ @ਚ ਵੀ ਘੇਰ ਲਿਆ ਜਾਂਦਾ। ਇਸ ਤੋਂ ਵੀ ਹੋਰ ਵੱਡੀਆਂ ਸਿਆਸਤਾਂ ਹੁੰਦੀਆਂ ਨੇ ਤੇ ਇਓਂ ਨਵੇਂ ਐਕਟਰਾਂ ਡਾਇਰੈਕਟਰਾਂ , ਲੇਖਕਾਂ ਵਾਲੀ ਨਵੀਂ ਟੀਮ ਆਪਣਾ ਹੁਨਰ ਦਿਖਾਏ ਤੋਂ ਬਿਨਾਂ ਹੀ ਅਲੋਪ ਹੋ ਜਾਂਦੀ ਹੈ। ਬਾਲੀਵੁੱਡ ਦੀ ਇਹ ਸਿਆਸਤ ਪਾਲੀਵੁੱਡ ਵਿੱਚ ਵੀ ਉਸੇ ਤਰ੍ਹਾਂ ਹੀ ਚੱਲਦੀ ਹੈ--ਇਹ ਵੀ ਕਨਸੋਅ ਸੁਣੀ ਸੀ। ਕਈ ਵਾਰ ਤਾਂ ਖਾਸ ਕਿਸਮ ਦਾ ਪ੍ਰਚਾਰ ਤੰਤਰ ਫਿਲਮ ਦੇ ਰਲੀਜ਼ ਹੋਣ ਤੋਂ ਪਹਿਲਾਂ ਹੀ ਇਸ ਬਾਰੇ ਮਾੜਾ ਪ੍ਰਭਾਵ ਸਿਰਜ ਦਿੰਦਾ ਹੈ। ਫਿਲਮ ਚੰਗੀ ਹੈ ਜਾਂ ਮਾੜੀ ਇਸ ਦਾ ਨਿਰਣਾ ਕਰਨ ਵਾਲੇ ਇਹ ਮਾਫੀਆ ਭਲਾ ਕੌਣ ਹੁੰਦੇ ? ਇਸ ਦਾ ਫੈਸਲਾ ਤਾਂ ਦਰਸ਼ਕਾਂ ਨੇ ਕਰਨਾ ਹੁੰਦਾ ਹੈ। ਫਿਲਮ ਥੀਏਟਰਾਂ ਦੇ ਵਿੱਚ ਲੱਗੇ ਤਾਂ ਨਾ। ਸਿਨੇਮਾ ਸਿਆਸਤ @ਤੇ ਕਾਬਜ ਧਿਰਾਂ ਅੰਦਰ ਪਰ ਪਤਾ ਨਹੀਂ ਕਿਹੋ ਜਿਹਾ ਡਰ ਹੈ। ਸ਼ਾਇਦ ਉਹਨਾਂ ਨੂੰ ਪਤਾ ਹੈ ਕਿ ਹੀ ਹੀ ਖੀ ਖੀ ਤੇ ਫੂਹੜ ਕਮੇਡੀ ਵਾਲੀਆਂ ਫਿਲਮਾਂ ਵੇਖ ਵੇਖ ਅੱਕੇ ਲੋਕ ਉਹਨਾਂ ਨੂੰ ਨਕਾਰ ਦੇਣਗੇ।

ਫਿਲਮ ਰੋਡੇ ਕਾਲਜ ਦੇਖਣ ਤੋਂ ਪਹਿਲਾਂ ਮੈਂ ਸੋਚਿਆ ਸੀ ਕਿ ਇਹ ਫਿਲਮ ਕਾਲਜਾਂ ਦੇ ਵਿੱਚ ਪਰਧਾਨਗੀਆਂ ਲਈ ਤੇ ਫੁਕਰੇਬਾਜ਼ੀ ਲਈ ਚੱਲਦੀਆਂ ਲੜਾਈਆਂ ਤੱਕ ਹੀ ਸੀਮਤ ਹੋਵੇਗੀ। ਪੜ੍ਹਾਈ ਤੋਂ ਬਿਨਾਂ ਅਵਾਰਾਗਰਦੀ ਕਰਨ ਆਉਂਦੇ ਨੌਜਵਾਨਾਂ ਨੂੰ ਹੀਰੋ ਵਜੋਂ ਪੇਸ਼ ਕਰੇਗੀ। ਮਾਰਧਾੜ ਹੋਏਗੀ। ਲਾਲ ਲਾਲ ਅੱਖਾਂ ਵਾਲੇ ਅਦਾਕਾਰ ਮੁੰਡੇ ਅਮਿਤਾਭ ਮਾਰਕਾ ਐਂਗਰੀਯੰਗਮੈਨ ਬਨਣ ਦਾ ਭਰਮ ਪਾਲਣਗੇ। ਇਸ ਵਿੱਚ ਕੁਝ ਕੱਢਣ ਪਾਉਣ ਨੂੰ ਨਹੀਂ ਹੋਵੇਗਾ। ਪਰ ਜਦੋਂ ਫਿਲਮ ਦੇਖੀ ਤਾਂ ਮਹਿਸੂਸ ਕੀਤਾ ਕਿ ਇਹ ਫਿਲਮ ਰੋਡੇ ਕਾਲਜ ਦੀ ਫਿਲਮ ਨਹੀਂ ਹੈ ਪੰਜਾਬ ਦੀਆਂ ਉਹਨਾਂ ਸਾਰੀਆਂ ਵਿਦਿਅਕ ਸੰਸਥਾਵਾਂ ਦੀ ਕਹਾਣੀ ਹੈ ਜਿੰਨਾਂ ਦੇ ਨੌਜਵਾਨਾਂ ਨੂੰ ਸਮੇਂ ਦੀਆਂ ਸਿਆਸਤਾਂ ਨੇ ਕਿਤਾਬਾਂ ਤੋਂ ਦੂਰ ਕਰਕੇ ਸਿਆਸਤ ਦੇ ਮੋਹਰੇ ਬਣਾ ਦਿੱਤਾ ਹੈ। ਜਿਨਾਂ ਨੂੰ ਸਿਆਸਤ ਵਰਤਦੀ ਹੈ। ਸਿਆਸਤਦਾਨ ਵਰਤਦੇ ਹਨ ਤੇ ਫਿਰ ਦਾਤਣ ਵਾਂਗ ਚਿੱਥ ਕੇ ਪਾਸੇ ਸੁੱਟ ਦਿੰਦੇ ਹਨ।

ਰੋਡੇ ਕਾਲਜ ਫਿਲਮ ਦੇਖਦਿਆਂ ਬੜਾ ਕੁੱਝ ਹੀ ਚੇਤਿਆਂ ਵਿੱਚ ਆ ਗਿਆ। ਜਦੋਂ ਕਾਲਜ ਵਿੱਚ ਪੜ੍ਹਦੇ ਸਾਂ ਤਾਂ ਉਹ ਦੌਰ ਸੀ ਜਦੋਂ ਪੰਜਾਬ ਦੇ ਚੱਪੇ ਚੱਪੇ @ਤੇ ਮੌਤ ਦਨਦਨਾਉਂਦੀ ਫਿਰਦੀ ਸੀ। ਪੰਜਾਬ ਦੇ ਪਿੰਡਾਂ ਸ਼ਹਿਰਾਂ ਵਿੱਚ ਸ਼ਾਮ ਦੇ ਚਾਰ ਵਜੇ ਹੀ ਰਾਤ ਪੈ ਜਾਂਦੀ ਸੀ ਤੇ ਰਾਤ ਵੇਲੇ ਕਿਸੇ ਕੁੱਤੇ ਦਾ ਭੌਂਕਣਾ ਵੀ ਤਰਾਹ ਕੱਢ ਦਿੰਦਾ ਸੀ। ਆਏ ਦਿਨ ਗੁਰਦੁਆਰਿਆਂ ਦੇ ਸਪੀਕਰਾਂ ਵਿੱਚੋਂ ਅਨਾਉਂਸਮੈਂਟ ਹੁੰਦੀ ਸੀ ਕਿ 18 ਸਾਲ ਤੋਂ ਵੱਧ ਵਾਲੇ ਘਰਦੇ ਸਾਰੇ ਜੀਅ ਬਾਹਰ ਸਕੂਲ ਦੀ ਗਰਾਊਂਡ ਦੇ ਵਿੱਚ ਇਕੱਠੇ ਹੋ ਜਾਣ, ਸੀ ਆਰ ਪੀ ਵੱਲੋਂ ਘਰਾਂ ਦੀ ਤਲਾਸ਼ੀ ਲਈ ਜਾਣੀ ਹੈ। ਘਰ ਦੇ ਕਿਸੇ ਨਾ ਕਿਸੇ ਖੂੰਜੇ ਦੇ ਵਿੱਚ ਮੌਤ ਸਹਿ ਲਗਾਈ ਬੈਠੀ ਪ੍ਰਤੀਤ ਹੁੰਦੀ ਸੀ। ਪਤਾ ਨਹੀਂ ਸੀ ਲੱਗਦਾ ਕੌਣ ਦੁਸ਼ਮਣ ਹੈ ਤੇ ਕੌਣ ਦੋਸਤ। ਮੈਨੂੰ ਕਾਲਜ ਦੇ ਦਿਨ ਯਾਦ ਆਏ। ਮੈਂ ਰੋਡੇ ਕਾਲਜ ਦੇ ਪ੍ਰੀਤ ਵਰਗਾ ਪੜਾਕੂ ਸੀ। ਸਿਰਫ ਪੜ੍ਹਨ ਪੜ੍ਹਾਉਣ ਵਾਲਾ। ਸਾਹਿਤ ਨੂੰ ਪਿਆਰ ਕਰਨ ਵਾਲਾ। ਸਿਲੇਬਸ ਦੀਆਂ ਕਿਤਾਬਾਂ ਤੋਂ ਇਲਾਵਾ ਢੇਰਾਂ ਦੇ ਢੇਰ ਸਹਿਤ ਪੜ੍ਹਨ ਵਾਲਾ। ਪਤਾ ਨਹੀਂ ਕਿਵੇਂ ਮੇਰੇ ਵਰਗੇ ਨੂੰ @ਕਾਮਰੇਡ@ ਕਿਹਾ ਜਾਣ ਲੱਗਾ ਜਦ ਕਿ ਮੇਰਾ ਕਿਸੇ ਵਿਦਿਆਰਥੀ ਸਿਆਸਤ ਨਾਲ ਦੂਰ ਨੇੜੇ ਦਾ ਵੀ ਵਾਸਤਾ ਨਹੀਂ ਸੀ। ਸ਼ਾਇਦ ਕਿਤਾਬਾਂ ਪੜ੍ਹਨ ਕਰਕੇ। ਉਦੋਂ ਹੱਥ @ਚ ਹਰ ਵੇਲੇ ਕੋਈ ਨਾ ਕੋਈ ਕਿਤਾਬ ਹੁੰਦੀ ਸੀ। ਉਸ ਵੇਲੇ ਮੈਂ ਸਾਰੀਆਂ ਵਿਚਾਰਧਰਾਵਾਂ ਦੇ ਮੁੰਡਿਆਂ ਨੂੰ ਮਿਲਦਾ ਸਾਂ। ਸਾਰਿਆਂ ਨਾਲ ਯਾਰੀ ਸੀ। ਕਾਲਜ ਦੇ ਹੋਸਟਲ ਵਿੱਚ ਅਕਸਰ ਅਸੀਂ ਗਰਮ ਵਿਚਾਰਧਾਰਾ ਵਾਲੇ ਮੁੰਡਿਆਂ ਦੇ ਕਮਰੇ ਵਿੱਚ ਜਾਂਦੇ। ਆਪਣਾ ਸਮਾਨ ਉਹਨਾਂ ਦੇ ਕਮਰਿਆਂ ਵਿੱਚ ਰੱਖਦੇ। ਅਜੇ ਵੀ @ਅੰਗਰੇਜ਼@ ਵਰਗੇ ਉਹ ਬੜੇ ਪਿਆਰੇ ਤੇ ਮਾਸੂਮ ਚਿਹਰੇ ਅੱਖਾਂ ਅੱਗੇ ਫਿਰਦੇ ਹਨ ਜੋ ਕਿਸੇ ਨਹਿਰ ਕੱਸੀ ਦੇ ਪੁੱਲ ਤੇ ਲਾਸ਼ ਬਣ ਕੇ ਰਹਿ ਗੇ। ਸਾਡੇ ਨਾਲ ਦੇ ਪਤਾ ਨਹੀਂ ਕਿੰਨੇ ਜਣੇ ਰਾਹਾਂ ਵਿੱਚ ਗਵਾਚ ਗਏ। ਪਤਾ ਨਹੀਂ ਧਰਤੀ ਖਾ ਗਈ ਜਾਂ ਅਸਮਾਨ ਨਿਗਲ ਗਿਆ। ਫਿਰ ਇੱਕ ਪਲ ਉਹ ਵੀ ਯਾਦ ਆਉਂਦਾ ਹੈ ਜਦੋਂ ਕਾਲਜ ਦੀਆਂ ਦੋ ਧਿਰਾਂ ਜਿਨ੍ਹਾ ਵਿੱਚ ਇੱਕ ਗਰਮ ਵਿਚਾਰਧਾਰਾ ਵਾਲੇ ਸਨ ਤੇ ਦੂਸਰੇ ਪਾਸੇ ਖੱਬੀਆਂ ਧਿਰਾਂ ਵਾਲੇ। ਖੋਟਿਆਂ ਦਾ ਚਰਨਜੀਤ ਪੀ ਐਸ ਯੂ ਦਾ ਆਗੂ ਸੀ। ਉਸ ਨੂੰ ਸਿੱਖ ਸਟੂਡੈਂਟ ਫੈਡਰੇਸ਼ਨ ਵਾਲੇ ਕੁਝ ਵਿਦਿਆਰਥੀਆਂ ਨੇ ਕੁੱਟ ਦਿੱਤਾ। ਫੇਰ ਸਮਝੌਤੇ ਦੀਆਂ ਗੱਲਾਂ ਵੀ ਹੋਣ ਲੱਗੀਆਂ। ਸਾਨੂੰ ਲੱਗਾ ਗੱਲਬਾਤ ਆਈ ਗਈ ਹੋ ਗਈ ਹੈ। ਤੀਸਰੇ ਦਿਨ ਵਿਦਿਆਰਥੀਆਂ ਦੀਆਂ ਪੰਜ ਬੱਸਾਂ ਭਰ ਕੇ ਪਤਾ ਨਹੀਂ ਕਿਧਰੋਂ ਆਈਆਂ। ਹੱਥਾਂ ਵਿੱਚ ਰਾੜਾ, ਹਾਕੀਆਂ, ਡੰਡੇ, ਬੇਸਬਾਲ, ਕਿਰਪਾਨਾਂ ਤੇ ਹੋਰ ਮਾਰੂ ਕਿਸਮ ਦੇ ਹਥਿਆਰ। ਦੋਵਾਂ ਧਿਰਾਂ ਵਿੱਚ ਜੰਮ ਕੇ ਲੜਾਈ ਹੋਈ। ਵੇਹਦਿਆਂ ਵੇਹਦਿਆਂ ਦੋਵੇਂ ਧਿਰਾਂ ਕੁੱਟ ਮਾਰ ਕਰਕੇ ਫਰਾਰ ਹੋ ਗਈਆਂ। ਅਸੀਂ ਗਰਾਊਂਡ @ਚ ਬੈਠੇ ਵੇਖਦੇ ਰਹਿ ਗਏ। ਉਸੇ ਦਿਨ ਦਿਨ ਬਾਘਾ ਪੁਰਾਣਾ ਥਾਣੇ ਦੀ ਪੁਲਸ ਚੜ੍ਹ ਕੇ ਆ ਗਈ। ਲੜਨ ਭਿੜਨ ਵਾਲੇ ਤਾਂ ਪੱਤਰਾ ਵਾਚ ਗਏ ਸਨ ਪਰ ਮੇਰੇ ਵਰਗੇ ਅਨੇਕਾਂ ਵਿਦਿਆਰਥੀਆਂ ਨੂੰ ਟਰੱਕਾਂ ਵਿੱਚ ਭਰ ਕੇ ਥਾਣੇ ਲੈ ਗਈ। ਕੱਬਾ ਥਾਣੇਦਾਰ ਮਿੱਤ ਸਿੰਘ ਦਬਕੇ ਮਾਰ ਰਿਹਾ ਸੀ। ਲੰਮੇ ਪਾ ਲੈਣ ਦੀਆਂ ਧਮਕੀਆਂ ਦਿੰਦਾ। ਅਸੀਂ ਕੁੰਗੜੇ ਪਏ ਸਾਂ। ਥਾਣੇ ਦੀਆਂ ਕੰਧਾਂ ਤੋਂ ਵੀ ਭੈਅ ਆ ਰਿਹਾ ਸੀ। ਕੁੱਟ ਤੋਂ ਬਚ ਗਏ। ਹਨੇਰੇ ਹੋਏ ਸਾਨੂੰ ਛੱਡ ਦਿੱਤਾ ਗਿਆ। ਇਉਂ ਇੱਕ ਵਾਰ ਨਹੀਂ ਕਈ ਵਾਰ ਹੋਇਆ ਸੀ। ਇਸ ਤਰ੍ਹਾਂ ਦੀਆਂ ਗੱਲਾਂ ਆਏ ਦਿਨ ਕਾਲਜ ਵਿੱਚ ਵਾਪਰਦੀਆਂ। ਕਦੇ ਹੜਤਾਲ-ਕਦੇ ਧਰਨਾ। ਕਦੇ ਬੱਸਾਂ ਵਾਲਿਆਂ ਨਾਲ ਲੜਾਈ। ਕਦੇ ਬੱਸਾਂ ਵਾਲਿਆਂ ਦੇ ਰੋੜੇ ਮਾਰਨੇ। ਸ਼ੀਸ਼ੇ ਭੰਨ ਦੇਣੇ। ਬੇਕਸੂਰ ਸਵਾਰੀਆਂ ਦਾ ਜਖ਼ਮੀ ਹੋ ਜਾਣਾ। ਤੇ ਹੰਕਾਰੇ ਹੋਏ ਡਰਾਈਵਰਾਂ ਕੰਡਕਟਰਾਂ ਵੱਲੋਂ ਨਰੇਸ਼ ਰੁਪਾਣੇ ਵਰਗੇ ਕਿਸੇ ਅਲੂੰਏਂ ਮੁੰਡੇ ਦੀ ਕੁੱਟ ਮਾਰ। ਅਜੀਬ ਹੀ ਹਾਲਾਤ ਸਨ।

ਅਜਿਹੇ ਹਾਲਾਤ ਦੇ ਵਿੱਚ ਵਿਚਾਲੇ ਕੰਟੀਨ @ਤੇ ਸਮੋਸੇ ਖਾਂਦੇ। ਵੇਸਣ ਤਾਂ ਕਮਾਲ ਦਾ ਹੁੰਦਾ ਸੀ। ਤਾਊ ਦੀ ਕੰਟੀਨ ਦਾ ਆਪਣਾ ਹੀ ਰੰਗ ਸੀ। ਕਦੇ ਕਦੇ ਬਸ ਚੜ੍ਹ ਕੇ ਸਮਾਲਸਰ ਚਲੇ ਜਾਂਦੇ। ਕਦੇ ਕੋਟ ਕਪੂਰੇ ਤੇ ਕਦੇ ਮਦਾਰੀ ਦੇ ਹੋਟਲ ਤੋਂ ਸਮੋਸੇ ਖਾਣ ਬਾਘੇਪੁਰਾਣੇ ਆ ਜਾਂਦੇ। ਹੜਤਾਲ ਹੁੰਦੀ ਤਾਂ ਬੱਸ ਚੜ੍ਹ ਕੇ ਮੋਗੇ ਆਉਂਦੇ। ਗੀਤਾ ਭਾਗ ਮੈਜਸਟਿਕ ਜਾਂ ਰਤਨ ਸਿਨੇਮੇ ਵਿੱਚ ਕੋਈ ਫਿਲਮ ਵੇਖ ਲੈਂਦੇ। ਜਾਂ ਕੋਈ ਟੂਰਨਾਮੈਂਟ ਵੇਖਦੇ ਤੇ ਜਾਂ ਕੁਲਦੀਪ ਮਾਣਕ, ਮੁਹੰਮਦ ਸਦੀਕ, ਰਮਲੇ, ਚਮਕੀਲੇ ਜਾਂ ਹੋਰ ਕਿਸੇ ਕਲਾਕਾਰ ਦਾ ਅਖਾੜਾ ਵੇਖਦੇ। ਬਸ ਇਹੋ ਜ਼ਿੰਦਗੀ ਸੀ। ਫਿਲਮ ਰੋਡੇ ਕਾਲਜ ਵੇਖ ਕੇ ਸਾਰਾ ਕੁਝ ਯਾਦ ਆ ਗਿਆ। ਆਲਾ ਦੁਆਲਾ ਸਾਰਾ ਉਹੀ। ਪਰ ਜਿਸ ਤਰ੍ਹਾਂ ਮੈਂ ਸੋਚਦਾ ਸੀ ਉਹੋ ਜਿਹਾ ਫਿਲਮ ਵਿੱਚ ਕੁਝ ਵੀ ਨਹੀਂ ਸੀ। ਫਿਲਮ ਵਿੱਚ ਵਿਦਿਆਰਥੀਆਂ ਦੀ ਆਪਸੀ ਲੜਾਈ ਤਾਂ ਸੀ ਪਰ ਪ੍ਰਧਾਨਗੀ ਪਿੱਛੇ ਇਸ ਲੜਾਈ ਦੇ ਅਸਲ ਕਾਰਨਾਂ ਨੂੰ ਸਾਹਮਣੇ ਲਿਆ ਕੇ ਨਿਰਦੇਸ਼ਕ ਤੇ ਲੇਖਕ ਨੇ ਕਮਾਲ ਦਾ ਕੰਮ ਕੀਤਾ ਸੀ। ਦੀਪ ਵਰਗੇ ਪਤਾ ਨਹੀਂ ਕਿੰਨੇ ਵਿਦਿਆਰਥੀ ਗੁਰਚੇਤ ਵਰਗੇ ਸਿਆਸਤਦਾਨਾਂ ਦੇ ਢਹੇ ਚੜ੍ਹ ਕੇ ਉਹਨਾਂ ਦੇ ਇਸ਼ਾਰਿਆਂ ਤੇ ਨੱਚਦੇ ਹਨ। ਫਿਲਮ ਗੁਰਚੇਤ ਵਰਗੇ ਪੁਲਿਸ ਦੇ ਟਾਊਟਾਂ-ਜਿਨਾਂ ਨੇ ਅੱਤਵਾਦ ਦੇ ਸਮੇਂ ਵਿੱਚ ਕਿੰਨੇ ਹੀ ਨੌਜਵਾਨਾਂ ਦਾ ਸ਼ਿਕਾਰ ਕੀਤਾ ਸੀ, ਉਹਨਾਂ ਦੇ ਸਿਆਸਤ ਦੀਆਂ ਪੌੜੀਆਂ ਚੜ ਕੇ ਉੱਚੀਆਂ ਕੁਰਸੀਆਂ ਜਾ ਮੱਲਣ ਦੀ ਕਹਾਣੀ ਬਿਆਨ ਕਰਦੀ ਹੈ। ਮੇਰੀਆਂ ਅੱਖਾਂ ਅੱਗੇ ਵੀ ਉਹ ਦ੍ਰਿਸ਼ ਵੀ ਆ ਗਏ ਜਦੋਂ ਮੈਂ ਆਪਣੀਆਂ ਅੱਖਾਂ ਨਾਲ ਅਜਿਹੇ ਬਹੁਤ ਸਾਰੇ ਪੁਲਿਸ ਕੈਟਾਂ ਨੂੰ ਵੇਖਦਾ ਸਾਂ ਜਿਹੜੇ ਇਸ ਤਰ੍ਹਾਂ ਦੋਵੇਂ ਪਾਸੇ ਆਪਣਾ ਜਲਵਾ ਦਿਖਾ ਰਹੇ ਸਨ। ਉਹਨਾਂ ਦੀ ਕਮਾਈ ਦਾ ਧੰਦਾ ਇਸ ਦਲਪੁਣੇ ਤੋਂ ਹੀ ਚੱਲਦਾ ਸੀ। ਫਿਲਮ ਦੀ ਕਹਾਣੀ ਬੜੇ ਅਜੀਬ ਮੋੜ ਲੈਂਦੀ ਹੈ ਫਿਲਮ ਵਿੱਚ ਪ੍ਰੀਤ ਵਰਗੇ ਨੌਜਵਾਨ ਵੀ ਨੇ ਤੇ ਨੂਰ ਵਰਗੀਆਂ ਕੁੜੀਆਂ ਵੀ ਜਿੰਨਾਂ ਅੱਗੇ ਜ਼ਿੰਦਗੀ ਦਾ ਕੋਈ ਮਕਸਦ ਹੈ। ਜਿਹੜੇ ਕਿਤਾਬਾਂ ਪੜ੍ਹਦੇ ਨੇ। ਜਿਨਾਂ ਦਾ ਕਿਤਾਬਾਂ ਪੜ੍ਹ ਕੇ ਜਿੰਦਗੀ ਪ੍ਰਤੀ ਕੁੱਝ ਦ੍ਰਿਸ਼ਟੀਕੋਣ ਬਣਿਆ ਹੈ। ਜਿਨਾਂ ਨੂੰ ਪਤਾ ਹੈ ਕਿ ਯੂਥ ਸ਼ਕਤੀ ਪਾਣੀ ਵਰਗੀ ਹੁੰਦੀ ਹੈ ਜਿਸ ਨੂੰ ਕਿਸੇ ਪਾਸੇ ਵੀ ਮੋੜਿਆ ਜਾ ਸਕਦਾ ਹੈ। ਉਹਨਾਂ ਨੂੰ ਪਤਾ ਹੈ ਕਿ ਜਦੋਂ ਇਹ ਵਹਾ ਦਰਿਆ ਬਣ ਜਾਂਦਾ ਹੈ ਤਾਂ ਫਿਰ ਕੋਈ ਵੀ ਅੜਚਨ ਇਹਨਾਂ ਅੱਗੇ ਨਹੀਂ ਠਹਿਰਦੀ। ਇਹ ਨੌਜਵਾਨ ਸ਼ਕਤੀ ਹਨੇਰੀ ਬਣ ਕੇ ਬੁੱਢੇ ਤੇ ਗੱਲ ਸੜ ਚੁੱਕੇ ਰੁੱਖਾਂ ਨੂੰ ਜੜੋਂ ਉਖਾੜ ਦੇਣ ਦਾ ਮਾਦਾ ਰੱਖਦੀ ਹੈ। ਪ੍ਰੀਤ, ਨੂਰ, ਗੁਰਜੰਟ ਅਤੇ ਇਹਦੇ ਵਰਗੇ ਹੋਰ ਕਿੰਨੇ ਹੀ ਨੌਜਵਾਨ ਗੁਮਰਾਹ ਹੋਏ ਨੌਜਵਾਨਾਂ ਨੂੰ ਵੀ ਸਹੀ ਰਾਹ @ਤੇ ਲਿਆ ਕੇ ਇੱਕ ਵੱਡੇ ਬਦਲਾਅ ਵੱਲ ਤੋਰ ਸਕਦੇ ਹਨ। ਫਿਲਮ ਦਾ ਤੇ ਫਿਲਮ ਦੀ ਟੀਮ ਦਾ ਮਨੋਰਥ ਵੀ ਸ਼ਾਇਦ ਇਹੀ ਦੱਸਣਾ ਹੈ ਕਿ ਨੌਜਵਾਨ ਸ਼ਕਤੀ ਨੂੰ ਵੀ ਚੰਗੇ ਪਾਸੇ ਲਾਇਆ ਜਾ ਸਕਦਾ ਹੈ। ਫਿਲਮ ਸਵਾਲ ਖੜ੍ਹੇ ਕਰਦੀ ਹੈ ਕਿ ਮਾੜੇ ਦੌਰ ਲਈ ਜਿੰਮੇਵਾਰ ਧਿਰਾਂ ਦੀ ਨਿਸ਼ਾਨਦੇਹੀ ਕੀਤੀ ਜਾਣੀ ਜਰੂਰੀ ਹੈ। ਫਿਲਮ ਇਹ ਵੀ ਨਿਰਧਾਰਿਤ ਕਰਦੀ ਹੈ ਕਿ ਕਿ ਜੇਕਰ ਨੌਜਵਾਨ ਚਾਹੁਣ ਤਾਂ ਉਹ ਬਹੁਤ ਕੁਝ ਬਦਲਣ ਦੇ ਸਮਰੱਥ ਹਨ ਜਿਵੇਂ ਪ੍ਰੀਤ, ਨੂਰ, ਦੀਪ, ਮਾਸਟਰ ਜੀ ਅਤੇ ਲੱਖੀ ਵਰਗੇ ਨੌਜਵਾਨ ਰਲ ਕੇ ਗੁਰਤੇਜ ਐਮ ਐਲ ਏ ਦੀ ਸਲਤਨਤ ਨੂੰ ਢਹਿ ਢੇਰੀ ਕਰ ਦਿੰਦੇ ਹਨ। ਫਿਲਮ ਵਿੱਚ ਅੰਤ ਤੱਕ ਬਹਾਈ ਰੱਖਣ ਦੀ ਸਮਰੱਥਾ ਹੈ। ਯੋਗਰਾਜ, ਮਹਾਂਵੀਰ ਭੁੱਲਰ, ਸ਼ਵਿੰਦਰ ਵਿੱਕੀ ਤੇ ਮਾਨਵ ਵਿੱਜ ਵਰਗੇ ਸਮਰੱਥ ਅਦਾਕਾਰਾਂ ਨੂੰ ਛੱਡ ਕੇ ਬਾਕੀ ਕਲਾਕਾਰਾਂ ਨੂੰ ਪਹਿਲੀ ਵਾਰ ਵੱਡੇ ਪਰਦੇ @ਤੇ ਦੇਖਿਆ ਹੈ ਪਰ ਲੱਗਦਾ ਨਹੀਂ ਕਿ ਨਵੇਂ ਨੇ। ਥਿਏਟਰ ਦੇ ਇਹ ਕਲਾਕਾਰ ਫਿਲਮ ਦੀ ਜਿੰਦ ਜਾਨ ਹਨ। ਸ਼ਾਇਦ ਇਹਨਾਂ ਕਲਾਕਾਰਾਂ ਤੋਂ ਹੀ ਫਿਲਮ ਨਗਰੀ @ਤੇ ਕਾਬਜ਼ ਲੋਕਾਂ ਨੂੰ ਭੈਅ ਆਇਆ ਹੈ। ਇਸੇ ਕਰਕੇ ਰੋਡੇ ਫਿਲਮ ਦੀ ਸਿਆਸਤ ਨਾਲ ਵੀ ਸਿਆਸਤ ਹੋ ਰਹੀ ਹੈ।

ਸਾਰੀ ਟੀਮ ਨੇ ਸ਼ਾਨਦਾਰ ਕੰਮ ਕੀਤਾ ਹੈ। ਦੀਪ ਦੇ ਕਿਰਦਾਰ ਵਿੱਚ ਵਿਸ਼ਾਲ ਬਰਾੜ ਬੜਾ ਸਹਿਜ ਹੈ। ਪ੍ਰੀਤ ਦੇ ਕਿਰਦਾਰ ਵਿੱਚ ਮੰਝੇ ਹੋਏ ਅਦਾਕਾਰ ਧਨਵੀਰ ਦੀ ਚੁੱਪ ਬੋਲਦੀ ਹੈ। ਉਸਦੇ ਚਿਹਰੇ @ਤੇ ਤਣਾਅ ਨਹੀਂ ਪਰ ਅੰਦਰਲਾ ਗੁੱਸਾ ਸਾਫ ਝਲਕਦਾ ਹੈ। ਕਮਾਲ ਦੀ ਅਦਾਕਾਰੀ ਹੈ ਉਸਦੀ। ਨੂਰ ਦੇ ਕਿਰਦਾਰ ਵਿੱਚ ਬਾਈ ਲੱਖੇ ਲਹਿਰੀ ਦੀ ਟੀਮ ਦੀ ਮੈਂਬਰ ਅਰਵਿੰਦਰ ਕੌਰ ਅਤੇ ਮੁਸਕਾਨ ਦੇ ਕਿਰਦਾਰ ਵਿੱਚ ਮਨਪ੍ਰੀਤ ਡੋਲੀ ਨੇ ਵੀ ਬਾਕਮਾਲ ਅਦਾਕਾਰੀ ਕੀਤੀ ਹੈ। ਕਰੱਪਟ ਥਾਣੇਦਾਰ ਜੀਤਾ ਸਿੰਘ ਦੇ ਰੋਲ ਵਿੱਚ ਥੀਏਟਰ ਵਾਲੇ ਪਿਆਰੇ ਮਿੱਤਰ ਤੀਰਥ ਨੇ ਦਮਦਾਰ ਅਦਾਕਾਰੀ ਕੀਤੀ ਹੈ। ਆਪਣੇ ਨਾਟਕ @ਸਾਰੰਗੀ@ ਦੇ ਕਾਦਰੀ ਭਾਵ ਹੈਪੀ ਪ੍ਰਿੰਸ ਨੂੰ ਭਾਵਪੂਰਤ ਰੋਲ @ਚ ਵੇਖ ਕੇ ਖੁਸ਼ੀ ਹੋਣੀ ਸੁਭਾਵਿਕ ਸੀ। ਉਹਦੇ ਚਿਹਰੇ ਦੇ ਹਾਵ ਭਾਵ ਵੇਖਣੇ ਬਣਦੇ ਹਨ। ਰੰਗ ਹਰਜਿੰਦਰ, ਸੁਖਦੇਵ ਲੱਧੜ, ਬਲਵਿੰਦਰ ਧਾਲੀਵਾਲ, ਰਾਜ ਜੋਧਾਂ ਇੱਕ ਤੋਂ ਇੱਕ ਨੇ। ਇਸ ਫਿਲਮ ਨੇ ਪੰਜਾਬੀ ਸਿਨੇਮੇ ਨੂੰ ਬਹੁਤ ਸਾਰੇ ਨਵਾਂ ਨਵੇਂ ਅਦਾਕਾਰ ਦਿੱਤੇ ਨੇ। ਜਿਨਾਂ ਨੇ ਅੱਗੇ ਚੱਲ ਕੇ ਪੰਜਾਬੀ ਫਿਲਮ ਇੰਡਸਟਰੀ ਦੀ ਦਿਸ਼ਾ ਅਤੇ ਦਸ਼ਾ ਨੂੰ ਬਦਲਣਾ ਹੈ। ਰੋਡੇ ਕਾਲਜ ਫਿਲਮ ਲੀਕ ਤੋਂ ਹਟਵੀਂ ਹੈ। ਜਤਿੰਦਰ ਮੌਹਰ ਅਤੇ ਰਾਣਾ ਰਣਬੀਰ ਜਿਹੇ ਸੂਝਵਾਨ ਲੇਖਕਾਂ ਨਿਰਦੇਸ਼ਕਾਂ ਦੀ ਕਤਾਰ ਵਿੱਚ ਹੈਪੀ ਰੋਡੇ ਦਾ ਖੜ੍ਹਨਾ ਪੰਜਾਬੀ ਸਿਨੇਮੇ ਲਈ ਸ਼ੁਭ ਸ਼ਗਨ ਹੈ। ਫਿਲਮ ਦਾ ਗੀਤ ਸੰਗੀਤ ਰੂਹ ਨੂੰ ਤਾਜਗੀ ਬਖਸ਼ਦਾ ਹੈ। ਬਹੁਤ ਸਾਰੇ ਸੰਵਾਦ ਖਿੱਚ ਪਾਉਂਦੇ ਨੇ। ਇਹ ਫਿਲਮ ਪੰਜਾਬ ਦੇ ਯੂਥ ਨੂੰ ਦੇਖਣੀ ਚਾਹੀਦੀ ਹੈ। ਬਲਕਿ ਪਰਿਵਾਰਾਂ ਸਮੇਤ ਦੇਖਣੀ ਚਾਹੀਦੀ ਹੈ। ਫਿਲਮ ਵੇਖਣ ਤੇ ਤੁਸੀਂ ਮਹਿਸੂਸ ਕਰ ਸਕਦੇ ਹੋ ਕਿ ਕਾਲਜ ਕੇਵਲ ਲੜਾਈਆਂ ਦਾ ਅੱਡਾ ਨਹੀਂ ਹਨ, ਇੱਥੋਂ ਬਹੁਤ ਸਾਰੀ ਅਜਿਹੀ ਅੱਗ ਪੈਦਾ ਹੋ ਸਕਦੀ ਹੈ ਜਿਹੜੀ ਸਮਾਜ ਨੂੰ ਬਦਲਣ ਦੇ ਸਮਰੱਥ ਹੋ ਸਕਦੀ ਹੈ।

ਰੋਡੇ ਕਾਲਜ ਮੇਰਾ ਪਿਆਰਾ ਕਾਲਜ ਹੈ। ਮੈਨੂੰ ਆਪਣੇ ਇਸ ਰੋਡੇ ਕਾਲਜ ਤੇ ਮਾਣ ਹੈ। ਪੰਜਾਬ ਦੇ ਬਹੁਤ ਵੱਡੇ ਵੱਡੇ ਇੰਜੀਨੀਅਰ ਇਸ ਕਾਲਜ ਨੇ ਪੈਦਾ ਕੀਤੇ ਨੇ। ਸਾਹਿਤ ਅਕੈਡਮੀ ਅਵਾਰਡ ਜੇਤੂ ਸ਼ਾਇਰ ਜਸਵਿੰਦਰ (ਕੱਕੀ ਰੇਤ ਦੇ ਵਰਕੇ, ਅਗਰਬੱਤੀ ਪੁਸਤਕਾਂ ਦਾ ਕਰਤਾ) ਮੇਰੇ ਰੋਡੇ ਪਾਲੀਟੈਕਨਿਕ ਕਾਲਜ ਦਾ ਵਿਦਿਆਰਥੀ ਰਿਹਾ। ਪੰਜਾਬੀ ਗਜ਼ਲ ਦਾ ਮਾਣ ਮੱਤਾ ਨਾਂ ਗੁਰਤੇਜ ਕੋਹਾਰਵਾਲਾ, ਲੋਕ ਸੰਘਰਸ਼ਾਂ ਨਾਲ ਹੁਣ ਤੱਕ ਜੁੜਿਆ ਹੋਇਆ ਸੁਖਦਰਸ਼ਨ ਨੱਤ ਢਾਹਾਂ ਪੁਰਸਕਾਰ ਜੇਤੂ ਕਹਾਣੀਕਾਰ ਹਰਪ੍ਰੀਤ ਸੇਖਾ, ਨਰੇਸ਼ ਰੁਪਾਣਾ, ਗੁਰਮੀਤ ਮਾਨ, ਤਰਲੋਚਨ ਸਿੰਘ ਤੇ ਹੋਰ ਅਜਿਹੇ ਕਿੰਨੇ ਹੀ ਨਾਮਵਰ ਲੋਕ ਨੇ ਜਿਹੜੇ ਰੋਡੇ ਕਾਲਜ ਦੀ ਪੈਦਾਵਾਰ ਨੇ। ਰੋਡੇ ਆਪਣੇ ਆਪ ਵਿੱਚ ਇੱਕ ਸੰਸਥਾ ਹੈ। ਪੋਲੀਟੈਕਨਿਕ ਕਾਲਜ ਦੇ ਨਾਲ ਨਾਲ ਰੋਡੇ ਡਿਗਰੀ ਕਾਲਜ ਦੀ ਵੀ ਆਪਣੀ ਇੱਕ ਮਹੱਤਤਾ ਹੈ। ਸੀਨੀਅਰ ਸੈਕੰਡਰੀ ਸਕੂਲ ਵੀ ਹੈ। ਇਹ ਤਿੰਨੇ ਸੰਸਥਾਵਾਂ ਰਲ ਕੇ ਹੀ ਜਿਵੇਂ ਰੋਡੇ ਕਾਲਜ ਬਣਦਾ ਹੈ। ਪੰਜਾਬ ਦੇ ਵਿੱਚ ਕੋਈ ਵੀ ਲਹਿਰ ਚੱਲੀ ਹੈ ਇਹਨਾਂ ਕਾਲਜਾਂ ਦਾ ਉਸ ਲਹਿਰ ਵਿੱਚ ਮੋਹਰੀ ਰੋਲ ਰਿਹਾ ਹੈ। ਇਸ ਕਾਲਜ ਨੇ ਪੰਜਾਬ ਦੀ ਸਿਆਸਤ ਨੂੰ ਪ੍ਰਭਾਵਿਤ ਕੀਤਾ ਹੈ। ਮੈਂ ਜਦੋਂ ਵੀ ਇਸ ਕੋਲ ਲੰਘਦਾ ਹਾਂ ਸਿਰ ਝੁਕਦਾ ਹੈ।

ਰੋਡੇ ਕਾਲਜ ਫਿਲਮ ਪੰਜਾਬ ਦੀਆਂ ਉੱਚ ਸੰਸਥਾਵਾਂ ਦੀ ਕਹਾਣੀ ਬਿਆਨ ਕਰਦੀ ਹੈ ਤੇ ਵਿਦਿਆਰਥੀਆਂ ਸਿਰ ਇਹ ਜਿੰਮੇਵਾਰੀ ਪਾਉਂਦੀ ਹੈ ਕਿ ਉਹ ਉਹਨਾਂ ਤਾਕਤਾਂ ਦੀ ਪਹਿਚਾਣ ਕਰਨ ਜਿਹੜੀਆਂ ਉਹਨਾਂ ਦੀ ਊਰਜਾ ਨੂੰ ਗਲਤ ਪਾਸੇ ਲਾ ਕੇ ਤਬਾਹੀ ਵੱਲ ਲੈ ਕੇ ਜਾਂਦੀਆਂ ਹਨ। ਹੈਪੀ ਰੋਡੇ ਦੀ ਇਹ ਫਿਲਮ ਪੰਜਾਬੀ ਸਿਨੇਮੇ ਦੀ ਨਵੀਂ ਕਿਸਮ ਦੀ ਦਿਸ਼ਾ ਨਿਰਧਾਰਿਤ ਕਰੇਗੀ।

ਫਿਲਮ ਦੇਖਦਿਆਂ ਅੱਧ ਤੋਂ ਬਾਅਦ ਕਈ ਵਾਰ ਤੁਹਾਡੇ ਹੰਝੂ ਆਪ ਮੁਹਾਰੇ ਵਗ ਪੈਂਦੇ ਨੇ। ਤੁਸੀਂ ਭਾਵਕ ਹੁੰਦੇ ਹੋ। ਕਈ ਵਾਰ ਤੁਹਾਡੀਆਂ ਮੁੱਠੀਆਂ ਮੀਚੀਆਂ ਜਾਂਦੀਆਂ ਹਨ। ਫਿਲਮ ਹਸਾਉਂਦੀ ਹੈ, ਭਾਵਕ ਕਰਦੀ ਹੈ, ਰਵਾਉਂਦੀ ਹੈ ਤੇ ਅੰਤ ਤੁਹਾਨੂੰ ਸੋਚਣ ਲਈ ਮਜਬੂਰ ਕਰਦੀ ਹੈ। ਸਾਹਿਤ, ਸਿਨੇਮਾ ਜਾਂ ਕਲਾ ਦੀ ਹਰ ਕਿਸਮ ਦਾ ਇਹੋ ਹੀ ਮਨੋਰਥ ਹੁੰਦਾ ਹੈ। ਫਿਲਮ ਦੀ ਸਾਰੀ ਟੀਮ ਨੂੰ ਬਹੁਤ ਬਹੁਤ ਮੁਬਾਰਕਾਂ।

ਜਿੰਦਾਬਾਦ ਰਹੋ ਰੋਡੇ ਕਾਲਜ ਵਾਲਿਓ!

**ਗੁਰਮੀਤ ਕੜਿਆਲਵੀ**















ਟੋਰਾਂਟੋ ਕਬੱਡੀ ਸੀਜ਼ਨ-2024

# ਓਂਟਾਰੀਓ ਕਬੱਡੀ ਕਲੱਬ ਨੇ ਖਿਤਾਬੀ ਜਿੱਤ ਨਾਲ ਕੀਤੀ ਸ਼ਾਨਦਾਰ ਵਾਪਸੀ

## ➢ ਇੰਟਰਨੈਸ਼ਨਲ ਪੰਜਾਬੀ ਸਪੋਰਟਸ ਕਲੱਬ ਨੇ ਕਰਵਾਇਆ ਸ਼ਾਨਦਾਰ ਕੱਪ ➢ ਰਵੀ ਦਿਉਰਾ ਤੇ ਵਾਹਿਗੁਰੂ ਸੀਚੇਵਾਲ ਬਣੇ ਸਰਵੋਤਮ ਖਿਡਾਰੀ



1. ਮੇਜ਼ਬਾਨ ਇੰਟਰਨੈਸ਼ਨਲ ਸਪੋਰਟਸ ਕਲੱਬ ਦੀ ਟੀਮ ਆਪਣੇ ਪ੍ਰਬੰਧਕਾਂ ਨਾਲ।



ਕੱਪ ਜਿੱਤਣ ਵਾਲੀ ਓ. ਕੇ. ਸੀ. ਕਲੱਬ ਦੀ ਟੀਮ ਆਪਣੇ ਕਲੱਬ ਪ੍ਰਬੰਧਕਾਂ ਤੇ ਕੋਚਾਂ ਨਾਲ।



ਮੁੱਖ ਪ੍ਰਬੰਧਕ ਇੰਦਰਜੀਤ ਸਿੰਘ ਧੁੱਗਾ ਤੇ ਸਾਥੀ ਕੱਪ ਜੇਤੂ ਓ ਕੇ ਸੀ ਕਲੱਬ ਟੀਮ ਦੇ ਖਿਡਾਰੀ ਰਵੀ ਦਿਉਰਾ ਤੇ ਵਾਹਿਗੁਰੂ ਸੀਚੇਵਾਲ ਨੂੰ ਟਰਾਫੀਆਂ ਪ੍ਰਦਾਨ ਕਰਦੇ ਹੋਏ।

ਇੰਟਰਨੈਸ਼ਨਲ ਪੰਜਾਬੀ ਸਪੋਰਟਸ ਕਲੱਬ ਵੱਲੋਂ ਕਰਵਾਇਆ ਗਿਆ ਟੋਰਾਂਟੋ ਕਬੱਡੀ ਸੀਜ਼ਨ-2024 ਦਾ ਦੂਸਰਾ ਕਬੱਡੀ ਕੱਪ ਪਿਛਲੇ ਵਰ੍ਹੇ ਦੀ ਓਵਰਆਲ ਚੈਂਪੀਅਨ ਓਂਟਾਰੀਓ ਕਬੱਡੀ ਕਲੱਬ (ਓ.ਕੇ.ਸੀ.) ਨੇ ਜਿੱਤਣ ਦਾ ਮਾਣ ਪ੍ਰਾਪਤ ਕੀਤਾ ਹੈ। ਜਦੋਂਕਿ ਗ੍ਰੇਟਰ ਟੋਰਾਂਟੋ ਏਰੀਆ ਕਬੱਡੀ ਕਲੱਬ (ਜੀਟੀਏ) ਦੀ ਟੀਮ ਉਪ ਜੇਤੂ ਰਹੀ। ਇੱਕ ਵਾਰ ਫਿਰ ਜੇਤੂ ਟੀਮ ਦਾ ਖਿਡਾਰੀ ਤੇ ਹਰਿਆਣਵੀ ਛੋਹਰਾ ਰਵੀ ਦਿਉਰਾ ਸਰਵੋਤਮ ਧਾਵੀ ਬਣਿਆ ਅਤੇ ਇਸ ਸੀਜ਼ਨ 'ਚ ਪਹਿਲੀ ਵਾਰ ਵਾਹਿਗੁਰੂ ਸੀਚੇਵਾਲ ਬਿਹਤਰੀਨ ਜਾਫੀ ਬਣਿਆ। ਜੂਨੀਅਰ ਟੀਮਾਂ ਦੇ ਮੁਕਾਬਲੇ 'ਚ ਇੰਟਰਨੈਸ਼ਨਲ ਪੰਜਾਬੀ ਸਪੋਰਟਸ ਕਲੱਬ ਦੇ ਗੱਭਰੇਟ ਲਗਾਤਾਰ ਦੂਸਰੀ ਵਾਰ ਅੱਵਲ ਰਹੇ। ਇੰਦਰਜੀਤ ਧੁੱਗਾ, ਹਰਵਿੰਦਰ ਬਾਸੀ, ਪ੍ਰਧਾਨ ਮਿੱਠੂ, ਸੁੱਖਾ ਬਾਸੀ, ਰਣਧੀਰ ਸੰਧੂ ਤੇ ਮਨਜੀਤ ਘੋਤੜਾ ਹੋਰਾਂ ਦੀ ਅਗਵਾਈ 'ਚ ਕਰਵਾਏ ਗਏ ਇਸ ਕੱਪ ਦੀ ਜੇਤੂ ਟੀਮ ਨੂੰ ਸਾਬਕਾ ਐਮ.ਪੀ. ਰਾਜ ਗਰੇਵਾਲ ਵੱਲੋਂ ਅਤੇ ਉਪ ਜੇਤੂ ਟੀਮ ਨੂੰ ਸੇਫੈਕਸ ਟਰਾਂਸਪੋਰਟ ਦੇ ਮਾਲਕ ਰਮਿੰਦਰਜੀਤ ਸਿੰਘ ਤੇ ਅਮਨਦੀਪ ਸਿੰਘ ਵੱਲੋਂ ਦਿੱਤਾ ਗਿਆ। ਹਜ਼ਾਰਾਂ ਦਰਸ਼ਕਾਂ ਨੇ ਖੁਸ਼ਗਵਾਰ ਮੌਸਮ 'ਚ ਅਨੰਦ ਮਾਣਿਆ। ਇਸ ਮੌਕੇ ਪਿਛਲੇ ਦਿਨੀ ਸਦੀਵੀ ਵਿਛੋੜਾ ਦੇਣ ਵਾਲੇ ਨਾਮਵਰ ਕਬੱਡੀ ਖਿਡਾਰੀ ਨਿਰਭੈ ਹਠੂਰ ਤੇ ਪਰਮਜੀਤ ਸਿੰਘ ਪੰਮਾ ਸੋਹਾਣਾ ਨੂੰ ਪ੍ਰਬੰਧਕਾਂ, ਖਿਡਾਰੀਆਂ ਤੇ ਦਰਸ਼ਕਾਂ ਨੇ ਮੋਨ ਧਾਰਕੇ ਸ਼ਰਧਾ ਦੇ ਫੁੱਲ ਭੇਟ ਕੀਤੇ।

ਪ੍ਰਬੰਧਕੀ ਟੀਮ:- ਇੰਟਰਨੈਸ਼ਨਲ ਪੰਜਾਬੀ ਸਪੋਰਟਸ ਕਲੱਬ ਦੇ ਸੰਚਾਲਕ ਇੰਦਰਜੀਤ ਧੁੱਗਾ, ਹਰਵਿੰਦਰ ਬਾਸੀ, ਮਿੱਠੂ ਪ੍ਰਧਾਨ, ਰਣਧੀਰ ਸੰਧੂ ਮਾਣੂਕੇ, ਮਨਜੀਤ ਘੋਤੜਾ, ਸੁੱਖਾ ਬਾਸੀ, ਜਸ ਸੋਹਲ, ਕੁਲਵਰਨ ਧੁੱਗਾ, ਵੀਰਪਾਲ ਧੁੱਗਾ, ਮਹਾਂਵੀਰ ਗਰੇਵਾਲ, ਮਿੱਠੂ ਪ੍ਰਧਾਨ, ਸੁੱਖਾ ਢੇਸੀ, ਬਲਵਿੰਦਰ ਧਾਲੀਵਾਲ, ਪੁਸ਼ਵਿੰਦਰ ਘੋਤੜਾ, ਚਮਕੌਰ ਬਰਾੜ, ਉਸਾਮਾ, ਰੂਬਨ ਚਾਹਲ, ਸ਼ਿੰਦਰ ਧਾਲੀਵਾਲ, ਜੋਗਿੰਦਰ ਬਾਜਵਾ, ਗੁਰਿੰਦਰ ਭੁੱਲਰ, ਅਮਰਜੀਤ ਗੋਰਾਇਆ, ਰੇਸ਼ਮ ਰਾਜਸਥਾਨੀ, ਰਾਜਵਿੰਦਰ ਗਿੱਲ, ਹਰਦਿਆਲ ਭੁੱਲਰ, ਪਰ◆ਦਰ ਜੌਹਲ, ਅਵਤਾਰ ਸਮਰਾ, ਬਲਜੀਤ ਚੌਹਾਨ, ਸੁਖਵਿੰਦਰਪਾਲ ਰਾਏ, ਕਰਨ ਘੁਮਾਣ,ਜਗਦੀਪ ਰਿਆੜ, ਸੁੱਖ ਤਾਤਲਾ, ਹਰਭਜਨ ਘੋਤਰਾ, ਹਰਨੇਕ ਚਾਹਲ, ਐਂਡੀ ਗਰੇਵਾਲ, ਜਰਨੈਲ ਤੂਰ, ਲਖਵੀਰ ਢੇਸੀ, ਮਨਜੀਤ ਪੰਡੋਰੀ, ਜੋਰਾ ਸਿੰਘ ਪੁੱਤਰ ਗੰਗਾ ਸਿੰਘ, ਲੱਖਾ ਢੀਂਡਸਾ, ਗੁਰਮੇਲ ਕੁਨਰ, ਤੇਜੀ ਦਿਉਲ, ਤੀਰਥ ਸਿੰਘ ਤੇ ਰਾਣਾ ਗਿੱਲ ਹੋਰਾਂ ਵੱਲੋਂ ਸਖਤ ਮਿਹਨਤ ਨਾਲ ਕਰਵਾਇਆ ਗਿਆ।

ਮਹਿਮਾਨ-ਸਨਮਾਨ:- ਇਸ ਕੱਪ ਦੌਰਾਨ ਬਹੁਤ ਸਾਰੀਆਂ ਰਾਜਨੀਤਿਕ, ਸਮਾਜਿਕ ਤੇ ਖੇਡਾਂ ਨਾਲ ਜੁੜੀਆਂ ਸ਼ਖ਼ਸ਼ੀਅਤਾਂ ਨੇ ਸ਼ਮੂਲੀਅਤ ਕੀਤੀ। ਇਸ ਮੌਕੇ ਸਾਬਕਾ ਮੈਂਬਰ ਪਾਰਲੀਮੈਂਟ ਰਾਜ ਗਰੇਵਾਲ ਵਿਸ਼ੇਸ਼ ਮਹਿਮਾਨ ਵਜੋਂ ਪੁੱਜੇ। ਇਸ ਮੌਕੇ ਬੀਸੀ ਕਬੱਡੀ ਫੈਡਰੇਸ਼ਨ ਤੋਂ ਬੱਬਲ ਸੰਗਰੂਰ, ਬਲਰਾਜ ਸੰਘਾ, ਵੈਨਕੂਵਰ ਤੋਂ ਗਿਆਨ ਬਿਨਿੰਗ, ਸਾਬਕਾ ਕਬੱਡੀ ਖਿਡਾਰੀ ਕਿੰਦਾ ਬਿਹਾਰੀਪੁਰ, ਸੰਦੀਪ ਲੱਲੀਆਂ, ਕੀਪਾ ਟਾਂਡਾ, ਦਿਲਮੇਘ ਸਿੰਘ ਖੱਟੜਾ ਆਦਿ ਪੁੱਜੇ।

ਕਬੱਡੀ ਮੁਕਾਬਲੇ:- ਇਸ ਕੱਪ ਦੇ ਪਹਿਲੇ ਮੈਚ 'ਚ ਮੈਟਰੋ ਪੰਜਾਬੀ ਸਪੋਰਟਸ ਕਲੱਬ ਨੇ ਫਸਵੇਂ ਮੁਕਾਬਲੇ 'ਚ ਟੋਰਾਂਟੋ ਪੰਜਾਬੀ ਕਬੱਡੀ ਕਲੱਬ ਨੂੰ 38-35.5 ਅੰਕਾਂ ਨਾਲ ਹਰਾਇਆ। ਦੂਸਰੇ ਮੈਚ 'ਚ ਓ.ਕੇ.ਸੀ. ਕਲੱਬ ਨੇ ਜੀ.ਟੀ.ਏ. ਕਲੱਬ ਨੂੰ 43-26.5 ਅੰਕਾਂ ਨਾਲ ਪਛਾੜਕੇ, ਆਖਰੀ ਚਾਰ 'ਚ ਥਾਂ ਬਣਾਈ। ਤੀਸਰੇ ਕਾਂਟੇਦਾਰ ਮੈਚ 'ਚ ਯੂਨਾਈਟਡ ਬਰੈਂਪਟਨ ਸਪੋਰਟਸ ਕਲੱਬ ਨੇ ਟੋਰਾਂਟੋ ਪੰਜਾਬੀ ਸਪੋਰਟਸ ਕਲੱਬ ਨੂੰ 39.5-36 ਅੰਕਾਂ ਨਾਲ ਹਰਾਕੇ ਸੈਮੀਫਾਈਨਲ 'ਚ ਪ੍ਰਵੇਸ਼ ਕੀਤਾ। ਚੌਥੇ ਮੈਚ 'ਚ ਬੇਹੱਦ ਰੋਚਕ ਮੁਕਾਬਲੇ 'ਚ ਜੀਟੀਏ ਕਲੱਬ ਨੇ ਇੰਟਰਨੈਸ਼ਨਲ ਪੰਜਾਬੀ ਸਪੋਰਟਸ ਕਲੱਬ ਨੂੰ 37-35.5 ਅੰਕਾਂ ਨਾਲ ਹਰਾਇਆ।

ਪਹਿਲੇ ਸੈਮੀਫਾਈਨਲ 'ਚ ਓ.ਕੇ.ਸੀ. ਦੀ ਟੀਮ ਨੇ ਪਿਛਲੇ ਕੱਪ ਦੀ ਜੇਤੂ ਯੂਨਾਈਟਡ ਬਰੈਂਪਟਨ ਸਪੋਰਟਸ ਕਲੱਬ ਦੀ ਟੀਮ ਨੂੰ 42-37.5 ਅੰਕਾਂ ਨਾਲ ਹਰਾਕੇ, ਲਗਾਤਾਰ ਦੂਸਰੀ ਵਾਰ ਫਾਈਨਲ 'ਚ ਪ੍ਰਵੇਸ਼ ਕੀਤਾ। ਦੂਸਰੇ ਸੈਮੀਫਾਈਨਲ 'ਚ ਜੀ.ਟੀ.ਏ. ਕਲੱਬ ਦੀ ਟੀਮ ਨੇ ਮੈਟਰੋ ਪੰਜਾਬੀ ਸਪੋਰਟਸ ਕਲੱਬ ਦੀ ਟੀਮ ਨੂੰ ਦਿਲਕਸ਼ ਮੈਚ 'ਚ 40-37.5 ਅੰਕਾਂ ਨਾਲ ਹਰਾਕੇ, ਫਾਈਨਲ 'ਚ ਪ੍ਰਵੇਸ਼ ਕੀਤਾ। ਖਿਤਾਬੀ ਮੁਕਾਬਲੇ 'ਚ ਓ.ਕੇ.ਸੀ. ਕਲੱਬ ਦੀ ਟੀਮ ਨੇ ਜੀ.ਟੀ.ਏ. ਕਲੱਬ ਦੀ ਟੀਮ ਨੂੰ 49-37.5 ਅੰਕਾਂ ਨਾਲ ਹਰਾਕੇ, ਚੈਂਪੀਅਨ ਬਣਨ ਦਾ ਮਾਣ ਹਾਸਲ ਕੀਤਾ।

ਸਰਵੋਤਮ ਖਿਡਾਰੀ:- ਇਸ ਟੂਰਨਾਮੈਂਟ ਦੌਰਾਨ ਸਰਵੋਤਮ ਖਿਡਾਰੀਆਂ ਦੇ ਖਿਤਾਬ ਵੀ ਚੈਂਪੀਅਨ ਟੀਮ ਦੇ ਹਿੱਸੇ ਆਏ। ਨਵੇਂ ਨਿਯਮ ਅਨੁਸਾਰ ਸੈਮੀ ਤੇ ਫਾਈਨਲ ਮੈਚਾਂ ਦੀ ਕਾਰਗੁਜ਼ਾਰੀ ਦੇ ਅਧਾਰ 'ਤੇ ਚੁਣੇ ਗਏ ਸਰਵੋਤਮ ਖਿਡਾਰੀਆਂ ਤਹਿਤ ਰਵੀ ਦਿਉਰਾ ਨੇ 32 ਧਾਵਿਆਂ ਤੋਂ 28 ਅੰਕ ਹਾਸਲ ਕਰਕੇ, ਬਿਹਤਰੀਨ ਧਾਵੀ ਦਾ ਖਿਤਾਬ ਜਿੱਤਿਆ। ਵਾਹਿਗੁਰੂ ਸੀਚੇਵਾਲ ਨੇ 21 ਕੋਸ਼ਿਸ਼ਾਂ ਤੋਂ 11 ਅੰਕ ਹਾਸਲ ਕਰਕੇ, ਸਰਵੋਤਮ ਜਾਫੀ ਬਣਨ ਦਾ ਐਜਾਜ਼ ਹਾਸਲ ਕੀਤਾ।

ਸੰਚਾਲਕ ਦਲ:- ਇਸ ਟੂਰਨਾਮੈਂਟ ਦਾ ਸੰਚਾਲਨ ਅੰਪਾਇਰ ਪੱਪੂ ਭਦੌੜ, ਬਲਵੀਰ ਨਿੱਝਰ, ਸਵਰਨਾ ਵੈਲੀ, ਬਿੰਨਾ ਮਲਿਕ, ਨੀਟੂ ਸਰਾਏ ਤੇ ਸਾਬੀ ਨੇ ਕੀਤਾ। ਟੀਵੀ ਅੰਪਾਇਰਾਂ ਦੀ ਜਿੰਮੇਵਾਰੀ ਸਾਬਕਾ ਖਿਡਾਰੀ ਬੀਰਾ ਸਿੱਧਵਾਂ ਤੇ ਅਜਮੇਰ ਜਲਾਲ, ਟਾਈਮਕੀਪਰ ਦੀ ਭੂਮਿਕਾ ਕਾਲਾ ਕੰਮੇਆਨਾ ਨੇ ਨਿਭਾਈ। ਪੂਰੇ ਮੈਚਾਂ ਦੇ ਹਰ ਇੱਕ ਅੰਕ ਦਾ ਵੇਰਵਾ ਜਸਵੰਤ ਖੜਗ ਤੇ ਮਨੀ ਖੜਗ ਨੇ ਇਕੱਤਰ ਕੀਤਾ। ਪ੍ਰੋ. ਮੱਖਣ ਸਿੰਘ ਹਕੀਮਪੁਰ, ਸੁਰਜੀਤ ਕਕਰਾਲੀ, ਛਿੰਦਰ ਧਾਲੀਵਾਲ, ਮੱਖਣ ਅਲੀ, ਇਕਬਾਲ ਗਾਲਿਬ ਤੇ ਪ੍ਰਿਤਾ ਸ਼ੇਰਗੜ੍ਹ ਚੀਮਾ ਨੇ ਆਪਣੀ ਕੁਮੈਂਟਰੀ ਕਲਾ ਰਾਹੀਂ ਮੈਚਾਂ ਨੂੰ ਰੋਚਕ ਬਣਾਕੇ ਪੇਸ਼ ਕੀਤਾ।

ਤਿਰਛੀ ਨਜ਼ਰ:- ਮੇਜ਼ਬਾਨ ਕਲੱਬ ਵੱਲੋਂ ਖੇਡ ਮੈਦਾਨ 'ਚ ਤਸਵੀਰਾਂ ਖਿੱਚਣ ਦੀ ਪ੍ਰੰਪਰਾ ਦੀ ਥਾਂ ਇਸ ਵਾਰ ਖੇਡ ਮੈਦਾਨ ਤੋਂ ਬਾਹਰ ਟੀਮਾਂ ਤੇ ਇਨਾਮ-ਸਨਮਾਨ ਦੀਆਂ ਤਸਵੀਰਾਂ ਖਿੱਚਣ ਦਾ ਸਿਲਸਿਲਾ ਸ਼ੁਰੂ ਕਰਨ ਲਈ ਵਿਸ਼ੇਸ਼ ਮੰਚ ਬਣਾਇਆ ਗਿਆ। ਜਿਸ ਪਿੱਛੇ ਵੱਖ-ਵੱਖ ਸਪਾਂਸਰਜ਼ ਦੇ ਲੋਗੋ ਲਗਾਏ ਗਏ ਸਨ। ਇਹ ਕਦਮ ਸ਼ਲਾਘਾਯੋਗ ਰਿਹਾ। ਵਧੀਆ ਘਾਹਦਾਰ ਮੈਦਾਨ 'ਚ ਖੇਡੇ ਗਏ ਇਸ ਟੂਰਨਾਮੈਂਟ ਦੌਰਾਨ ਸਭ ਤੋਂ ਵੱਡੀ ਖੁਸ਼ਨੁਮਾ ਗੱਲ ਇਹ ਰਹੀ ਕਿ ਖਿਡਾਰੀ ਸੱਟਾਂ-ਫੇਟਾਂ ਤੋਂ ਬਚੇ ਰਹੇ ਦੱਸਣਯੋਗ ਹੈ ਕਿ ਪਹਿਲੇ ਟੂਰਨਾਮੈਂਟ 'ਚ ਅੱਧੀ ਦਰਜ਼ਨ ਦੇ ਕਰੀਬ ਖਿਡਾਰੀ ਜਖਮੀ ਹੋ ਗਏ ਸਨ। ਡਾ. ਸੁਖਦਰਸ਼ਨ ਸਿੰਘ ਚਹਿਲ ਨੇ ਦੱਸਿਆ ਕਿ ਇਸ ਕਬੱਡੀ ਸੀਜ਼ਨ ਦੌਰਾਨ ਕਬੱਡੀ ਫੈਡਰੇਸ਼ਨ ਆਫ ਓਂਟਾਰੀਓ ਵੱਲੋਂ ਪ੍ਰਧਾਨ ਜਸਵਿੰਦਰ ਸਿੰਘ ਜਸ ਛੋਕਰ, ਚੇਅਰਮੈਨ ਇੰਦਰਜੀਤ ਧੁੱਗਾ, ਮੀਤ ਪ੍ਰਧਾਨ ਸ਼ੇਰਾ ਮੰਡੇਰ, ਮੇਜਰ ਨੱਤ ਸਕੱਤਰ, ਰਾਣਾ ਸਿੱਧੂ ਖਜ਼ਾਨਚੀ, ਮਲਕੀਤ ਦਿਉਲ ਡਾਇਰੈਕਟਰ, ਸੁੱਖਾ ਰੰਧਾਵਾ ਡਾਇਰੈਕਟਰ ਤੇ ਸਮੂਹ ਮੈਂਬਰ ਸਾਹਿਬਾਨਾਂ ਦੀ ਅਗਵਾਈ 'ਚ ਬਹੁਤ ਸਾਰੇ ਨਵੇਂ ਨਿਯਮ ਬਣਾਏ ਗਏ ਜਿੰਨਾਂ ਨਾਲ ਓਂਟਾਰੀਓ ਦੀ ਕਬੱਡੀ ਦਾ ਮਿਆਰ ਹੋਰ ਉੱਚਾ ਕਰ ਦਿੱਤਾ।

# ਟੋਰਾਂਟੋ ਪੰਜਾਬੀ ਸਪੋਰਟਸ ਕਲੱਬ ਬਣਿਆ ਨਵਾਂ ਚੈਂਪੀਅਨ

## ➢ ਜੀ ਟੀ ਏ ਕਬੱਡੀ ਕਲੱਬ ਨੇ ਕਰਵਾਇਆ ਸ਼ਾਨਦਾਰ ਕੱਪ ➢ ਬੰਟੀ ਟਿੱਬਾ ਤੇ ਸ਼ੀਲੂ ਬਾਹੂ ਅਕਬਰਪੁਰ ਬਣੇ ਸਰਵੋਤਮ ਖਿਡਾਰੀ



ਕੱਪ ਦੀ ਮੇਜ਼ਬਾਨ ਜੀ ਟੀ ਏ ਕਲੱਬ ਦੇ ਅਹੁਦੇਦਾਰ ਅਤੇ ਕਬੱਡੀ ਟੀਮ



ਜੀ ਟੀ ਏ ਕਬੱਡੀ ਕੱਪ ਦੀ ਜੇਤੂ ਟੋਰਾਂਟੋ ਪੰਜਾਬੀ ਸਪੋਰਟਸ ਕਲੱਬ ਦੀ ਟੀਮ ਨੂੰ ਇਨਾਮ ਦਿੰਦੇ ਹੋਏ ਹੋਏ ਪ੍ਰਬੰਧਕ।

ਗ੍ਰੇਟਰ ਟੋਰਾਂਟੋ ਏਰੀਆ ਕਬੱਡੀ ਕਲੱਬ (ਜੀਟੀਏ) ਵੱਲੋਂ ਕਰਵਾਇਆ ਗਿਆ ਟੋਰਾਂਟੋ ਕਬੱਡੀ ਸੀਜ਼ਨ-2024 ਦਾ ਤੀਸਰਾ ਕਬੱਡੀ ਕੱਪ ਟੋਰਾਂਟੋ ਪੰਜਾਬੀ ਸਪੋਰਟਸ ਕਲੱਬ ਨੇ ਜਿੱਤਣ ਦਾ ਮਾਣ ਪ੍ਰਾਪਤ ਕੀਤਾ ਹੈ। ਉਪ ਜੇਤੂ ਰਹੀ ਯੂਨਾਈਟਡ ਬਰੈਂਪਟਨ ਸਪੋਰਟਸ ਕਲੱਬ ਦੀ ਟੀਮ ਦੇ ਖਿਡਾਰੀ ਬੰਟੀ ਟਿੱਬਾ ਨੇ ਸਰਵੋਤਮ ਧਾਵੀ ਤੇ ਸ਼ੀਲੂ ਬਾਹੂ ਅਕਬਰਪੁਰ ਨੇ ਬਿਹਤਰੀਨ ਜਾਫੀ ਦਾ ਖਿਤਾਬ ਜਿੱਤਿਆ। ਜੂਨੀਅਰ ਟੀਮਾਂ ਦੇ ਮੁਕਾਬਲੇ 'ਚ ਇੰਟਰਨੈਸ਼ਨਲ ਪੰਜਾਬੀ ਸਪੋਰਟਸ ਕਲੱਬ ਦੇ ਗੱਭਰੇਟ ਲਗਾਤਾਰ ਤੀਸਰੀ ਵਾਰ ਅੱਵਲ ਰਹੇ। ਜੀ ਟੀ ਏ ਕਲੱਬ ਦੇ ਪ੍ਰਧਾਨ ਬਿੱਲਾ ਰੰਧਾਵਾ, ਦਲਜੀਤ ਸਹੋਤਾ, ਮੇਜਰ ਨੱਤ, ਜਿੰਦਰ ਬੁੱਟਰ, ਕਰਮਜੀਤ ਸੁੰਨੜ, ਬੰਤ ਨਿੱਝਰ ਤੇ ਸਤਨਾਮ ਸਰਾਏ ਹੋਰਾਂ ਦੀ ਅਗਵਾਈ 'ਚ ਕਰਵਾਏ ਗਏ ਇਸ ਕੱਪ ਦਾ ਹਜ਼ਾਰਾਂ ਦਰਸ਼ਕਾਂ ਨੇ ਖੁਸ਼ਗਵਾਰ ਮੌਸਮ 'ਚ ਅਨੰਦ ਮਾਣਿਆ।

ਗ੍ਰੇਟਰ ਟੋਰਾਂਟੋ ਏਰੀਆ ਕਬੱਡੀ ਕਲੱਬ (ਜੀਟੀਏ) ਵੱਲੋਂ ਇਹ ਟੂਰਨਾਮੈਂਟ ਦਲਜੀਤ ਸਹੋਤਾ ਟੋਰਾਂਟੋ ਟਾਇਰ ਸੈਂਟਰ, ਏਸ਼ੀਅਨ ਫੂਡ ਸੈਂਟਰ ਤੋਂ ਮੇਜਰ ਨੱਤ, ਜਗਦੀਸ਼ ਗਰੇਵਾਲ, ਜੀਤਾ ਨੱਤ, ਸੁਲੱਖਣ ਨੱਤ, ਪਾਪੂਲਰ ਟਾਇਰ ਤੋਂ ਕਰਮਜੀਤ ਸੁੰਨੜ, ਬਲਵੰਤ ਸੰਧੂ, ਜੇ.ਬੀ. ਐਕਸਪ੍ਰੈਸ ਤੋਂ ਸੇਵਾ ਸਿੰਘ ਰੰਧਾਵਾ, ਬਿੱਲਾ ਰੰਧਾਵਾ, ਕੇ ਜੇ ਐਸ ਟਰਾਂਸਪੋਰਟ ਤੋਂ ਜਿੰਦਰ ਬੁੱਟਰ, ਅੰਮ੍ਰਿਤ ਬੁੱਟਰ, ਕੁਲਵੰਤ ਢੀਂਡਸਾ, ਤਨਵੀਰ ਢੀਂਡਸਾ, ਟੀਮ ਸੰਚਾਲਕ ਬੰਤ ਨਿੱਝਰ, ਨੀਲ ਨਿੱਝਰ, ਸਰਾਏ ਟਰੱਕਿੰਗ ਤੋਂ ਸਤਿਨਾਮ ਸਰਾਏ, ਬਿੰਦੀ ਸਰਾਏ, ਸਰਦੂਲ ਥਿਆੜਾ, ਹਰਜਿੰਦਰ ਵਿਰਕ, ਜੋਨੀ, ਨਰਿੰਦਰ ਸਿੱਧੂ, ਬੱਲੀ ਸੰਘਾ, ਗੁਰਨੇਕ ਬੱਲ, ਸਵਰਨ ਨਾਹਲ, ਬਾਬਾ ਜੌਹਨ ਸਿੰਘ ਗਿੱਲ ਅਮਰੀਕਾ, ਤੀਰਥ ਗਾਖਲ, ਲੱਖਾ ਗਾਜੀਪੁਰ ਤੇ ਕੁਲਵੰਤ ਧਾਮੀ ਹੋਰਾਂ ਵੱਲੋਂ ਸਖਤ ਮਿਹਨਤ ਨਾਲ ਕਰਵਾਇਆ ਗਿਆ।



ਸਰਵੋਤਮ ਧਾਵੀ ਸ਼ੀਲੂ ਅਕਬਰਪੁਰ ਤੇ ਬੰਟੀ ਟਿੱਬਾ

ਇਸ ਕੱਪ ਦੌਰਾਨ ਬਹੁਤ ਸਾਰੀਆਂ ਰਾਜਨੀਤਿਕ, ਸਮਾਜਿਕ ਤੇ ਖੇਡਾਂ ਨਾਲ ਜੁੜੀਆਂ ਸ਼ਖ਼ਸ਼ੀਅਤਾਂ ਨੇ ਸ਼ਮੂਲੀਅਤ ਕੀਤੀ। ਇਸ ਮੌਕੇ ਐਮ.ਪੀ. ਜਾਰਜ ਚਾਹਲ, ਟਰਾਂਸਪੋਰਟ ਮੰਤਰੀ ਪ੍ਰਭਮੀਤ ਸਰਕਾਰੀਆ, ਐਮ.ਐਲ.ਏ. ਹਰਦੀਪ ਗਰੇਵਾਲ, ਮੇਅਰ ਪੈਟ੍ਰਿਕ ਬਰਾਊਨ, ਡਿਪਟੀ ਮੇਅਰ ਹਰਕੀਰਤ ਸਿੰਘ, ਹਰਪਾਲ ਸਿੰਘ ਪ੍ਰਧਾਨ ਓਂਟਾਰੀਓ ਖਾਲਸਾ ਦਰਬਾਰ, ਬਲਜੀਤ ਪੰਡੋਰੀ ਆਪਣੇ ਸਾਥੀਆਂ ਸਮੇਤ ਵਿਸ਼ੇਸ਼ ਤੌਰ 'ਤੇ ਪੁੱਜੇ। ਇਸ ਮੌਕੇ ਸਾਬਕਾ ਕਬੱਡੀ ਖਿਡਾਰੀ ਕਿੰਦਾ ਬਿਹਾਰੀਪੁਰ, ਸੰਦੀਪ ਲੱਲੀਆਂ, ਸੰਦੀਪ ਗੁਰਦਾਸਪੁਰ ਤੇ ਬਹੁਤ ਸਾਰੀਆਂ ਕਬੱਡੀ ਨਾਲ ਜੁੜੀਆ ਸ਼ਖ਼ਸ਼ੀਅਤਾਂ ਪੁੱਜੀਆਂ।

ਇਸ ਕੱਪ ਦੇ ਪਹਿਲੇ ਮੈਚ 'ਚ ਇੰਟਰਨੈਸ਼ਨਲ ਪੰਜਾਬੀ ਸਪੋਰਟਸ ਕਲੱਬ ਨੇ ਚੋਟੀ ਦੀ ਟੀਮ ਯੂਨਾਈਟਡ ਬਰੈਂਪਟਨ ਸਪੋਰਟਸ ਕਲੱਬ ਦੀ ਟੀਮ ਨੂੰ ਰੋਚਕ ਮੁਕਾਬਲੇ 'ਚ 38-32 (21-14) ਅੰਕਾਂ ਨਾਲ ਹਰਾਕੇ ਸੈਮੀਫਾਈਨਲ 'ਚ ਥਾਂ ਬਣਾਈ। ਦੂਸਰੇ ਮੈਚ 'ਚ ਮੈਟਰੋ ਪੰਜਾਬੀ ਸਪੋਰਟਸ ਕਲੱਬ ਨੇ ਮੇਜ਼ਬਾਨ ਜੀ ਟੀ ਏ ਕਲੱਬ ਖਿਲਾਫ 39.5-30 (18.5-17) ਅੰਕਾਂ ਨਾਲ ਜਿੱਤ ਦਰਜ ਕੀਤੀ। ਤੀਸਰੇ ਕਾਂਟੇਦਾਰ ਮੈਚ 'ਚ ਯੂਨਾਈਟਡ ਬਰੈਂਪਟਨ ਸਪੋਰਟਸ ਕਲੱਬ ਦੀ ਟੀਮ ਨੇ ਓਨਟਾਰੀਓ ਕਬੱਡੀ ਕਲੱਬ (ਓ.ਕੇ.ਸੀ.) ਨੂੰ 37-33.5 (19-16.5) ਅੰਕਾਂ ਨਾਲ ਹਰਾਇਆ। ਚੌਥੇ ਮੈਚ 'ਚ ਟੋਰਾਂਟੋ ਪੰਜਾਬੀ ਸਪੋਰਟਸ ਕਲੱਬ ਨੇ ਮੇਜ਼ਬਾਨ ਜੀ ਟੀ ਏ ਕਲੱਬ ਦੀ ਟੀਮ ਨੂੰ 40-32.5 (19-18.5) ਅੰਕਾਂ ਨਾਲ ਹਰਾਇਆ।

ਪਹਿਲੇ ਸੈਮੀਫਾਈਨਲ 'ਚ ਯੂਨਾਈਟਡ ਬਰੈਂਪਟਨ ਸਪੋਰਟਸ ਕਲੱਬ ਦੀ ਟੀਮ ਨੇ ਮੈਟਰੋ ਪੰਜਾਬੀ ਸਪੋਰਟਸ ਕਲੱਬ ਦੀ ਟੀਮ ਨੂੰ 44.5-35 (26.5-19) ਅੰਕਾਂ ਦੇ ਵੱਡੇ ਅੰਤਰ ਨਾਲ ਹਰਾਕੇ, ਖਿਤਾਬੀ ਦੌੜ 'ਚ ਨਾਮ ਦਰਜ ਕਰਾਇਆ। ਦੂਸਰੇ ਸੈਮੀਫਾਈਨਲ 'ਚ ਟੋਰਾਂਟੋ ਪੰਜਾਬੀ ਸਪੋਰਟਸ ਕਲੱਬ ਨੇ ਇੰਟਰਨੈਸ਼ਨਲ ਪੰਜਾਬੀ ਸਪੋਰਟਸ ਕਲੱਬ ਨੂੰ 44.5-40 (27.5-22) ਅੰਕਾਂ ਨਾਲ ਹਰਾਕੇ ਫਾਈਨਲ 'ਚ ਥਾਂ ਬਣਾਈ। ਫਾਈਨਲ ਮੈਚ 'ਚ ਟੋਰਾਂਟੋ ਪੰਜਾਬੀ ਸਪੋਰਟਸ ਕਲੱਬ ਦੀ ਟੀਮ ਨੇ ਧਾਕੜ ਟੀਮ ਯੂਨਾਈਟਡ ਬਰੈਂਪਟਨ ਸਪੋਰਟਸ ਕਲੱਬ ਦੀ ਟੀਮ ਨੂੰ 46-41.5 (25-23.5) ਅੰਕਾਂ ਨਾਲ ਹਰਾਕੇ, ਇਸ ਸੀਜ਼ਨ ਦਾ ਪਹਿਲਾ ਖਿਤਾਬ ਜਿੱਤਿਆ।

ਇਸ ਟੂਰਨਾਮੈਂਟ ਦੌਰਾਨ ਸਰਵੋਤਮ ਖਿਡਾਰੀਆਂ ਦੇ ਖਿਤਾਬ ਵੀ ਉਪ ਜੇਤੂ ਯੂਨਾਈਟਡ ਬਰੈਂਪਟਨ ਸਪੋਰਟਸ ਕਲੱਬ ਦੀ ਟੀਮ ਦੇ ਬੰਟੀ ਟਿੱਬਾ ਨੇ 25 ਧਾਵਿਆਂ ਤੋਂ 23 ਅੰਕ ਹਾਸਲ ਕਰਕੇ, ਬਿਹਤਰੀਨ ਧਾਵੀ ਦਾ ਖਿਤਾਬ ਜਿੱਤਿਆ। ਇਸੇ ਟੀਮ ਦੇ ਸ਼ੀਲੂ ਬਾਹੂ ਅਕਬਰਪੁਰ ਨੇ 24 ਕੋਸ਼ਿਸ਼ਾਂ ਤੋਂ 7 ਜੱਫੇ ਲਗਾਕੇ, ਸਰਵੋਤਮ ਜਾਫੀ ਬਣਨ ਦਾ ਐਜਾਜ਼ ਹਾਸਲ ਕੀਤਾ। ਪੂਰੇ ਦਿਨ ਦੀ ਖੇਡ ਦੌਰਾਨ ਤਿੰਨ ਮੈਚਾਂ 'ਚ ਗੁਰਪ੍ਰੀਤ ਬੁਰਜ ਹਰੀ ਨੂੰ ਕੋਈ ਵੀ ਜਾਫੀ ਡੱਕ ਨਾ ਸਕਿਆ। ਸਰਵੋਤਮ ਖਿਡਾਰੀਆਂ ਨੂੰ ਰੈਂਬੋ ਸਿੱਧੂ ਤੇ ਜੱਸੀ ਸਰਾਏ ਨੇ ਨਕਦ ਇਨਾਮ ਦਿੱਤੇ।

ਇਸ ਟੂਰਨਾਮੈਂਟ ਦੌਰਾਨ ਮੈਚਾਂ ਦਾ ਸੰਚਾਲਨ ਅੰਪਾਇਰ ਪੱਪੂ ਭਦੌੜ, ਬਲਵੀਰ ਨਿੱਝਰ, ਸਵਰਨਾ ਵੈਲੀ, ਬਿੰਨਾ ਮਲਿਕ, ਨੀਟੂ ਸਰਾਏ ਤੇ ਸਾਬੀ ਜੰਡਿਆਲੀ ਨੇ ਕੀਤਾ। ਟੀਵੀ ਅੰਪਾਇਰਾਂ ਦੀ ਜਿੰਮੇਵਾਰੀ ਸਾਬਕਾ ਖਿਡਾਰੀ ਬੀਰਾ ਸਿੱਧਵਾਂ ਤੇ ਅਜਮੇਰ ਜਲਾਲ, ਟਾਈਮਕੀਪਰ ਦੀ ਭੂਮਿਕਾ ਕਾਲਾ ਕੰਮੇਆਨਾ ਨੇ ਨਿਭਾਈ। ਪੂਰੇ ਮੈਚਾਂ ਦੇ ਹਰ ਇੱਕ ਅੰਕ ਦਾ ਵੇਰਵਾ ਜਸਵੰਤ ਖੜਗ, ਮਨੀ ਖੜਗ ਤੇ ਕੁਲਵੰਤ ਢੀਂਡਸਾ ਨੇ ਇਕੱਤਰ ਕੀਤਾ। ਪ੍ਰੋ. ਮੱਖਣ ਸਿੰਘ ਹਕੀਮਪੁਰ, ਸੁਰਜੀਤ ਕਕਰਾਲੀ, ਛਿੰਦਰ ਧਾਲੀਵਾਲ, ਮੱਖਣ ਅਲੀ, ਹੈਰੀ ਬਨਭੌਰਾ, ਸਾਹਿਲ ਤੇ ਪ੍ਰਿਤਾ ਸ਼ੇਰਗੜ੍ਹ ਚੀਮਾ ਨੇ ਆਪਣੀ ਕੁਮੈਂਟਰੀ ਕਲਾ ਰਾਹੀਂ ਮੈਚਾਂ ਨੂੰ ਰੋਚਕ ਬਣਾਕੇ ਪੇਸ਼ ਕੀਤਾ।

ਡਾ. ਸੁਖਦਰਸ਼ਨ ਸਿੰਘ ਚਹਿਲ ਨੇ ਦੱਸਿਆ ਕਿ ਇਸ ਕਬੱਡੀ ਸੀਜ਼ਨ ਦੌਰਾਨ ਕਬੱਡੀ ਫੈਡਰੇਸ਼ਨ ਆਫ ਓਂਟਾਰੀਓ ਵੱਲੋਂ ਪ੍ਰਧਾਨ ਜਸਵਿੰਦਰ ਸਿੰਘ ਜਸ ਛੋਕਰ, ਚੇਅਰਮੈਨ ਇੰਦਰਜੀਤ ਧੁੱਗਾ, ਮੀਤ ਪ੍ਰਧਾਨ ਸ਼ੇਰਾ ਮੰਡੇਰ, ਮੇਜਰ ਨੱਤ ਸਕੱਤਰ, ਰਾਣਾ ਸਿੱਧੂ ਖਜ਼ਾਨਚੀ, ਮਲਕੀਤ ਦਿਉਲ ਡਾਇਰੈਕਟਰ, ਸੁੱਖਾ ਰੰਧਾਵਾ ਡਾਇਰੈਕਟਰ ਤੇ ਸਮੂਹ ਮੈਂਬਰ ਸਾਹਿਬਾਨਾਂ ਦੀ ਅਗਵਾਈ 'ਚ ਬਹੁਤ ਸਾਰੇ ਨਵੇਂ ਨਿਯਮ ਬਣਾਏ ਗਏ ਜਿੰਨਾਂ ਨਾਲ ਓਂਟਾਰੀਓ ਦੀ ਕਬੱਡੀ ਦਾ ਮਿਆਰ ਹੋਰ ਉੱਚਾ ਕਰ ਦਿੱਤਾ।



ਡਾ. ਸੁਖਦਰਸ਼ਨ ਸਿੰਘ ਚਹਿਲ
+919779590575




# ਬਿਨਾਂ ਮੁਕਾਬਲਾ ਪੇਸ਼ਕਸ਼ਾਂ ਦੇ ਹੁਣੇ ਖਰੀਦੋ

**ADVANTAGES OF BUYING PRESALES**

- **Your home, your way -** ਆਪਣਾ ਫਲੋਰ ਪਲਾਨ ਆਪ ਚੁਣੋ, ਮੇਨ ਫਲੋਰ ਉੱਪਰ ਫੁੱਲ ਵਾਸ਼ਰੂਮ ਦੇ ਨਾਲ ਇੱਕ ਸਪਾਈਸ ਕਿਚਨ ਜਾਂ ਬੈੱਡਰੂਮ ਸ਼ਾਮਿਲ ਕਰਨ ਦੀ ਚੋਣ ਕਰੋ।
- **Customization options -** ਰੰਗ ,ਲਾਈਟਾਂ ਅਤੇ ਹਾਰਡਵੇਅਰ ਤੁਸੀਂ ਆਪਣੀ ਇੱਛਾ ਅਨੁਸਾਰ ਵੀ ਚੁਣ ਸਕਦੇ ਹੋ!
- **Best of all, no competing offers**

**Starting from High $600’s Excl. GST.**

ਸਾਡੇ ਆਧੁਨਿਕ ਸਿੰਗਲ ਫੈਮਿਲੀ ਹੋਮ ਸਮਕਾਲੀ ਬਾਹਰੀ ਆਰਕੀਟੈਕਚਰ ਅਤੇ ਉੱਚ-ਅੰਤ ਦੇ ਅੰਦਰੂਨੀ ਹਿੱਸੇ ਪੇਸ਼ ਕਰਦੇ ਹਨ। ਇਹ ਘਰ ਨੌਜਵਾਨ ਅਤੇ ਬਹੁ-ਪੀੜ੍ਹੀ ਪਰਿਵਾਰਾਂ ਲਈ ਕਾਫੀ ਥਾਂ ਪ੍ਰਦਾਨ ਕਰਦੇ ਹਨ। ਮੌਰਟਗੇਜ ਸਹਾਇਕ ਵਜੋਂ ਸੇਵਾ ਕਰਨ ਜਾਂ ਬਹੁ-ਪੀੜ੍ਹੀ ਜੀਵਨ ਸ਼ੈਲੀ ਨੂੰ ਪੂਰਕ ਕਰਨ ਲਈ ਵਿਕਲਪਿਕ 1 ਜਾਂ 2 ਬੈੱਡ ਵਾਲੇ ਕਾਨੂੰਨੀ ਬੇਸਮੈਂਟ ਸੂਟ ਉਪਲਬਧ ਹਨ। ਘਰ ਦੀਆਂ ਹੋਰ ਵਿਸ਼ੇਸ਼ਤਾਵਾਂ ਜਿਵੇਂ ਕਿ ਇੱਕ ਮਸਾਲੇ ਦੀ ਰਸੋਈ ਅਤੇ ਮੁੱਖ 'ਤੇ ਬੈੱਡਰੂਮ ਰੋਜ਼ਾਨਾ ਜੀਵਨ ਨੂੰ ਹੋਰ ਵੀ ਸੁਵਿਧਾਜਨਕ ਬਣਾਉਣ ਲਈ ਉਪਲਬਧ ਹਨ।

ਹੋਰ ਜਾਣਨ ਲਈ ਅੱਜ ਹੀ ਰਜਿਸਟਰ ਕਰੋ!













**SHOWHOMES NOW OPEN**
1233 Copperfield Blvd SE,
Calgary, AB T2Z 5G1

Monday to Wednesday - 2 PM to 8 PM
Thursday & Friday - By Appointment Only
Saturday & Sunday - 12 PM to 5 PM

**587.352.4266 | COPPERSTONELIVING.COM**

VESTA PROPERTIES

# VESTA ELEVATE COLLECTION

AT COOPER'S CROSSING

## ਆਪਣੇ ਜੀਵਨ ਪੱਧਰ ਨੂੰ ਉੱਚਾ ਚੁੱਕੋ

ਵੇਸਟਾ ਐਲੀਵੇਟ 'ਤੇ ਪੁਰਸਕਾਰ ਜੇਤੂ ਘਰਾਂ ਦੇ ਨਾਲ ਲਗਜ਼ਰੀ ਰਹਿਣ ਦੇ ਸਿਖਰ ਦੀ ਅਜਿਹੀ ਖੋਜ ਕਰੋ। ਜੋ ਸੰਗ੍ਰਹਿ, ਕੂਪਰਜ਼ ਕਰਾਸਿੰਗ ਦੇ ਵੱਕਾਰੀ, ਪੁਰਸਕਾਰ ਜੇਤੂ ਭਾਈਚਾਰੇ ਵਿੱਚ ਸਥਿਤ ਹੈ। ਜਿਸ ਦੀ ਵਿਸ਼ੇਸ਼ਤਾ ਇਹ ਹੈ ਕਿ ਸ਼ਾਨਦਾਰ ਢੰਗ ਨਾਲ ਤਿਆਰ ਕੀਤਾ ਗਿਆ 3-ਮੰਜ਼ਲਾ ਵਿਲੇਜ ਟਾਊਨਹੋਮਜ਼, 2-ਮੰਜ਼ਲਾ ਬ੍ਰੀਮਸਟੋਨ ਟਾਊਨਹੋਮਜ਼, ਅਤੇ ਮਾਸਟਰ-ਆਨਮੇਨ ਬੰਗਲੇ। ਆਲੀਸ਼ਾਨ ਇੰਟੀਰੀਅਰ ਦੇ ਨਾਲ ਆਧੁਨਿਕ ਸਮਕਾਲੀ ਮੋਨਾਰਕ ਕੰਡੋ ਦੀ ਵਿਸ਼ੇਸ਼ਤਾ ਵੀ ਹੈ।
4,500 ਵਰਗ ਫੁੱਟ ਤੋਂ ਵੱਧ ਉੱਚੀਆਂ ਅੰਦਰੂਨੀ ਸਹੂਲਤਾਂ ਦੇ ਨਾਲ ਮੁਕੰਮਲ ਅਤੇ ਵਿਲੱਖਣ ਬਾਹਰੀ ਆਰਕੀਟੈਕਚਰ।







**BRIMSTONE**
TOWNHOMES AT COOPER'S CROSSING
**3-STOREY TOWNHOMES**

3 Bedrooms | 2.5 Bath
1,565 – 1,602 sq. ft.
Covered deck off the kitchen and a second balcony off the master bedroom




2-STOREY TOWNHOMES

3 Bedrooms + Loft | 2.5 Bath
1,782 – 1,846 sq.ft.
Corner units offering master-on-main living option
Double car garage




LUXURY URBAN CONDOS

2 condo buildings
4 Storeys each
106 condos + 2 townhome units
670 - 1,198 SQ.FT.
**More amenities to be announced**




BUNGALOW VILLAS

Master-on-Main Living
1 Bedroom + Flex | 2 Bath
1,410 SQ.FT. + 1,388 SQ. FT.
Double front attached garage

SALES CENTRE
#1601 – 201 Cooperswood Green SW, Airdrie
587.317.1516 | cooperscrossing@vestaproperties.com

Monday to Wednesday - 2 PM to 8 PM
Thursday & Friday - By Appointment Only
Saturday & Sunday - 12 PM to 5 PM

VESTA PROPERTIES

Renderings are artistic concept only and subject to change without notice.

**VESTAELEVATE.COM**

# ਕਾਗਜ਼ੀ ਵਿਚੋਲਪੁਣਾ

## ਲੜਕੀ ਦੀ ਲੋੜ

ਕਨੇਡੀਅਨ ਬੌਰਨ ਜੱਟ ਸਿੱਖ ਸੰਧੂ ਪਰਿਵਾਰ ਦੇ ਤਲਾਕਸ਼ੁਦਾ ਲੜਕੇ ਉਮਰ 43 ਸਾਲ, ਕੱਦ 5 ਫੁੱਟ 10 ਇੰਚ, ਲਈ ਹਾਣ ਪ੍ਰਵਾਣ ਦੀ ਉਮਰ ਦੀ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਵਰਕ ਪਰਮਿਟ ਵਾਲੀ ਜਾਂ ਬਿਨਾ ਬੱਚੇ ਤੋਂ ਤਲਾਕਸ਼ੁਦਾ ਵੀ ਸੰਪਰਕ ਕਰ ਸਕਦੀ ਹੈ। ਸੰਪਰਕ: 1 368 993 0037 ਜਾਂ 1 778 675 1313 *** ***

## ਲੜਕੀ ਦੀ ਲੋੜ

ਇਟਾਲੀਅਨ ਪੀ ਆਰ,ਕਨੇਡਾ ਵਰਕ ਪਰਮਿਟ ਉੱਪਰ ਆਏ ਜੱਟ ਸਿੱਖ ਬਾਸੀ ਪਰਿਵਾਰ ਦੇ ਤਲਾਕ ਸ਼ੁਦਾ ਲੜਕੇ ਉਮਰ 43 ਸਾਲ ਕੱਦ 5 ਫੁੱਟ 5 ਇੰਚ ਲਈ ਹਾਣ ਪਰਵਾਣ ਦੀ ਕਨੇਡੀਅਨ ਸਿਟੀਜਨ ਜਾਂ ਪੀ ਆਰ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਜਲੰਧਰ ਜ਼ਿਲ੍ਹੇ ਨਾਲ ਸਬੰਧਿਤ ਲੜਕਾ ਇਸ ਵੇਲੇ ਕੈਲਗਰੀ ਵਿੱਚ ਰਹਿ ਰਿਹਾ ਹੈ। ਤਲਾਕਸ਼ੁਦਾ ਜਾਂ ਵਿਧਵਾ ਵੀ ਸੰਪਰਕ ਕਰ ਸਕਦੀ ਹੈ। ਸੰਪਰਕ: 1604 719 6182 ਜਾਂ ਈ ਮੇਲ :Tejinderbassi88@icloud.com ***251***

## ਲੜਕੀ ਦੀ ਲੋੜ

Hindu Punjabi khatri boy Jan 1985 born, height 5.7 living in Vancouver upper middle class family, B.Tech/MBA, now self employed in logistics, **Canadian citizen** looking for a beautiful educated girl within Canada. Tourist, work permit, PR or citizen. **Call:1 306 502 6789** ***250***

## ਲੜਕੀ ਦੀ ਲੋੜ

ਕਨੇਡੀਅਨ ਪੀ ਆਰ ,ਜੱਟ ਸਿੱਖ ਗਰੇਵਾਲ ਪਰਿਵਾਰ ਦੇ ਲੜਕੇ,ਉਮਰ 32 ਸਾਲ, ਕੱਦ 5 ਫੁੱਟ 10 ਇੰਚ, ਹੋਟਲ ਮੈਨੇਜਮੈਂਟ ਦੀ ਡਿਗਰੀ ਹੋਲਡਰ ਲਈ ਹਾਣ ਪ੍ਰਵਾਣ ਦੀ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਸੰਪਰਕ: 403 992 5012 ***246***

## ਲੜਕੇ ਦੀ ਲੋੜ

ਕਨੇਡੀਅਨ ਪੀ ਆਰ ,ਜੱਟ ਸਿੱਖ ਸਿੱਧੂ ਪਰਿਵਾਰ ਦੀ ਲੜਕੀ ਜਨਮ 1999,ਕੱਦ 5 ਫੁੱਟ 6 ਇੰਚ, ਲਈ ਨਸ਼ਾ ਰਹਿਤ, ਪੰਜਾਬ ਵਿੱਚ 15 ਤੋਂ 20 ਏਕੜ ਜ਼ਮੀਨ ਦੇ ਮਾਲਕ ,ਕਨੇਡਾ ਵਿੱਚ ਪੀ ਆਰ ਵੈੱਲ ਸੈਟਲਡ ਲੜਕੇ ਦੇ ਰਿਸ਼ਤੇ ਦੀ ਲੋੜ ਹੈ। ਕੈਲਗਰੀ ਨੂੰ ਪਹਿਲ। ਸੰਪਰਕ: 1 236 818 2368 ਜਾਂ ਵਟਸਐਪ 91 9464555475 ***246***

## ਲੜਕੇ ਦੀ ਲੋੜ

ਕਨੇਡੀਅਨ ਪੀ ਆਰ ਜੱਟ ਸਿੱਖ ਉਮਰ 32 ਸਾਲ ,ਕੱਦ 5 ਫੁੱਟ 2 ਇੰਚ, ਐਡਮਿੰਟਨ ਨਿਵਾਸੀ ਤਲਾਕਸ਼ੁਦਾ ਲੜਕੀ ਲਈ ਕਨੇਡੀਅਨ ਸਿਟੀਜਨ ਜਾਂ ਪੀ ਆਰ,ਜਾਂ ਵਰਕ ਪਰਮਿਟ ਵਾਲੇ ਨਸ਼ਾ ਰਹਿਤ,ਵੈੱਲ ਸੈਟਲਡ ਲੜਕੇ ਦੇ ਰਿਸ਼ਤੇ ਦੀ ਲੋੜ ਹੈ। ਤਲਾਕਸ਼ੁਦਾ ਵੀ ਮਨਜ਼ੂਰ। ਅਲਬਰਟਾ ਨੂੰ ਪਹਿਲ । ਕ੍ਰਿਪਾ ਕਰਕੇ ਇੰਡੀਆ ਵਾਲੇ ਸੰਪਰਕ ਨਾ ਕਰਨ। ਸੰਪਰਕ: 1 825 419 6002 ***250***

## ਲੜਕੀ ਦੀ ਲੋੜ

ਅਮਰੀਕਨ ਸਿਟੀਜਨ,ਸੈਣੀ ਪਰਿਵਾਰ ਦੇ ਇਸ਼ੂਲੈਸ ਤਲਾਕਸ਼ੁਦਾ ਲੜਕੇ ਉਮਰ 38 ਸਾਲ, ਕੱਦ 5 ਫੁੱਟ 8 ਇੰਚ, ਮਕੈਨੀਕਲ ਇੰਜੀਨੀਅਰਇੰਗ ਡਿਪਲੋਮਾਂ ਹੋਲਡਰ ਲਈ ਹਾਣ ਪ੍ਰਵਾਣ ਦੀ ਲੜਕੀ ਦੇ ਰਿਸ਼ਤੇ ਦੀ ਲੋੜ ਹੈ । ਲੜਕਾ ਟਰੱਕ ਡਰਾਈਵਰ ਓਨਰ ਅਪਰੇਟਰ ਹੈ। ਬਿਨਾ ਬੱਚੇ ਤੋਂ ਤਲਾਕਸ਼ੁਦਾ ਲੜਕੀ ਵੀ ਸੰਪਰਕ ਕਰ ਸਕਦੀ ਹੈ। ਸੰਪਰਕ: 1 778 953 0024 ***250***

## ਲੜਕੇ ਦੀ ਲੋੜ

ਕਨੇਡਾ ਵਰਕ ਪਰਮਿਟ ਉੱਪਰ ਚੰਗੀ ਜੌਬ ਕਰ ਰਹੀ ਰਾਮਦਾਸੀਆ (ਮੁੰਗਰੀਆ) ਸਿੱਖ ਪਰਿਵਾਰ ਦੀ ਲੜਕੀ ਜਨਮ 1999, ਕੱਦ 5 ਫੁੱਟ 6 ਇੰਚ, ਬੀ ਟੈੱਕ - ਪੀ ਏ ਯੂ ਲੁਧਿਆਣਾ ਤੋਂ ਫੂਡ ਟੈਕਨੋਲੋਜੀ, ਪੀ ਜੀ ਡਿਪਲੋਮਾਂ -ਫੂਡ ਸੇਫਟੀ ਐਂਡ ਕੁਆਲਿਟੀ ਐਸ਼ੋਰੈਂਸ (ਟੌਰਾਂਟੋ) ਲਈ ਕਨੇਡੀਅਨ ਪੀ ਆਰ ਜਾਂ ਸਿਟੀਜਨ ਲੜਕੇ ਦੇ ਰਿਸ਼ਤੇ ਦੀ ਲੋੜ ਹੈ। ਇੰਡੀਆ ਵਿੱਚ ਲੜਕੀ ਦੇ ਪਿਤਾ ਸਦਰ ਕਾਨੂੰਗੋ ਅਤੇ ਮਾਤਾ ਦਾ ਬਿਜਨਿਸ ਇੰਡੇਨ ਗੈਸ ਏਜੰਸੀ ਹੈ। ਭਰਾ ਕਨੇਡੀਅਨ ਪੀ ਆਰ ਹੈ। ਲੜਕੀ ਇਸ ਵੇਲੇ ਚੰਗੀ ਨਾਮਵਰ ਕੰਪਨੀ ਵਿੱਚ ਕੁਆਲਿਟੀ ਚੈੱਕ ਆਫੀਸਰ ਦੀ (ਯੂਨੀਅਨ ਜੌਬ) ਕਰ ਰਹੀ ਹੈ। ਸੰਪਰਕ 403 899 8201 ***246***

## ਲੜਕੇ ਦੀ ਲੋੜ

ਕਨੇਡੀਅਨ ਸਿਟੀਜਨ, ਮੈੜ ਰਾਜਪੂਤ ਪਰਿਵਾਰ ਦੀ ਤਲਾਕਸ਼ੁਦਾ (ਬਿਨਾਂ ਬੱਚੇ ਤੋਂ ) ਵਧੀਆ ਜੌਬ ਕਰਦੀ ਲੜਕੀ ਕੱਦ 5 ਫੁੱਟ 2 ਇੰਚ,ਉਮਰ 37 ਸਾਲ, ਲਈ ਕਨੇਡੀਅਨ ਪੀ ਆਰ ਜਾਂ ਸਿਟੀਜਨ ਵੈੱਲਸੈਟਲਡ ਲੜਕੇ ਦੇ ਰਿਸ਼ਤੇ ਦੀ ਲੋੜ ਹੈ। ਕੋਈ ਜਾਤੀ ਬੰਧਨ ਨਹੀਂ। ਸੰਪਰਕ :1 825 454 1322 ਜਾਂ 403 464 1322 ***250***

## ਲੜਕੀ ਦੀ ਲੋੜ

ਅਮਰੀਕਨ ਸਿਟੀਜਨ,ਜੱਟ ਸਿੱਖ ਛੀਨਾ ਪਰਿਵਾਰ ਦੇ ਲੜਕੇ,ਉਮਰ 37 ਸਾਲ , ਕੱਦ 5 ਫੁੱਟ 11 ਇੰਚ, ਪੜ੍ਹਾਈ ਲਿਖਾਈ ਮਾਸਟਰ ਡਿਗਰੀ ਲਈ ਹਾਣ ਪ੍ਰਵਾਣ ਦੀ ਕਨੇਡੀਅਨ ਸਿਟੀਜਨ ਜਾਂ ਪੀ ਆਰ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਸਟੂਡੈਂਟ ਵੀਜਾ ਜਾਂ ਵਰਕ ਪਰਮਿਟ ਵਾਲੇ ਸੰਪਰਕ ਨਾ ਹੀ ਕਰਨ। ਸੰਪਰਕ: 1 510 377 1180 (ਵਟਸਐਪ) ਜਾਂ ਈ ਮੇਲ: kschhina87@gmail.com ***250***

## ਲੜਕੀ ਦੀ ਲੋੜ

ਕਨੇਡੀਅਨ ਪੀ ਆਰ ਜੱਟ ਸਿੱਖ ਸਿੱਧੂ ਪਰਿਵਾਰ ਦੇ ਲੜਕੇ,ਉਮਰ 29 ਸਾਲ ਕੱਦ 5 ਫੁੱਟ 8 ਇੰਚ, ਐਮ ਏ ਇੰਗਲਿਸ਼ ,ਬੀ ਐੱਡ, ਲਈ ਪੜ੍ਹੀ ਲਿਖੀ ਪੀ ਆਰ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਸਟੂਡੈਂਟ ਵੀਜ਼ਾ ਜਾਂ ਵਰਕ ਪਰਮਿਟ ਵਾਲੀ ਲੜਕੀ ਵੀ ਸੰਪਰਕ ਕਰ ਸਕਦੀ ਹੈ। ਕੈਲਗਰੀ ਨੂੰ ਪਹਿਲ । ਮੈਰਿਜ ਬਿਊਰੋ ਵਾਲੇ ਸੰਪਰਕ ਨਾ ਕਰਨ। ਕਾਲ: 403 951 1954 ਜਾਂ 1825 205 3609 ***250***

## ਲੜਕੀ ਦੀ ਲੋੜ

ਕਨੇਡੀਅਨ ਸਿਟੀਜਨ ਜੱਟ ਸਿੱਖ ਰਾਜਪੂਤ ਚੌਹਾਨ ਪਰਿਵਾਰ ਦੇ ਲੜਕੇ ਜਨਮ 1997, ਕੱਦ 6 ਫੁੱਟ, , ਸਾਫਟ ਵੇਅਰ ਇੰਜੀਨੀਅਰ ਦੀ ਜੌਬ (ਪੈਕੇਜ 85,000 ਕਨੇਡੀਅਨ ਡਾਲਰ ਸਾਲਾਨਾ) ਕੈਲਗਰੀ ਵਿੱਚ ਤਿੰਨ ਘਰਾਂ ਦੇ ਮਾਲਕ ਲਈ ਹਾਣ ਪ੍ਰਵਾਣ ਦੀ ਲੜਕੀ ਕਨੇਡਾ ਵਿੱਚ ਕਿਸੇ ਵੀ ਸਟੇਟਸ ਉੱਪਰ ਹੋਵੇ, ਦੇ ਰਿਸ਼ਤੇ ਦੀ ਲੋੜ ਹੈ। ਸੰਪਰਕ: 403 891 9859 ਜਾਂ ਵਟਸਐਪ 91 977 951 1475 ***250***

## ਲੜਕੇ ਦੀ ਲੋੜ

ਜੱਟ ਸਿੱਖ, ਖੈਰਾ ਪਰਿਵਾਰ ਬਰਨਾਲਾ ਇਲਾਕੇ ਦੀ ਪੰਜਾਬ ਰਹਿੰਦੀ, ਚੰਗੀਆਂ ਪਰਿਵਾਰਿਕ ਕਦਰਾਂ ਕੀਮਤਾਂ ਵਾਲੀ,ਸੋਹਣੀ ਸੁਨੱਖੀ,ਇੰਟੈਲੀਜੈਂਟ, ਲੜਕੀ ਜਨਮ 1992,ਕੱਦ 5 ਫੱਟ 3 ਇੰਚ, ਵਿਦਿਅਕ ਯੋਗਤਾ ਐਮ ਐੱਸ (ਆਈ ਟੀ) ਲਈ ਕਨੇਡਾ ਅਮਰੀਕਾ ਜਾਂ ਆਸਟਰੇਲੀਆ ਰਹਿੰਦੇ ਪੀ ਆਰ ਜਾਂ ਸਿਟੀਜਨ ਲੜਕੇ ਦੇ ਰਿਸ਼ਤੇ ਦੀ ਲੋੜ ਹੈ। ਸੰਪਰਕ: ਵਟਸਐਪ 91-9393800002 ਜਾਂ 1 780 300 2000 ***_***

## ਲੜਕੇ ਦੀ ਲੋੜ

ਕਨੇਡੀਅਨ ਪੀ ਆਰ , ਜੱਟ ਸਿੱਖ ਗਿੱਲ ਪਰਿਵਾਰ ਦੀ ਲੜਕੀ, ਜਨਮ 1997, ਕੱਦ 5 ਫੁੱਟ 6 ਇੰਚ ,ਕਸਟਮਰ ਸਰਵਿਸ ਲੀਡ ਏਅਰਪੋਰਟ ਵਿਖੇ ਜੌਬ ਕਰ ਰਹੀ ਲਈ ਹਾਣ ਪਰਵਾਣ ਦੇ ਲੜਕੇ ਦੇ ਰਿਸ਼ਤੇ ਦੀ ਲੋੜ ਹੈ। ਲੜਕੀ ਦਾ ਸਾਰਾ ਪਰਿਵਾਰ ਕਨੇਡਾ ਹੈ। ਸੰਪਰਕ - 1 672 966 0734, ਜਾਂ 1 778 859 5322 ***249***

## ਲੜਕੇ ਦੀ ਲੋੜ

ਕਨੇਡੀਅਨ ਪੀ ਆਰ ਜੱਟ ਸਿੱਖ ਗਿੱਲ ਪਰਿਵਾਰ ਦੀ ਲੜਕੀ ਉਮਰ 34 ਸਾਲ ਕੱਦ 5 ਫੁੱਟ 3 ਇੰਚ ਵਿਦਿਅਕ ਯੋਗਤਾ ਬੀ ਐੱਸ ਸੀ ਨਰਸਿੰਗ ਲਈ ਹਾਣ ਪਰਵਾਣ ਦੇ ਲੜਕੇ ਦੇ ਰਿਸ਼ਤੇ ਦੀ ਲੋੜ ਹੈ। ਸੰਪਰਕ : 403 437 3016 ***249***

## ਲੜਕੇ ਦੀ ਲੋੜ

ਕਨੇਡੀਅਨ ਪੀ ਆਰ, ਤਲਾਕਸ਼ੁਦਾ ਜੱਟ ਸਿੱਖ ਪਰਿਵਾਰ ਦੀ ਲੜਕੀ ਉਮਰ 36 ਸਾਲ ਕੱਦ 5 ਫੁੱਟ 8 ਇੰਚ,ਹੈਲਥ ਕੇਅਰ ਦੀ ਜੌਬ ਕਰਦੀ ਲਈ ਹਾਣ ਪਰਵਾਣ ਦੇ ਲੜਕੇ ਦੇ ਰਿਸ਼ਤੇ ਦੀ ਲੋੜ ਹੈ। ਵਰਕ ਪਰਮਿਟ, ਵਿਜ਼ਟਰ ਵੀਜੇ ਵਾਲੇ ਜਾਂ ਤਲਾਕਸ਼ੁਦਾ ਵੀ ਸੰਪਰਕ ਕਰ ਸਕਦੇ ਹਨ। ਸੰਪਰਕ : 403 390 2326 ***249***

## ਲੜਕੀ ਦੀ ਲੋੜ

ਕਨੇਡੀਅਨ ਪੀ ਆਰ ਜੱਟ ਸਿੱਖ ਸੰਧੂ ਪਰਿਵਾਰ ਦੇ ਲੜਕੇ,ਜਨਮ 1991,ਕੱਦ 6 ਫੁੱਟ ,ਕੈਲਗਰੀ ਵਿਖੇ ਜੌਬ ਕਰਦੇ ਲਈ ਹਾਣ ਪ੍ਰਵਾਣ ਦੀ ਸਖਤ ਮਿਹਨਤੀ,ਚੰਗੀ ਪੜ੍ਹੀਲਿਖੀ,ਘਰੇਲੂ ਸੰਸਕਾਰਾਂ ਵਾਲੀ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਲੜਕੇ ਦੇ ਮਾਪੇ ਕਨੇਡੀਅਨ ਪੀ ਆਰ ਹਨ ,ਇੱਕ ਭੈਣ ਜੋ ਵਿਆਹੀ ਹੈ ਅਤੇ ਕੈਲਗਰੀ ਵਿੱਚ ਹੀ ਵੈੱਲ ਸੈਟਲਡ ਹੈ। ਕ੍ਰਿਪਾ ਕਰਕੇ ਮੈਰਿਜ ਬਿਊਰੋ ਵਾਲੇ ਸੰਪਰਕ ਨਾ ਕਰਨ। ਸਿਰਫ ਜੱਟ ਸਿੱਖ ਪਰਿਵਾਰ ਹੀ ਸੰਪਰਕ ਕਰਨ। ਕਾਲ: **403 402 2596** WhatsApp +919914143839 or sandhukd58@gmail.com ***249***

## ਲੜਕੇ ਦੀ ਲੋੜ

ਕਨੇਡੀਅਨ ਪੀ ਆਰ ,ਜੱਟ ਸਿੱਖ ਧਾਲੀਵਾਲ ਪਰਿਵਾਰ ਲੜਕੀ ,ਜਨਮ 1990,ਕੱਦ 5 ਫੁੱਟ 2 ਇੰਚ , M.sc. (Mathemaitcs) ,M.ed (ਕਨੇਡੀਅਨ ਯੂਨੀਵਰਿਸਟੀ ) ਲਈ ਬਰਾਬਰ ਦੀ ਯੋਗਤਾ ਰੱਖਣ ਵਾਲੇ ਵੈਸ਼ਨੂੰ ,ਨਸ਼ਾ ਰਹਿਤ,ਪੀ ਆਰ/ ਸਿਟੀਜਨ/ਵਰਕ ਪਰਮਿਟ ਵਾਲੇ ਲੜਕੇ ਦੇ ਰਿਸ਼ਤੇ ਦੀ ਲੋੜ ਹੈ। ਮੋਗਾ,ਜਗਰਾਵਾਂ, ਲੁਧਿਆਣਾ ,ਕਨੇਡਾ ਦੇ ਅਲਬਰਟਾ ਸੂਬੇ ਅਤੇ ਬੀ ਸੀ ਨੂੰ ਪਹਿਲ। ਸੰਪਰਕ :ਕਾਲ ਜਾਂ ਵਟਸਐਪ : 306 501 6474 , +919056636305 ***249***

## ਲੜਕੀ ਦੀ ਲੋੜ

ਕਨੇਡੀਅਨ ਸਿਟੀਜਨ,ਜੱਟ ਸਿੱਖ ਬਦੇਸਾ ਪਰਿਵਾਰ ਦੇ ਉੱਚੇ ਲੰਮੇ ਸੋਹਣੇ ਸੁਨੱਖੇ ਗੱਭਰੂ,ਉਮਰ 30 ਸਾਲ,ਕੱਦ 6 ਫੁੱਟ 4 ਇੰਚ ,ਨਾਨ ਸਮੋਕਰ, ਨਾਨ ਡਰਿੰਕਰ, ਬ੍ਰਾਂਚ ਮੈਨੇਜਰ (ਟੀਮ ਡੀ ਬੈਂਕ) ਦੀ ਜੌਬ ਕਰਦੇ ਯੂਨੀਵਰਸਿਟੀ ਆਫ ਕੈਲਗਰੀ ਤੋਂ ਐਮ ਬੀ ਏ ਡਿਗਰੀ ਕਰ ਰਹੇ ਲਈ ਹਾਣ ਪਰਵਾਣ ਦੀ ਯੋਗਤਾ ਵਾਲੀ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਸੰਪਰਕ: 403 351 1849 ***249***

## ਲੜਕੀ ਦੀ ਲੋੜ

ਕਨੇਡਾ ਵਰਕ ਵੀਜੇ ਉੱਪਰ ਆਏ ਜੱਟ ਸਿੱਖ ਸਿੱਧੂ ਪਰਿਵਾਰ ਦੇ ਲੜਕੇ, ਉਮਰ 39 ਸਾਲ,ਪੜਾਈ ਲਿਖਾਈ ਪਲੱਸ ਟੂ, ਲਈ ਕਨੇਡੀਅਨ ਪੀ ਆਰ ਜਾਂ ਸਿਟੀਜਨ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਡਿਵੋਰਸੀ ਜਾਂ ਵਿਧਵਾ ਭਾਵੇਂ ਬੱਚੇ ਵਾਲੀ ਹੀ ਹੋਵੇ, ਉਹ ਵੀ ਸੰਪਰਕ ਕਰ ਸਕਦੀ ਹੈ। ਸੰਪਰਕ: 1 403 667 1042 ***249***

## ਲੜਕੀ ਦੀ ਲੋੜ

ਕਨੇਡੀਅਨ ਬੌਰਨ,ਜੱਟ ਸਿੱਖ ਪਰਿਵਾਰ ਦੇ ਸੋਹਣੇ ਸੁਨੱਖੇ ਲੜਕੇ,ਉਮਰ 27 ਸਾਲ,ਕੱਦ 5 ਫੁੱਟ 11 ਇੰਚ, ਵਿਦਿਅਕ ਯੋਗਤਾ: ਕੈਲਗਰੀ ਯੂਨੀਵਰਸਿਟੀ ਤੋਂ ਸੀ ਪੀ ਏ,ਐਮ ਬੀ ਏ, ਨਾਨ ਵੈਜੀਟੇਰੀਅਨ, ਨਾਨ ਸਮੋਕਰ, ਨਾਨ ਡਰਿੰਕਰ, ਸਪੋਰਟਸ ਪਰਸਨ ਲਈ ਕਨੇਡੀਅਨ ਬੌਰਨ ਹਾਣ ਪ੍ਰਵਾਣ ਦੀ ਲੰਮੇ ਕੱਦ ਵਾਲੀ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਲੜਕੇ ਦਾ ਪਰਿਵਾਰ 37 ਸਾਲ ਤੋਂ ਕਨੇਡਾ ਵਿੱਚ ਰਹਿ ਰਿਹਾ ਹੈ। ਲੜਕਾ ਇਸ ਵੇਲੇ ਕੈਲਗਰੀ ਵਿੱਚ ਹੀ ਚੰਗੀ ਤਨਖਾਹ ਵਾਲੀ ਜੌਬ ਕਰ ਰਿਹਾ ਹੈ। ਸੰਪਰਕ: 368 997 6735 ***247***

## ਲੜਕੀ ਦੀ ਲੋੜ

ਕੈਨੇਡਾ ਵਰਕ ਪਰਮਿਟ ਉੱਪਰ ਆਏ,ਚੀਮਾ ਪਰਿਵਾਰ ਦੇ ਲੜਕੇ,ਉਮਰ 33 ਸਾਲ ਕੱਦ 5 ਫੁੱਟ 10 ਇੰਚ, ਕੰਪਿਊਟਰ ਸਾਫਟਵੇਅਰ ਅਤੇ ਏ ਸੀ ਮਕੈਨਿਕ ਡਿਪਲੋਮਾ ਹੋਲਡਰ , ਵੈਸ਼ਨੂੰ,ਨਾਨ ਡਰਿੰਕਰ ਲਈ ਕਨੇਡੀਅਨ ਪੀ ਆਰ,ਵਰਕ ਪਰਮਿਟ ਜਾਂ ਸਟੂਡੈਂਟ ਵੀਜ਼ਾ ਵਾਲੀ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਸੰਪਰਕ : 587 896 1625 ***247***

## ਲੜਕੀ ਦੀ ਲੋੜ

ਕਨੇਡੀਅਨ ਸਿਟੀਜਨ,ਰਾਮਗੜੀਆ ਸਿੱਖ ਪਰਿਵਾਰ ਦੇ ਸਾਰਟ ਟਾਈਮ ਡਿਵੋਰਸ,ਲੜਕੇ ਉਮਰ 35 ਸਾਲ, ਕੱਦ 5 ਫੁੱਟ 7 ਇੰਚ, ਲਈ ਪੜੀ ਲਿਖੀ ਵੈਸ਼ਨੂੰ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਵਿਜਟਿਰ ਵੀਜ਼ੇ ਵਾਲੇ ਵੀ ਸੰਪਰਕ ਕਰ ਸਕਦੇ ਹਨ। ਸੰਪਰਕ: 780 655 9504 ਜਾਂ 639 329 2599 ***247***

## ਲੜਕੀ ਦੀ ਲੋੜ

ਕਨੇਡਾ ਵਿਚ ਰਹਿੰਦੇ ਔਲਖ (ਛੀਂਬਾ) ਪਰਿਵਾਰ ਦੇ ਲੜਕੇ ਉਮਰ 26 ਸਾਲ,ਕੱਦ 5 ਫੁੱਟ 7 ਇੰਚ,ਬਿਜਨਿਸ ਅਕਾਊਂਟਿੰਗ ਟੈਕਨੋਲੋਜੀ ਦੀ ਪੜ੍ਹਾਈ ਕਨੇਡਾ ਤੋਂ ਕੀਤੀ ਹੋਈ ਹੈ ਅਤੇ ਹੁਣ ਆਪਣਾ ਬਿਜਨਿਸ ਪਾਰਟਨਰਸ਼ਿੱਪ ਨਾਲ ਕਰ ਰਿਹਾ ਹੈ। ਉਸ ਲਈ ਹਾਣ ਪ੍ਰਵਾਣ ਦੀ ਯੋਗਤਾ ਵਾਲੀ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਲੜਕੇ ਦਾ ਪਿਤਾ ਡਾਕਟਰ ਹੈ। ਸੰਪਰਕ: 403 402 6001 ਜਾਂ 98724 21430 ***247***

## ਲੜਕੇ ਦੀ ਲੋੜ

ਕਨੇਡੀਅਨ ਪੀ ਆਰ, ਜੱਟ ਸਿੱਖ ਪਰਿਵਾਰ ਦੀ ਲੜਕੀ, ਜਨਮ ਦਸੰਬਰ 1993,ਕੱਦ 5 ਫੁੱਟ 6 ਇੰਚ, ਵਿਦਿਅਕ ਯੋਗਤਾ ਹੈਲਥ ਐਂਡ ਹਿਊਮਨ ਸਰਵਿਸ ਅਤੇ ਹੁਣ ਡਾਇਰੈਕਟ ਸੁਪੋਰਟ ਸਪੈਸਲਿਸਟ ਦੀ ਜੌਬ ਕਰ ਰਹੀ ਲਈ ਹਾਣ ਪ੍ਰਵਾਣ ਦੇ ਲੜਕੇ ਦੇ ਰਿਸ਼ਤੇ ਦੀ ਲੋੜ ਹੈ। ਲੜਕਾ ਸੋਹਣਾ ਸੁਨੱਖਾ ਅਤੇ ਕੱਦ 5 ਫੁੱਟ 10 ਇੰਚ ਤੋਂ ਘੱਟ ਨਾ ਹੋਵੇ। ਲੜਕੀ ਦਾ ਸਾਰਾ ਪਰਿਵਾਰ ਕਨੇਡੀਅਨ ਪੀ ਆਰ ਹੈ। ਵਟਸਐਪ ਉੱਪਰ ਫੋਟੋ ਅਤੇ ਬਾਇਓਡਾਟਾ ਭੇਜੋ। ਸੰਪਰਕ: 587 583 0250 ਜਾਂ 403 700 6649 ***247***

## ਲੜਕੀ ਦੀ ਲੋੜ

ਕਨੇਡੀਅਨ ਪੀ ਆਰ,ਜੱਟ ਸਿੱਖ ਗਰੇਵਾਲ ਪਰਿਵਾਰ ਦੇ ਕੈਲਗਰੀ ਰਹਿੰਦੇ ਲੜਕੇ ਉਮਰ 26 ਸਾਲ, ਕੱਦ 5 ਫੁੱਟ 11 ਇੰਚ, ਵਿਦਿਅਕ ਯੋਗਤਾ : **Diploma** in applied Science Engineering **Job:** Signals and Communications Maintainer **( CPKC Railways)**

ਸੰਪਰਕ: 1780 600 6662 ਜਾਂ ਵਟਸਐਪ: 91 9592722719 ***247***

## ਜੀਵਨ ਸਾਥੀ ਦੀ ਲੋੜ

ਯੂ ਐਸ ਏ ਕੈਲੈਫੋਰਨੀਆਂ ਸਟੂਡੈਂਟ ਵੀਜਾ ਉੱਪਰ ਰਹਿੰਦੀ ਸੈਣੀ ਪਰਿਵਾਰ ਦੀ ਚੰਗੀ ਪੜੀ ਲਿਖੀ ਤਲਕਸ਼ੁਦਾ ਉਮਰ 47 ਸਾਲ, ਬੀ ਐਸ ਸੀ ,ਬੀ ਐੱਡ (ਮੈਡੀਕਲ) ਅਤੇ ਫਾਰਮੇਸੀ ਦੀ ਪੜ੍ਹਾਈ ਵਾਲੀ ਲੜਕੀ ਲਈ ਹਾਣ ਪ੍ਰਵਾਣ ਦੇ ਕਨੇਡੀਅਨ ਪੀ ਆਰ ਜਾਂ ਸਿਟੀਜਨ ਜੀਵਨ ਸਾਥੀ ਦੀ ਲੋੜ ਹੈ। ਸੰਪਰਕ: 587 971 9302 ਜਾਂ ਈ ਮੇਲ: harkiratsaini29@gmail.com ***247***

## ਲੜਕੇ ਦੀ ਲੋੜ

ਕਨੇਡੀਅਨ ਸਿਟੀਜਨ ਜੱਟ ਸਿੱਖ ਪਰਿਵਾਰ ਦੀ ਤਲਾਕਸੁਦਾ ਲੜਕੀ ਉਮਰ 32 ਸਾਲ,ਕੱਦ 5 ਫੁੱਟ 3 ਇੰਚ,ਸੁੰਦਰ ਪੜ੍ਹੀ ਲਿਖੀ,**(Innocently Divorced)** ਵਾਸਤੇ ਪੜ੍ਹੇ ਲਿਖੇ,ਨਸ਼ੇ ਤੋਂ ਰਹਿਤ,ਕਨੇਡੀਅਨ ਸਿਟੀਜਨ ਜਾਂ ਪੀ ਆਰ ਲੜਕੇ ਦੇ ਰਿਸ਼ਤੇ ਦੀ ਲੋੜ ਹੈ। ਲੜਕੀ ਦਾ ਸਾਰਾ ਪਰਿਵਾਰ ਕੈਲਗਰੀ ਹੀ ਰਹਿ ਰਿਹਾ ਹੈ। ਦੁਆਬਾ ਖੇਤਰ ਨਾਲ ਸਬੰਧਿਤ ਪਰਿਵਾਰ ਹੋਵੇ ਤਾਂ ਪਹਿਲ ਦੇ ਆਧਾਰ ਉੱਪਰ ਵੀਚਾਰ ਕੀਤੀ ਜਾ ਸਕਦੀ ਹੈ। ਸੰਪਰਕ:403 247 8083 ਜਾਂ ਵਟਸਐਪ 403 998 8473 ***247***

## ਜੀਵਨ ਸਾਥੀ ਦੀ ਲੋੜ

ਜੱਟ ਸਿੱਖ ਪਰਿਵਾਰ ਨਾਲ ਸਬੰਧਿਤ ਕਨੇਡਾ ਵਿਜਟਿਰ ਵੀਜੇ ਉੱਪਰ ਆਈ ਵਿਧਵਾ, ਉਮਰ 41 ਸਾਲ ,ਕੱਦ 5 ਫੁੱਟ 4 ਇੰਚ,ਵਿਦਿਅਕ ਯੋਗਤਾ ਪਲੱਸ 2 ਲਈ ਹਾਣ ਪਰਵਾਣ ਦੀ ਉਮਰ ਦੇ ਕਨੇਡੀਅਨ ਪੀ ਆਰ ਜਾਂ ਸਿਟੀਜਨ ਜੀਵਨ ਸਾਥੀ ਦੀ ਲੋੜ ਹੈ। ਪਹਿਲੇ ਪਰਿਵਾਰ ਵਿੱਚੋਂ ਉਹ 18 ਸਾਲ ਦੀ ਬੇਟੀ ਦੀ ਮਾਂ ਹੈ । ਬੇਟੀ ਵੀ ਕਨੇਡਾ ਸਟੂਡੈਂਟ ਵੀਜੇ ਉੱਪਰ ਪੜ੍ਹਾਈ ਕਰ ਰਹੀ ਹੈ। ਸੰਪਰਕ: 403 605 5484 ਜਾਂ 403 604 0254 ***246***

## ਲੜਕੇ ਦੀ ਲੋੜ

Jatt Sikh family seek a suitable match for their 5ft. 8inch / 30 years old daughter. She is an Engineering Graduate from Canadian University and working as a Professional Engineer (P. Eng.) within a reputed company. Boy should be born or raised in Canada. Seeking Canadian University Educated Doctor, Engineer, Lawyer, and Accountant. Contact: (403) 828 7973 or acheema8811@gmail.com. Only Jatt Sikh families contact. ***000***

## ਲੜਕੇ ਦੀ ਲੋੜ

Jatt Sikh's parents seeking suitable match for their daughter Indian born, Canadian citizen, 37 years old, 5' 1" feet, B.Tech, working in a highly reputed Telecom company on a technical position. Boy should be well educated of decent values and belong to a good family. Cell no./ WhatsApp +1 587-434-0817 ***000***

## ਅੰਗਹੀਣ ਲੜਕੀ ਦੀ ਲੋੜ

ਕਨੇਡੀਅਨ ਬੌਰਨ,ਕੱਦ 5 ਫੁੱਟ 7 ਇੰਚ, 27 ਸਾਲਾ ਉਮਰ ਦੇ ਲੜਕੇ ਜਿਸ ਨੂੰ 6 ਸਾਲ ਦੀ ਉਮਰ ਤੋਂ ਬਾਦ ਸੁਣਨ ਦੀ ਸਮੱਸਿਆ ਆ ਗਈ ਸੀ ਪਰ ਉਹ ਪੰਜਾਬੀ ਅਤੇ ਇੰਗਲਿਸ਼ ਬੋਲੀ ਵਿੱਚ ਪਰਿਵਾਰਿਕ ਮੈਂਬਰਾਂ ਦੀ ਗੱਲ ਸਮਝਦਾ ਹੈ, ਲਈ ਸਰੀਰਕ ਤੌਰ ਤੇ ਅੰਗਹੀਣ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਡਰਾਈਵਿੰਗ ਲਾਇਸੈਂਸ ਹੈ। ਲੜਕਾ ਫੁੱਲ ਟਾਈਮ ਜੌਬ ਕਰਦਾ ਹੈ। ਸੰਪਰਕ: 403 971 0648 ***000***

## ਲੜਕੀ ਦੀ ਲੋੜ

ਕਨੇਡੀਅਨ ਪੀ ਆਰ ਜੱਟ ਸਿੱਖ ਤੂਰ ਪਰਿਵਾਰ ਦੇ ਲੜਕੇ ਉਮਰ, ਉਮਰ 30 ਸਾਲ,ਕੱਦ 5ਫੁੱਟ 11 ਇੰਚ,ਵਿੱਦਿਅਕ ਯੋਗਤਾ ਬੀ ਏ, ਲਈ ਹਾਣ ਪ੍ਰਵਾਣ ਦੀ ਲੜਕੀ ਦੇ ਰਿਸ਼ਤ ਦੀ ਲੋੜ ਹੈ। ਜੋਆਇੰਟ ਫੈਮਿਲੀ ਵਾਲੇ ਰਿਸ਼ਤੇ ਨੂੰ ਪਹਿਲ । ਸੰਪਰਕ ਲਈ ਸਿਰਫ ਵਟਸਐਪ ਉੱਪਰ ਹੀ ਵਾਇਓਡਾਟਾ ਭੇਜਿਆ ਜਾਵੇ । ਵਟਸਐਪ: 403 680 0436 ******

## ਲੜਕੇ ਦੀ ਲੋੜ

ਜਿਲ੍ਹਾ ਫਤਿਹਗੜ੍ਹ ਸਾਹਿਬ ਨਾਲ ਸਬੰਧਤ ਜੱਟ ਸਿੱਖ ਭੰਗੂ ਪ੍ਰੀਵਾਰ ਦੀ ਲੜਕੀ, ਜਨਮ 1986, ਕੱਦ 5 ਫੁੱਟ 5 ਇੰਚ, ਵਿੱਦਿਅਕ ਯੋਗਤਾ ਬੀਏ, ਡਿਪਲੋਮਾ ਕੰਪਿਊਟਰ ਐਪਲੀਕੇਸ਼ਨ, ਪ੍ਰੋਗ੍ਰਾਮਿੰਗ, ਡਾਟਾ ਬੇਸ ਅਤੇ ਐਡਮਿਨਿਸਟ੍ਰੇਸ਼ਨ, ਲਈ ਹਾਣ ਪ੍ਰਵਾਣ ਦੀ ਯੋਗਤਾ ਵਾਲੇ ਕੈਨੇਡੀਅਨ ਪੀ ਆਰ ਜਾਂ ਸਿਟੀਜ਼ਨ ਵਰ ਦੀ ਲੋੜ ਹੈ। ਲੜਕੀ ਦੀ ਵੱਡੀ ਭੈਣ ਕੈਲਗਰੀ ਵਿਖੇ ਕੈਨੇਡੀਅਨ ਸਿਟੀਜ਼ਨ ਹੈ ਅਤੇ ਮਾਤਾ ਪਿਤਾ ਕੈਨੇਡੀਅਨ ਪੀ ਆਰ ਹਨ, ਸੰਪਰਕ :1 250 859 2829 ******


"ਪੰਜਾਬੀ ਅਖ਼ਬਾਰ" ਵਿੱਚ ਖ਼ਬਰਾਂ,ਕਾਰੋਬਾਰ ਵਿੱਚ ਵਾਧੇ ਲਈ ਵਿਓਪਾਰਕ ਐਡਵਰਟਾਈਜ਼ਮੈਂਟ,ਬੱਚਿਆਂ ਦੇ ਜਨਮ ਦਿਨ ਮੌਕੇ ਦੀਆਂ ਤਸਵੀਰਾਂ,ਵਿਆਹ ਦੀ ਵਰ੍ਹੇਗੰਢ, ਵਿਆਹ ਲਈ ਲੜਕੇ ਲੜਕੀ ਦੀ ਭਾਲ ਸਬੰਧੀ,ਵਰਕਰਾਂ ਦੀ ਲੋੜ,ਘਰ ਜਾਂ ਕਾਰ ਖਰੀਦਣ ਜਾਂ ਵੇਚਣ ਸਬੰਧੀ ਇਸ਼ਤਿਹਾਰ ਜਾਂ ਆਪਣੀਆਂ ਰਚਨਾਵਾਂ ਛਪਵਾਉਣ ਲਈ ਸੰਪਰਕ ਕਰੋ ।

ਕੈਲਗਰੀ-403 640 2000

ਐਡਮਿੰਟਨ-780 599 2000 ਸੈਸਕਾਟੂਨ 639 999 1000

ਰੀਜਾਇਨਾ- 639 999 1000, ਵਿਨੀਪੈੱਗ- 431 733 3000



## ਮਿਹਨਤੀ ਵਰਕਰਾਂ ਨੂੰ ਅਸੀਂ ਇੰਡੀਆ ਤੋਂ ਵੀ ਵਰਕ ਪਰਮਿਟ ਉੱਪਰ ਬੁਲਾ ਸਕਦੇ ਹਾਂ

Bhinder Exterior have the following job positions available as listed below.

- Administrative Assistant
- Civil Engineer
- Business Development
- Stucco Plasterer
- Consultant, Advertising
- Roofer
- Construction Helper

If you have any questions regarding the information provided, please do not hesitate to contact @

+1 403 680 0436

or email at

bhinderexteriors13@gmail.com.






## ਏ ਵਨ ਸਟੱਕੋ ਕੈਲਗਰੀ ਵਾਲਿਆਂ ਨੂੰ ਵਰਕਰਾਂ ਦੀ ਲੋੜ

A1 Roofing & Siding Ltd.

- ROOFING
- SIDING
- SOFFIT
- STUCCO
- HARDIE
- FASCIA
- EAVESTROUGH

ਘਰਾਂ ਦੀਆਂ ਛੱਤਾਂ ਅਤੇ ਸਾਈਡਿੰਗ, ਸਟੱਕੋ ਦਾ ਤਸੱਲੀਬਖ਼ਸ਼ ਕੰਮ ਕਰਵਾਓ

Jaswinder 403-614-2094    Harwinder 403-402-5615

ਏ ਵਨ ਸਟੱਕੋ ਕੈਲਗਰੀ ਵਾਲਿਆਂ ਨੂੰ ਵਰਕਰਾਂ ਦੀ ਲੋੜ "ਐਲ ਐਮ ਆਈ ਵੀ ਮਿਲ ਜਾਵੇਗੀ "ਜੇਕਰ ਕੰਮ ਦਾ ਤਜ਼ਰਬਾ ਨਹੀਂ ਹੈ ਤਾਂ ਉਹ ਕੰਮ ਵੀ ਸਿਖਾ ਦੇਣਗੇ। ਸਰੀਰਕ ਤੌਰ ਤੇ ਮਿਹਨਤ ਮੁਸ਼ੱਕਤ ਵਾਲਾ ਕੰਮ ਕਰਨ ਵਾਲੇ ਸੰਪਰਕ ਕਰਨ "403 614 2094 ਜਾਂ 403 402 5615



## ਵਰਕਰਾਂ ਦੀ ਲੋੜ

Green City is hiring lawn care worker with the following qualifications:

- Class 5 Driving license
- Good English communication skills
- Minimum age 24 required

ਕਾਲ: (403) 606-4160


### ਵਾਹਿਗੁਰੂ ਜੀ ਕਾ ਖਾਲਸਾ ਵਾਹਿਗੁਰੂ ਜੀ ਕੀ ਫਤਿਹ

ਜਿਵੇ ਆਪ ਸਭ ਨੂੰ ਪਤਾ ਹੈ ਕਿ ਆਪਾਂ ਸਿੱਖ ਸੋਸਾਇਟੀ ਆਫ ਸਸਕੈਚਵਨ ਗੁਰਦਵਾਰਾ ਸਾਹਿਬ ਲਈ ਨਵੀ ਜਮੀਨ ਖਰੀਦੀ ਹੈ ਸੋ ਬੇਨਤੀ ਹੈ ਕਿ ਸਾਰੀਆਂ ਟ੍ਰਾਂਸਪੋਰਟ ਕੰਪਨੀਜ਼ ਅਤੇ ਬਿਜ਼ਨਸ ਮੈਨ ਅਤੇ ਜਿੰਨੇ ਵੀ ਇਹਨਾਂ ਕੰਪਨੀਆਂ ਵਿਚ ਕੰਮ ਕਰਨ ਵਾਲੇ ਵਰਕਰ ਵੀਰ ਹਨ ਨਵੇਂ ਗੁਰਦਵਾਰਾ ਸਾਹਿਬ ਦੇ ਬਿਲਡਿੰਗ ਫੰਡ ਵਿਚ ਹਿੱਸਾ ਜਰੂਰ ਪਾਉਣ ਤਾਕਿ ਆਰੰਭ ਕੀਤੇ ਕਾਰਜ ਸਫਲ ਹੋ ਸਕਣ ਜੇ ਇਕ ਵੀਰ ਅਤੇ ਭੈਣ ਅਗਰ ਘਟ ਤੋਂ ਘਟ 100 £ ਵੀ ਸੇਵਾ ਕਰੇ ਤਾਂ ਇਹ ਕਾਰਜ ਗੁਰੂ ਕਿਰਪਾ ਸਦਕਾ ਸਫਲ ਹੋ ਸਕਦੇ ਹਨ! ਹਰ ਕੋਈ ਵੀਰ, ਭੈਣ ਇਹ ਪੋਸਟ ਨੂੰ ਵੱਧ ਤੋਂ ਵੱਧ share ਜਰੂਰ ਕਰੋ ਜੀ ਕਿਉਂਕਿ ਜੇ 4000 ਬੰਦਾ ਵੀ 100 £ ਸੇਵਾ ਕਰੇ ਤਾ ਸਾਡਾ ਜੋ ਗੁਰਦਵਾਰਾ ਸਾਹਿਬ ਦਾ ਟਾਰਗੇਟ ਹੈ down payment ਪੂਰੀ ਹੋ ਜਾਏਗੀ ਸੋ ਕਿਰਪਾ ਕਰਕੇ ਵੱਧ ਤੋਂ ਵੱਧ share kro ਜੀ ਬਿਲਡਿੰਗ ਫੰਡ ਲਈ ਇਸ ਈ-ਮੇਲ ਤੇ ਸੇਵਾ ਭੇਜ ਸਕਦੇ ਹੋ ਹੋਰ ਜਾਨ ਕਾਰੀ ਲੁਈ ਤੁਸੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਕਾਲ ਕੱਰ ਸੱਕਦੇ ਹੋ 3069797454 ਜਾ ਬਲਦੇਬ ਸਿੰਘ 3062416655 ਜਾਂ ਹਰਪ੍ਰੀਤ ਸਿੰਘ ਜੱਸਲ 306 261 7373.
sikhsocietysknewland@gmail.com

## Name change

I, **Vipandeep kaur Sandhu,** daughter of Randhir Singh, resident of **B-17/5099, Guron Colony Machhiwara, Ludhiana 141115, Punjab,** India, and presently residing at **33705 Blueberry Dr, Mission, BC V2V 6Z7, Canada,** do hereby change my name from **Vipandeep kaur to Vipandeep kaur Sandhu**, with immediate effect.

## Name change

I, **Rupinder Singh Sandhu**, son of Didar Singh, resident of **B-17/5099, Guron Colony Machhiwara, Ludhiana 141115, Punjab, India,** and presently residing at **33705 Blueberry Dr, Mission, BC V2V 6Z7, Canada**, do hereby change my name from **Rupinder Singh to Rupinder Singh Sandhu,** with immediate effect.

## ਰਾਸ਼ਟਰਪਤੀ ਬਾਇਡਨ ਦੇ ਪੁੱਤ ਹੰਟਰ ਨੂੰ ਤਿੰਨੇ ਗੰਭੀਰ ਦੋਸ਼ਾਂ ਤਹਿਤ ਠਹਿਰਾਇਆ ਗਿਆ ਦੋਸ਼ੀ, ਹੋ ਸਕਦੀ 25 ਸਾਲ ਤੱਕ ਦੀ ਸ਼ਜ਼ਾ

ਦੁਨੀਆ ਦੇ ਸਭ ਤੋਂ ਤਾਕਤਵਰ ਵਿਅਕਤੀਆਂ'ਚ ਜਾਣੇ ਜਾਂਦੇ 81 ਵਰ੍ਹਿਆਂ ਦੇ ਅਮਰੀਕੀ ਰਾਸ਼ਟਰਪਤੀ ਜੋ ਬਾਇਡਨ ਔਲਾਦ ਵੰਨੀਓ ਬਹੁਤ ਔਖੇ ਹਨ।

ਬਾਇਡਨ ਦਾ ਵੱਡਾ ਪੁੱਤ Beau Biden ਨੌਂ ਵਰ੍ਹੇ ਪਹਿਲਾਂ 30 ਮਈ 2015 ਨੂੰ ਸਿਰਫ਼ 46 ਸਾਲ ਦੀ ਉਮਰ'ਚ ਬਰੇਨ ਕੈਂਸਰ ਨਾਲ ਜਹਾਨੋਂ ਰੁਖਸਤ ਹੋ ਗਿਆ ਸੀ।ਉਸ ਦੀ ਧੀ ਨਾਓਮੀ 52 ਸਾਲ ਪਹਿਲਾਂ ਆਪਣੀ ਮਾਂ ਨਿਲੀਆ(ਬਾਇਡਨ ਦੀ ਪਹਿਲੀ ਪਤਨੀ)ਨਾਲ 18 ਦਸੰਬਰ 1972 ਨੂੰ ਬਹੁਤ ਭਿਆਨਕ ਕਾਰ ਹਾਦਸੇ'ਚ ਦਮ ਤੋੜ ਗਈ ਸੀ।

ਸੋ ਹੁਣ ਬਾਇਡਨ ਦੀ ਔਲਾਦ'ਚ ਹੁਣ ਚਾਰ ਚੋਂ ਦੋ ਜਣੇ; 54 ਵਰ੍ਹਿਆਂ ਦਾ ਪੁੱਤ ਹੰਟਰ ਬਾਇਡਨ ਤੇ 43 ਵਰ੍ਹਿਆਂ ਦੀ ਧੀ ਐਸ਼ਲੇ ਬਾਇਡਨ ਹੀ ਜਿਉਂਦੇ ਹਨ।

ਚਲੋ ਉਪਰਕੋਤ ਬਿਉ ਤੇ ਨਾਓਮੀ ਵਾਲੇ ਦੋਵੇਂ ਸੱਲ ਤਾਂ ਕੁਦਰਤ ਨੇ ਦਿੱਤੇ ਹਨ,ਪਰ ਹੰਟਰ ਨੇ ਉਮਰ ਦੇ ਬਿਲਕੁਲ ਅਖੀਰਲੇ ਪਹਿਰੇ ਬਾਇਡਨ ਦੇ ਧੌਲਿਆਂ'ਚ ਜੋ ਖੇਹ ਪਾਈ ਹੈ,ਉਸ ਦੀ ਅਮਰੀਕਾ'ਚ ਬਹੁਤ ਤ੍ਰਾਹ-ਤ੍ਰਾਹ ਹੋਈ ਪਈ ਹੈ।

ਅਮਰੀਕਾ ਦੇ ਡੇਲਾਵੇਅਰ ਸੂਬੇ ਦੀ ਵਿਲਮਿੰਗਟਨ ਫੈਡਰਲ ਕੋਰਟ ਦੀ 12 ਮੈਂਬਰੀ ਜਿਊਰੀ ਨੇ ਹੰਟਰ ਵਿਲੀਅਮ'ਤੇ ਸੰਤਬਰ 2023'ਚ ਲੱਗੇ ਤਿੰਨੇ ਦੋਸ਼ ਸਾਬਿਤ ਹੋ ਗਏ ਹਨ। ਵਿਲੀਅਮ ਹੰਟਰ 'ਤੇ ਕਰੈਕ ਕੋਕੀਨ ਦਾ ਆਦੀ ਹੋਣ'ਤੇ ਇਸ ਨਾਲ ਡੱਕ ਕੇ .38 ਕੋਲਟ ਕੋਬਰਾ ਰਿਵਾਲਵਰ ਖਰੀਦਣ ਤੇ ਇਸ ਨੂੰ ਰੱਖਣ ਦਾ ਦੋਸ਼ ਹੈ।ਅਮਰੀਕਾ ਦਾ ਫੈਡਰਲ ਲਾਅ ਗੈਰ-ਕਾਨੂੰਨੀ ਡਰੱਗਸ ਦੇ ਸੇਵਨ ਕਰਨ ਵਾਲਿਆਂ'ਤੇ ਹਥਿਆਰ ਰੱਖਣ ਦੀ ਪਾਬੰਦੀ ਲਾਉਂਦਾ ਹੈ। Prosecutor(ਸਰਕਾਰੀ ਧਿਰ)ਦਾ ਕਹਿਣਾ ਹੈ ਕਿ ਰਾਸ਼ਟਰਪਤੀ ਦੇ ਲਾਡਲੇ ਨੇ ਜਦੋਂ 12 ਅਕਤੂਬਰ 2018 ਨੂੰ ਵਿਲਮਿੰਗਟਨ ਦੀ ਇੱਕ ਅਸਲਾ-ਦੁਕਾਨ 'StarQuest Shooters and Survival Supply' ਤੋਂ ਉਪਰੋਕਤ ਰਿਵਾਲਵਰ,ਸਪੀਡ ਲੋਡਰ ਤੇ ਕਾਰਤੂਸ ਖਰੀਦੇ ਤਾਂ 'Bureau of Alcohol, Tobacco, Firearms and Explosives formÓ ਤੇ ਝੂਠਾ ਲਿਖ ਦਿੱਤਾ ਕਿ ਮੈਂ ਕੋਈ ਨਸ਼ਾ-ਪੱਤਾ ਨਹੀਂ ਕਰਦਾ ਹਾਂ ਤੇ ਅਸਲਾ ਰੱਖਣ ਦੇ ਮੰਤਵ ਸਮੇਤ ਮੰਗੀ ਜਾਣਕਾਰੀ'ਚ ਹੋਰ ਕਈ ਝੂਠ ਬੋਲੇ। ਹੰਟਰ ਨੇ ਕੋਈ 11 ਦਿਨ ਇਹ ਰਿਵਾਲਵਰ ਕੋਲ ਰੱਖਿਆ ਤੇ ਜਦੋਂ ਉਸ ਦੀ ਭਰਜਾਈ Hallie Biden(ਮਰਹੂਮ ਬਿਊ ਦੀ ਪਤਨੀ ਤੇ 2018'ਚ ਹੰਟਰ ਤੇ ਹੈਲੇ ਸੰਬੰਧਾਂ'ਚ ਸਨ)ਨੂੰ ਜਦੋਂ ਟਰੱਕ ਦੀ ਕਨਸੋਲ'ਤੇ ਇਹ ਹਥਿਆਰ ਦਿਖਿਆ ਤਾਂ ਉਸਨੇ ਇਸ ਨੂੰ ਕਿਸੇ ਗਰੋਸਰੀ ਸਟੋਰ ਅੱਗੇ ਰੱਖੇ ਇੱਕ ਟਰੈਸ਼ ਕੈਨ'ਚ ਸੁੱਟ ਦਿੱਤਾ।

ਹੰਟਰ ਨੇ ਜਦੋਂ ਇਸ ਬਾਰੇ ਹੈਲੇ ਤੋਂ ਪੁੱਛਿਆ ਉਸਨੇ(ਹੈਲੇ ਨੇ) ਇਹ ਵਿਖਾਵਾ ਕੀਤਾ ਕਿ ਉਸਨੂੰ ਤਾਂ ਕਿਸੇ ਗੱਲ ਦਾ ਪਤਾ ਹੀ ਨਹੀਂ ਹੈ ਤੇ ਦੋਵਾਂ'ਚ ਇਸ ਗੱਲੋਂ ਗਰਮਾ-ਗਰਮੀ ਵੀ ਹੋਈ।ਜਦੋਂ ਹੈਲੇ ਮੁੜ ਕੇ ਕੂੜਾਦਨ ਚੋਂ ਉਹ ਰਿਵਾਲਵਰ ਲੱਭਣ ਗਈ ਤਾਂ ਉਹ ਉੱਥੋਂ ਗਾਇਬ ਸੀ ਤੇ ਇਹ ਉਦੋਂ ਤੱਕ ਕਿਸੇ ਕਬਾੜ ਚੁਗਣ ਬਾਬੇ ਵਾਲੇ ਬਾਬੇ ਦੇ ਹੱਥ ਲੱਗ ਚੁੱਕਾ ਸੀ,ਬਾਅਦ'ਚ ਖਰ ਪੁਲਿਸ ਨੇ ਇਹ ਰਿਵਾਲਵਰ ਉਸ ਬਜ਼ੁਰਗ ਤੋਂ ਬਰਾਮਦ ਵੀ ਕਰ ਲਿਆ ਸੀ।

ਸੋ ਇਹ ਤਿੰਨੇ ਦੋਸ਼ ਉਸਦੇ ਆਪਣੇ ਡਰੱਗਜ਼ ਆਦੀ ਹੋਣ ਬਾਰੇ ਤੇ ਹੋਰ ਝੂਠੀਆਂ ਜਾਦਕਾਰੀਆਂ ਦੇਣ ਤੇ ਉਹ 11 ਦਿਨ ਗੈਰ-ਕਾਨੂੰਨੀ ਹਥਿਆਰ ਰੱਖਣ ਨਾਲ ਸੰਬੰਧਤ ਹਨ ਤੇ ਇਹ ਤਿੰਨੇ ਦੋਸ਼ The US Code ਦੇ ਟਾਇਰਲ 18 ਦੀ ਘੋਰ ਉਲੰਘਣਾ ਹਨ।

ਇਸ ਕੇਸ ਦਾ ਫੈਸਲਾ ਚਾਰ ਮਹੀਨਿਆਂ ਤੋਂ ਪਹਿਲਾਂ ਆ ਜਾਣਾ ਹੈ ਤੇ ਇਸ'ਚ 25 ਸਾਲ ਤੱਕ ਦੀ ਸ਼ਜ਼ਾ ਹੋ ਸਕਦਾ ਹੈ।

ਰਾਸ਼ਟਰਪਤੀ ਤੇ ਪਿਉ ਬਾਇਡਨ ਇਸ ਫੈਸਲੇ'ਤੇ ਭਾਵੁਕ ਹੋ ਗਏ ਤੇ ਉਹਹ ਨਸ਼ੱਈ ਪੁੱਤ ਨੂੰ ਜੱਫੀ ਪਾ ਕੇ ਰੋਣ ਲੱਗ ਗਏ ਤੇ ਕਿਹਾ ਕਿ ਉਹ ਅੱਗੇ ਅਪੀਲ ਕਰਨ ਬਾਰੇ ਵਿਚਾਰ ਕਰਨਗੇ।ਬਾਇਡਨ ਨੇ ਕਿਹਾ ਕਿ ਬਹੁਤ ਸਾਰੇ ਪਰਿਵਾਰ ਹਨ ਜਿਹਨਾਂ ਦੇ ਮੈਂਬਰ ਨਸ਼ੇ ਦੀ ਲਤ ਨਾਲ ਜੂਝ ਰਹੇ ਹਨ ਤੇ ਜੇ ਉਹ ਜਦੋਂ ਇਸ ਤੋਂ ਉਭਰ ਕੇ ਤੰਦਰੁਸਤ ਹੁੰਦੇ ਤਾਂ ਇਹ ਮਜ਼ਬੂਤੀ ਤੇ ਮਾਣ ਵਾਲਾ ਪਲ ਹੁੰਦਾ ਹੈ।

ਅਮਰੀਕਾ'ਚ ਰਾਸ਼ਟਰਪਤੀ ਚੋਣਾਂ ਨਵੰਬਰ'ਚ ਹਨ ਤੇ ਬਾਇਡਨ ਨੇ 27 ਜੂਨ ਨੂੰ ਟਰੰਪ ਨਾਲ ਇੱਕ ਜਨਤਕ ਬਹਿਸ'ਚ ਹਿੱਸਾ ਲੈਣਾ ਹੈ।ਜਿੱਥੇ ਟਰੰਪ ਪਹਿਲੇ ਸਾਬਕਾ ਰਾਸ਼ਟਰਪਤੀ ਬਣ ਗਏ ਹਨ ਜਿਹਨਾਂ ਤੇ hush money ਦੇਣ ਦੇ ਦੋਸ਼ ਸਾਬਿਤ ਹੋਏ ਹਨ ਉੱਥੇ ਬਾਇਡਨ ਪਹਿਲੇ ਅਜਿਹੇ ਰਾਸ਼ਟਰਪਤੀ ਬਣ ਗਏ ਹਨ ਜਿਹਨਾਂ ਦੀ ਔਲਾਦ'ਤੇ ਇਹ ਗੰਭੀਰ ਦੋਸ਼ ਸਾਬਿਤ ਹੋਏ ਹਨ। ਉਂਝ ਅਮਰੀਕੀ ਰਾਸ਼ਟਰਪਤੀ ਵਜੋਂ ਬਾਇਡਨ ਕੋਲ ਪੁੱਤ ਨੂੰ ਸ਼ਜਾ ਦੇਣ ਦੀ ਇੱਛੁਕ ਤੇ ਕਾਨੂੰਨੀ ਸ਼ਕਤੀ ਹੈ,ਪਰ ਉਹ ਕਹਿ ਚੁੱਕੇ ਹਨ ਸ਼ਜਾ ਹੋਣ'ਤੇ ਉਹ ਹੰਟਰ ਦੀ ਸ਼ਜਾ ਮੁਆਫ਼ੀ ਨਹੀਂ ਕਰਨਗੇ।

ਤੁਹਾਨੂੰ ਕੀ ਲਗਦਾ ਹੈ ਕਿ ਅਮਰੀਕਾ ਵਰਗੇ ਦੇਸ਼ਾਂ'ਚ ਵਾਕਈ ਕਾਨੂੰਨ ਦੇ ਹੱਥ ਲੰਮੇ ਹਨ ?

**Jacknama - ਜੈਕਨਾਮਾ**




# ਜੇ ਜਵਾਨੀ ਦਾ ਮਜਾ ਜਾਂਦਾ ਰਿਹਾ

ਜਿਸ ਉਮਰ ਵਿੱਚ ਮੈਨੂੰ ਪੰਜਾਬੀ ਗੀਤਾਂ ਦਾ ਸ਼ੌਕ ਪਿਆ, ਉਦੋਂ ਮੈਨੂੰ ਗੀਤਾਂ ਦੀਆਂ ਸ਼ਾਖਾਵਾਂ ਦੀ ਕੌਡੀ ਭਰ ਵੀ ਜਾਣਕਾਰੀ ਨਹੀਂ ਸੀ। ਭਾਵ ਗਾਣਾ, ਦੋਗਾਣਾ, ਕਵਿਤਾ, ਨਜ਼ਮ, ਕਾਫ਼ੀ, ਕਵਾਲੀ, ਕਲੀ, ਗ਼ਜ਼ਲ ਮੇਰੇ ਲਈ ਤਾਂ ਇਹ ਸਾਰੇ ਹੀ ਗੀਤ ਸਨ। ਉਹਨਾਂ ’ਚੋਂ ਕੁੱਝ ਕੁ ਗੀਤ ਮੈਨੂੰ ਬਾਕੀਆਂ ਤੋਂ ਅਲੱਗ ਜਿਹੇ ਲਗਦੇ ਸਨ, ਪਰ ਉਦੋਂ ਕੋਈ ਸਮਝ ਨਹੀਂ ਸੀ। ਇਹ ਤਾਂ ਬਹੁਤ ਬਾਅਦ ’ਚ ਪਤਾ ਚੱਲਿਆ ਕਿ ਉਹ ਤਾਂ ਗ਼ਜ਼ਲਾਂ ਹਨ।

ਗ਼ਜ਼ਲ ਅਰਬੀ ਬੋਲੀ ਦਾ ਸ਼ਬਦ ਹੈ, ਜਿਸਦਾ ਸ਼ਾਬਦਿਕ ਅਰਥ ਹੈ; ਔਰਤਾਂ ਨਾਲ ਗੱਲਾਂ ਕਰਨੀਆਂ, ਪਿਆਰ ਭਰੀਆਂ ਗੱਲਾਂ ਭਾਵ ‘ਪਿਆਰ ਪੂਰਤਿ ਕਵਿਤਾ’। ਗਜ਼ਲ ਦੇ ਪਹਿਲੇ ਦੋ ਤੁਕੇ ਬੰਦ ਨੂੰ ‘ਮਤਲਾ’ ਆਖਦੇ ਹਨ ਤੇ ਅਖੀਰਲੇ ਬੰਦ ਨੂੰ ਜਿਸ ਵਿੱਚ ਸ਼ਾਇਰ ਦਾ ਨਾਮ, ਤਖ਼ੱਲਸ ਜਾਂ ਉਪਨਾਮ ਹੁੰਦਾ ਹੈ, ਉਸਨੂੰ ‘ਮਕਤਾ’ ਆਖਦੇ ਹਨ। ਗਜ਼ਲ ਦਾ ਹਰੇਕ ਬੰਦ ਆਪਣੇ ਆਪ ਵਿੱਚ ਆਜ਼ਾਦ ਹੁੰਦਾ ਹੈ।

ਫ਼ਾਰਸੀ, ਉਰਦੂ ਤੋਂ ਬਾਅਦ ਗ਼ਜ਼ਲ ਹਿੰਦੀ ਤੇ ਪੰਜਾਬੀ ’ਚ ਵੀ ਪ੍ਰਵੇਸ਼ ਕਰ ਗਈ। ਆਜ਼ਾਦੀ ਤੋਂ ਪਹਿਲਾਂ ਪੁਰਾਣੇ ਸਾਂਝੇ ਪੰਜਾਬ ’ਚ ਕਿੱਸਾਕਾਰੀ ਦਾ ਜਿਆਦਾ ਬੋਲਬਾਲਾ ਸੀ। ਜਿਸ ਵਿੱਚ ਪੁਰਾਣੇ ਕਵੀਆਂ ਨੇ ਕਬਿੱਤ, ਬੈਂਤ, ਕੋਰੜਾ, ਦਵੱਈਆ ਵਰਗੇ ਛੰਦਾਂ ਦੀ ਵਰਤੋਂ ਕਰਦਿਆਂ ਸੈਫ-ਉਲ-ਮਲੂਕ ਤੇ ਹੀਰ ਵਰਗੀਆਂ ਸਦਾ ਬਹਾਰ ਕ੍ਰਿਤਾਂ ਦੀ ਰਚਨਾਂ ਕੀਤੀ। ਇਨ੍ਹਾਂ ਛੰਦਾਂ ਵਿੱਚ ਅੱਧ-ਪਚੱਧੀ ਮਾਤਰਾ ਦੀ ਵਾਧ-ਘਾਟ ਸਮੇਟੀ ਜਾ ਸਕਦੀ ਸੀ। ਥੋੜ੍ਹਾ ਲਮਕਾ ਕੇ ਪੜ੍ਹਨ ਨਾਲ ਲੈਅ ਟੁੱਟਦੀ ਨਹੀਂ ਸੀ। ਪਰ ਗ਼ਜ਼ਲ ਉਹ ਮਹਿਬੂਬਾ ਵਰਗੀ ਹੈ, ਜਿਸਨੂੰ ਢਿੱਲੇ ਪਹਿਰਾਵੇ ਬਿਲਕੁਲ ਪਸੰਦ ਨਹੀਂ। ਉਸ ਨੂੰ ਚੁਸਤ ਲਿਬਾਸ ਹੀ ਫੱਬਦੇ ਹਨ, ਜਿਸ ਵਿੱਚੋਂ ਉਸ ਦੇ ਅੰਗ ਅੰਗ ਦੀ ਖ਼ੂਬਸੂਰਤੀ ਤੇ ਸੁਡੌਲਤਾ ਦਾ ਭਰਪੂਰ ਪ੍ਰਗਟਾਵਾ ਹੋ ਸਕੇ।


ਚਾਨਣ ਗੋਬਿੰਦਪੁਰੀ

ਉਸ ਵੇਲੇ ਜਿਨ੍ਹਾਂ ਗਜ਼ਲਾਂ ਨੇ ਮੈਨੂੰ ਪ੍ਰਭਾਵਿਤ ਕੀਤਾ (ਜਿਨਾਂ ਨੂੰ ਮੈਂ ਉਸ ਵਕਤ ਗੀਤ ਹੀ ਸਮਝਦਾ ਸੀ) ਉਹਨਾਂ ਵਿੱਚ ਇਕ ਜਿਸਨੂੰ ਸੁਰਿੰਦਰ ਕੌਰ ਨੇ ਗਾਇਆ ਸੀ:

**ਓਹ ਬੜਾ ਬੇਲਿਹਾਜ਼ ਕੀ ਕਰੀਏ**
**ਬੇਵਫ਼ਾ ਦਾ ਇਲਾਜ਼ ਕੀ ਕਰੀਏ**
**ਤੇਰੇ ਗ਼ਮ ਦਾ ਵੀ ਕੀ ਭਰੋਸਾ ਏ**
**ਸ਼ੈਅ ਬੇਗਾਨੀ ਮਿਜਾਜ਼ ਕੀ ਕਰੀਏ**
**ਡਾਢੇ ਬਿਖੜੇ ਨੇ ਪਿਆਰ ਦੇ ਪੈਂਡੇ**
**ਦਿਲ ਜੇ ਆਵੇ ਨਾ ਬਾਜ ਕੀ ਕਰੀਏ**
**ਕੱਚੇ ਘੜਿਆਂ ਨੇ ਪਾਰ ਕੀ ਲਾਉਣੇ**
**ਲੱਗੇ ਇਸ਼ਕੇ ਨੂੰ ਲਾਜ ਕੀ ਕਰੀਏ**
**ਤੈਨੂੰ ਭੁੱਲਣਾ ਤੇ ਕੁੱਝ ਨਹੀਂ ਮੁਸ਼ਕਲ**
**ਝੱਲੇ ਦਿਲ ਦਾ ਇਲਾਜ਼ ਕੀ ਕਰੀਏ**

ਇਸ ਗਜ਼ਲ ਵਿੱਚ ਸ਼ਾਇਰ ਦਾ ਨਾਮ ਨਹੀਂ ਸੀ। ਮੈਨੂੰ ਤਾਂ ਬਾਅਦ ’ਚ ਪੜਚੋਲ ਕਰਨ ਤੇ ਪਤਾ ਲੱਗਿਆ ਕਿ ਇਹ ‘ਚਾਨਣ ਗੋਬਿੰਦਪੁਰੀ’ ਦੀ ਲਿਖਤ ਹੈ। ਉਰਦੂ ਦੇ ਜਗਤ ਪ੍ਰਸਿੱਧ ਸ਼ਾਇਰ ਸਨ, ਜਨਾਬ ਦਾਗ਼ ਦੇਹਲਵੀ ਅਤੇ ਦਾਗ਼ ਦੇਹਲਵੀ ਦੇ ਸ਼ਾਗਿਰਦ ਸਨ, ਜਲੰਧਰ ਨੇੜੇ ‘ਮਲਸੀਆਂ’ ਕਸਬੇ ਦੇ ਪੰਡਿਤ ਲੱਭੂ ਰਾਮ ਉਰਫ, ਜੋਸ਼ ਮਲਸੀਆਨੀ। ਅੱਗੋਂ ਜੋਸ਼ ਮਲਸਿਆਨੀ ਦੇ ਸ਼ਾਗਿਰਦ ਦਾ ਨਾਮ ਸੀ, ਚਾਨਣ ਰਾਮ ਕਲੇਰ ਉਰਫ ਚਾਨਣ ਗੋਬਿੰਦਪੁਰੀ।

ਚਾਨਣ ਦਾ ਜਨਮ 5 ਫਰਵਰੀ 1924 ਨੂੰ ਜਲੰਧਰ ਜਿਲ੍ਹੇ ਵਿੱਚ ਬੰਗੇ ਲਾਗੇ ਪਿੰਡ ਗੋਬਿੰਦਪੁਰ ਵਿੱਚ ਹੋਇਆ। ਚਾਨਣ ਨੇ ਬੀ. ਡੀ. ਹਾਈ ਸਕੂਲ ਬੰਗਾ ਤੋਂ ਮੈਟ੍ਰਿਕ ਤੱਕ ਪੜ੍ਹਾਈ ਕੀਤੀ। ਘਰ ਦੀ ਆਰਥਿਕ ਤੰਗੀ ਕਰਕੇ ਉਹ ਇਸ ਤੋਂ ਅੱਗੇ ਨਾ ਪੜ੍ਹ ਸਕਿਆ। 8 ਮਾਰਚ 1943 ਨੂੰ ਉਸਨੇ ਦਿੱਲੀ ਜਾ ਕੇ ਗੌਰਮਿੰਟ ਆਫ ਇੰਡੀਆ ਦੇ ਦਫਤਰ ਵਿੱਚ ਕਲਰਕ ਦੀ ਨੌਕਰੀ ਕਰ ਲਈ। ਨੌਕਰੀ ’ਤੇ ਪੱਕੇ ਹੋਣ ਲਈ 1944 ਵਿੱਚ ਯੂ. ਪੀ. ਐਸ. ਸੀ. ਦਾ ਇਮਿਤਿਹਾਨ ਪਾਸ ਕੀਤਾ ਤੇ ਬਤੌਰ ਕਲਰਕ ਪੱਕਾ ਹੋ ਗਿਆ।

1952 ਵਿੱਚ ਚਾਨਣ ਰਾਮ ਐਸਿਸਟੈਂਟ ਗ੍ਰੇਡ ਦਾ ਇਮਿਤਿਹਾਨ ਦੇ ਕੇ ਅਸਿਸਟੈਂਟ ਬਣ ਗਿਆ ਤੇ 1959 ਵਿੱਚ ਉਹ ਯੂ. ਪੀ. ਐਸ. ਸੀ. ਦਾ ਸ਼ੈਕਸ਼ਨ ਅਫਸਰ ਦਾ ਇਮਿਤਿਹਾਨ ਪਾਸ ਕਰਕੇ ਬਤੌਰ ਸ਼ੈਕਸ਼ਨ ਅਫਸਰ ਨਿਯੁਕਤ ਹੋ ਗਿਆ।

ਚਾਨਣ ਜੀ ਉਹਨਾਂ ਮੁੱਢਲੇ ਸ਼ਾਇਰਾਂ ਵਿੱਚੋਂ ਸਨ ਜਿਨਾਂ ਦਾ ਬਤੌਰ ਗੀਤਕਾਰ 1950 ਵਿੱਚ ਰੇਡੀਓ ਨਾਲ ਕਨਟਰੈਕਟ ਹੋਇਆ। ਉਸ ਵੇਲੇ ਅੰਮ੍ਰਿਤਾ ਪ੍ਰੀਤਮ ਰੇਡੀਓ ’ਤੇ ਸ਼ਾਮੀ 15 ਮਿੰਟ ਬਤੌਰ ਅਨਾਊਂਸਰ ਕੰਮ ਕਰਦੇ ਸਨ। ਚਾਨਣ ਗੋਬਿੰਦਪੁਰੀ ਦੇ ਗੀਤਾਂ ਨਾਲ ਪੰਜਾਬੀ ਗੀਤਕਾਰੀ ਦਾ ਇਕ ਨਵਾਂ ਦੌਰ ਸ਼ੁਰੂ ਹੋਇਆ।

1949 ਵਿੱਚ ਐਚ. ਐਮ. ਵੀ. ਕੰਪਨੀ ਵਿੱਚ ‘ਚਾਨਣ’ ਜੀ ਦਾ ਲਿਖਿਆ ਗੀਤ ਜਿਸਨੂੰ ਪ੍ਰਕਾਸ਼ ਕੌਰ ਤੇ ਤ੍ਰਿਲੋਕ ਕਪੂਰ ਨੇ ਗਾਇਆ ਸੀ, ਨੂੰ ਰਿਕਾਰਡਿੰਗ ਸ਼ੈਸ਼ਨ ਦਾ ਸਰਬੋਤਮ ਗੀਤ ਕਰਾਰ ਦਿੱਤਾ ਗਿਆ ਸੀ।

**ਆ ਹੁਸਨ ਜਵਾਨੀ ਮੱਤੀਏ ਬਾਂਕੀਏ ਗੋਰੀਏ**
**ਤੇਰਾ ਡੁੱਲ੍ਹ ਡੁੱਲ੍ਹ ਪੈਂਦਾ ਰਸ ਗੰਨੇ ਦੀਏ ਪੋਰੀਏ**

ਚਾਨਣ ਗੋਬਿੰਦਪੁਰੀ ਨੂੰ ਪੰਜਾਬੀ ਦੇ ਮੁੱਢਲੇ ਗੀਤਕਾਰਾਂ ਵਿੱਚੋਂ ਇਕ ਗਿਣਿਆ ਜਾ ਸਕਦਾ ਹੈ। ਉਹਨਾਂ ਦੁਆਰਾ ਲਿਖੇ ਅਨੇਕਾਂ ਹੀ ਗੀਤ ਆਕਾਸ਼ਬਾਣੀ ਰੇਡੀਓ ’ਤੇ ਵੀ ਰਿਕਾਰਡ ਹੋਏ ਤੇ ਐਚ. ਐਮ. ਵੀ. ਕੰਪਨੀ ਦੇ ਤਵਿਆਂ ਵਿੱਚ ਵੀ ਆਪਣੇ ਸਮੇਂ ਦੇ ਪ੍ਰਸਿੱਧ ਗਾਇਕਾਂ ਨੇ ‘ਚਾਨਣ’ ਜੀ ਦੇ ਗੀਤ ਗਾਏ। ਜਿਵੇਂ:

*ਬਾਗਾਂ ਵਿੱਚ ਪਿਆ ਚੰਨਾਂ ਅੰਬੀਆਂ ਨੂੰ ਬੂਰ ਵੇ*
*ਰੁੱਤ ਹੈ ਸੁਹਾਣੀ ਸਾਨੂੰ ਮਿਲਣਾ ਜ਼ਰੂਰ ਵੇ*

**ਗਾਇਕਾ- ਸੁਰਿੰਦਰ ਕੌਰ**

*ਪ੍ਰਦੇਸੀ ਸੱਜਣਾ ਠਹਿਰ ਜ਼ਰਾ*
*ਸਾਡਾ ਦਿਲ ਤੜਪਾ ਕੇ ਨਾ ਜਾਵੀਂ*
*ਤੈਨੂੰ ਵੇਖ ਨਾ ਲੱਥਿਆ ਚਾਅ ਸਾਡਾ*
*ਸਾਡੀ ਆਸ ਨੂੰ ਢਾਹ ਕੇ ਨਾ ਜਾਵੀਂ*

***ਗਾਇਕ- ਆਸਾ ਸਿੰਘ ਮਸਤਾਨਾ***

*ਗੋਰੀ-ਗੋਰੀ ਵੀਣੀ ਵਿੱਚ ਸੂਹੀਆ ਵੰਗਾਂ*
*ਢੋਲ ਪ੍ਰਦੇਸੀਆ ਮੈਂ ਸੁੱਖ ਤੇਰੀ ਮੰਗਾਂ*

***ਗਾਇਕਾ- ਊਸ਼ਾ ਸੇਠ***

*ਸਾਨੂੰ ਐਨੀ ਗੱਲ ਦੱਸ ਜਾ ਮਜ਼ਾਜੀ ਢੋਲਣਾ*
*ਵੇ ਤੂੰ ਸਾਡੇ ਨਾਲ ਬੋਲਣਾ ਕਿ ਨਹੀਂ ਬੋਲਣਾ*

**ਗਾਇਕਾ- ਨੀਲਮ ਸਾਹਨੀ**

ਆਸਾ ਸਿੰਘ ਮਸਤਾਨਾ ਦੀ ਆਵਾਜ਼ ਵਿੱਚ ਰਿਕਾਰਡ ਹੋਈ ਗੋਬਿੰਦਪੁਰੀ ਦੀ ਗਜ਼ਲ ਦਾ ਰਿਕਾਰਡ ਹਰ ਪੰਜਾਬੀ ਦੇ ਘਰ ਦੀ ਸ਼ੋਭਾ ਬਣਿਆ, ਜਿਸ ਦੇ ਬੋਲ ਸਨ:

**ਜੇ ਜਵਾਨੀ ਦਾ ਮਜ਼ਾ ਜਾਂਦਾ ਰਿਹਾ**
**ਜ਼ਿੰਦਗਾਨੀ ਦਾ ਮਜ਼ਾ ਜਾਂਦਾ ਰਿਹਾ**
**ਛਾਂਪ ਤੂੰ ਦਿੱਤੀ ਉਹ ਵੀ ਨਿਕਲੀ ਗੈਰ ਦੀ**
**ਹਾਏ ! ਨਿਸ਼ਾਨੀ ਦਾ ਮਜ਼ਾ ਜਾਂਦਾ ਰਿਹਾ**
**ਤੂੰ ਨਹੀਂ ਬਰਸਾਤ ਨੂੰ ਮੈਂ ਕੀ ਕਰਾਂ**
**ਰੁੱਤ ਸੁਹਾਣੀ ਦਾ ਮਜ਼ਾ ਜਾਂਦਾ ਰਿਹਾ**
**ਜੀ ਰਹੇ ਹਾਂ ਪੀ ਕੇ ਹੰਝੂ ਖਾ ਕੇ ਗ਼ਮ**
**ਅੰਨ ਪਾਣੀ ਦਾ ਮਜ਼ਾ ਜਾਂਦਾ ਰਿਹਾ**

ਇਸਤੋਂ ਇਲਾਵਾ ਇਸ ਗਜ਼ਲ ਦੇ ਜੋ ਸ਼ੇਅਰ ਰਿਕਾਰਡ ਦੇ ਰੂਪ ਵਿੱਚ ਨਹੀਂ ਸੁਣੇ ਗਏ ਉਹ ਵੀ ਪੜ੍ਹੋ:

**ਹੁਣ ਕਿਸੇ ਗੱਲ ਦਾ ਤੂੰ ਗੁੱਸਾ ਨਾ ਕਰੇਂ**
**ਛੇੜਖਾਨੀ ਦਾ ਮਜ਼ਾ ਜਾਂਦਾ ਰਿਹਾ**
**ਤੁਰ ਗਿਆ ਦਿਲਬਰ ਉਦਾਸੀ ਲੈ ਕੇ**
**ਮੌਜ ਮਾਣੀ ਦਾ ਮਜ਼ਾ ਜਾਂਦਾ ਰਿਹਾ**
**ਫਸ ਕੇ ਪੂਜਾ ਪਾਠ ਅੰਦਰ ਪੰਡਤਾ**
**ਇਸ ਜਵਾਨੀ ਦਾ ਮਜ਼ਾ ਜਾਂਦਾ ਰਿਹਾ**
**ਆ ਗਈ ਸਰਦੀ ਤੇ ਸਾਕੀ ਇਹ ਸ਼ਰਾਬ**
**ਠੰਡੇ ਪਾਣੀ ਦਾ ਮਜ਼ਾ ਜਾਂਦਾ ਰਿਹਾ।**

ਇਹ ਗੱਲ ਬਹੁਤ ਘੱਟ ਲੋਕ ਜਾਣਦੇ ਹਨ ਕਿ ਪਾਕਿਸਤਾਨੀ ਟੈਲੀਵਿਜ਼ਨ ਦੇ ਉਦਘਾਟਨੀ ਸਮਾਰੋਹ ਤੇ ਜਦੋਂ ਪਾਕਿਸਤਾਨ ਦੇ ਪ੍ਰਸਿੱਧ ਗਾਇਕ ਤੁਫ਼ਾਇਲ ਨਿਆਜ਼ੀ ਨੇ ‘ਗੋਬਿੰਦਪੁਰੀ’ ਦਾ ਗੀਤ ਗਾਇਆ। ਜਿਸ ਦੇ ਬੋਲ ਸਨ:

**ਲਾਈ ਬੇਕਦਰਾਂ ਨਾਲ ਯਾਰੀ**
**ਕਿ ਟੁੱਟਗੀ ਤੜੱਕ ਕਰਕੇ**

ਇਸ ਗੀਤ ਨੇ ਚਾਰੇ ਪਾਸੇ ਬੱਲੇ-ਬੱਲੇ ਕਰਵਾ ਦਿੱਤੀ। ਉਸ ਤੋਂ ਬਾਅਦ ਚੜ੍ਹਦੇ ਪੰਜਾਬ ਦੇ ਸਿਰਮੌਰ ਗਾਇਕ ‘ਗੁਰਦਾਸ ਮਾਨ’ ਨੇ ਤਾਂ ਇਸ ਗੀਤ ਨੂੰ ਵਿਸ਼ਵ ਭਰ ਵਿੱਚ ਪ੍ਰਸਿੱਧ ਕਰ ਦਿੱਤਾ।

ਨਵੀਂ ਉਮਰ ਦੇ ਪੰਜਾਬੀ ਸਾਹਿਤ ਨੂੰ ਪਿਆਰ ਕਰਨ ਵਾਲੇ ਸ੍ਰੋਤਿਆਂ ਦੀ ਜਾਣਕਾਰੀ ਲਈ ਮੈਂ ਦੱਸਣਾ ਚਾਹੁੰਦਾ ਹਾਂ ਕਿ ‘ਢਾਕੇ’ ਦੀ ਜਨਮੀ ਤੇ ਪਾਕਿਸਤਾਨ ਰੇਡੀਓ ਤੇ ਟੈਲੀਵਿਜ਼ਨ ਦੀ ਬਹੁਤ ਮਕਬੂਲ ਗਾਇਕਾ ‘ਟੀਨਾ ਸਾਨੀ’ ਦੀ ਆਵਾਜ਼ ਵਿੱਚ ਇਕ ਗੀਤ ਨੇ ਪੂਰੇ ਪਾਕਿਸਤਾਨ ਵਿੱਚ ਤਰਥੱਲੀ ਪਾਈ ਸੀ ਜਿਸਦੇ ਬੋਲ ਹਨ:

**ਦਿਲ ਦੀਆਂ ਗੱਲਾਂ**
**ਦਿਲਾਂ ਵਿੱਚ ਰਹਿ ਗਈਆਂ ਵੇ**
**ਨਾ ਤੂੰ ਸੁਣੀਆਂ, ਨਾ ਦੱਸੀਆਂ**
**ਅੱਖਾਂ ਛੰਮ ਛੰਮ ਵੱਸੀਆਂ**

ਐਚ. ਐਮ. ਵੀ. ਕੰਪਨੀ ਪਾਕਿਸਤਾਨ ਨੇ ਇਸਦਾ ਰਿਕਾਰਡ ਵੀ ਬਣਾਇਆ ਸੀ। ਰਿਕਾਰਡ ਉੱਤੇ ਤਾਂ ਚਾਨਣ ਗੋਬਿੰਦਪੁਰੀ ਦਾ ਨਾਮ ਦਰਜ ਹੈ ਪਰ ਜਦੋਂ ਇਸ ਗੀਤ ਨੂੰ ਯੂ. ਟਿਊਬ ਤੇ ਡਾਊਨਲੋਡ ਕੀਤਾ ਤਾਂ ਗੀਤਕਾਰ ਦਾ ਨਾਮ ਮਨਫ਼ੀ ਹੋ ਗਿਆ। ਇਸ ਦੀ ਕਹਾਣੀ ਇਹ ਹੈ ਕਿ ਇਸ ਗੀਤ ਦੇ ਸੰਗੀਤਕਾਰ ਜਨਾਬ ‘ਉਸਤਾਦ ਜ਼ਹੂਰ ਅਹਿਮਦ’ ਲਾਹੌਰ ਤੋਂ ਦਿੱਲੀ ਆਪਣੇ ਰਿਸ਼ਤੇਦਾਰਾਂ ਨੂੰ ਮਿਲਣ ਆਏ ਸਨ। ਉਹ ਕੁੱਝ ਦਿਨ ਦਿੱਲੀ ਰੁਕੇ, ਚਾਨਣ ਗੋਬਿੰਦਪੁਰੀ ਜੀ ਤੋਂ ਉਹਨਾਂ ਨੇ ਇਹ ਗੀਤ ਲੈ ਲਿਆ ਤੇ ਪਾਕਿਸਤਾਨ ਜਾ ਕੇ ਇਸ ਗੀਤ ਦੀ ਧੁਨ ਬਣਾਈ ਤੇ ਐਚ. ਐਮ. ਵੀ. ਵਿੱਚ ‘ਟੀਨਾ ਸਾਨੀ’ ਦੀ ਆਵਾਜ਼ ਵਿੱਚ ਰਿਕਾਰਡ ਕੀਤਾ। ਜਿਸ ਗੀਤ ਨਾਲ ਲਹਿੰਦੇ ਪੰਜਾਬ ਵਿੱਚ ਇਕ ਨਵੀਂ ਕਲਾਕਾਰਾ ਨੇ ਬੁਲੰਦੀਆਂ ਦੀਆਂ ਸਿਖਰਾਂ ਨੂੰ ਛੋਹਿਆ।

ਚਾਨਣ ਜੀ ਨੇ ਕਾਫੀ ਪੁਸਤਕਾਂ ਵੀ ਸਾਹਿਤ ਦੀ ਝੋਲੀ ਪਾਈਆਂ। ਜਿਨ੍ਹਾਂ ਵਿੱਚ ਪੰਜਾਬੀ ਗਜ਼ਲ, ਗਜ਼ਲ ਏਕ ਅਧਿਐਨ (ਹਿੰਦੀ), ਗਜ਼ਲ ਤੇ ਅਰੂਜ਼, ਸਾਡਾ ਲੋਕ ਵਿਰਸਾ, ਪੰਜਾਬੀ ਲੋਕ ਕਾਵਿ ਦੇ ਮੀਲ ਪੱਥਰ, ਗ਼ਜ਼ਲ ਦੀਪ, ਗੁਲਜ਼ਾਰ ਚਾਨਣ, ਗਜ਼ਲ ਦੀ ਮਹਿਕ, ਮਿੱਠੀਆਂ ਪੀੜਾਂ।

‘ਮਿੱਠੀਆਂ ਪੀੜਾਂ’ ਗੀਤ ਸੰਗ੍ਰਹਿ ਹੈ। ਜਿਸ ਵਿੱਚੋਂ ਬਹੁਤੇ ਗੀਤ ਸੁਰਿੰਦਰ ਕੌਰ, ਪ੍ਰਕਾਸ਼ ਕੌਰ ਤੇ ਆਪਣੇ ਸਮੇਂ ਦੇ ਪ੍ਰਸਿੱਧ ਕਲਾਕਾਰਾਂ ਦੀਆਂ ਆਵਾਜ਼ਾਂ ਵਿੱਚ ਰਿਕਾਰਡ ਹੋਏ।

ਸ੍ਰ. ਲਛਮਣ ਸਿੰਘ ਮੁੱਖ ਮੰਤਰੀ ਪੰਜਾਬ ਦੀ ਵਜ਼ਾਰਤ ਵੇਲੇ ਪੰਜਾਬ ਸਰਕਾਰ ਨੇ ਗੋਬਿੰਦਪੁਰੀ ਨੂੰ ਆਨਰੇਰੀ ਡਿਗਰੀ ਦਿੱਤੀ। ਗਿਆਨੀ ਗੁਰਮੁਖ ਸਿੰਘ ਮੁਸਾਫਿਰ ਮੁੱਖ ਮੰਤਰੀ ਪੰਜਾਬ ਵੀ ਗੋਬਿੰਦਪੁਰੀ ਦੀ ਕਲਮ ਦੇ ਮੁਰੀਦ ਸਨ। ਉਹਨਾਂ ਦੀ ਸਿਫਾਰਸ਼ ’ਤੇ ਉਸ ਵੇਲੇ ਦੇ ਹਾਊਸਿੰਗ ਮਨਿਸਟਰ, ਆਈ. ਕੇ. ਗੁਜਰਾਲ ਨੇ ਗੋਬਿੰਦਪੁਰੀ ਨੂੰ ਮੋਤੀ ਬਾਗ ਨਵੀਂ ਦਿੱਲੀ ਵਿੱਚ ਕੋਠੀ ਨੰਬਰ D2-A5 ਅਲਾਟ ਕੀਤੀ। ਚਾਨਣ ਗੋਬਿੰਦਪੁਰੀ ਅੰਡਰ ਸੈਕਟਰੀ, ਮਨਿਸਟਰੀ ਆਫ ਕੈਮੀਕਲਜ਼ ਐਂਡ ਫਰਟੀਲਾਈਜ਼ਰ ਦੇ ਉੱਚ ਆਹੁਦੇ ਤੋਂ ਰਿਟਾਇਰ ਹੋਏ।

ਚਾਨਣ ਜੀ ਦੀ ਸਭ ਤੋਂ ਅਖੀਰਲੀ ਰਿਕਾਰਡਿੰਗ ਸੁਰਿੰਦਰ ਕੌਰ ਦੀ ਆਵਾਜ਼ ਵਿੱਚ ਹੋਈ, ਜਿਸ ਦੇ ਬੋਲ ਸਨ:

**ਜੋ ਤੇਰੇ ਗ਼ਮ ਨੂੰ ਵੀ ਹੱਸ ਕੇ ਸਹਾਰ ਲੈਂਦੇ ਨੇ**
**ਉਹ ਬਦਨਸੀਬ ਮੁਕੱਦਰ ਸੰਵਾਰ ਲੈਂਦੇ ਨੇ**
**ਦਿਲਾ ਭੋਲਿਆ ਤੂੰ ਸੱਜਣ ਤੇ ਡੁੱਲ੍ਹ ਜਾਵੀਂ ਨਾ**
**ਇਹ ਤੀਰ ਮਾਰ ਕੇ ਮੁੜ ਕੇ ਨਾ ਸਾਰ ਲੈਂਦੇ ਨੇ**
**ਗ਼ਮਾਂ ਦੇ ਮਾਰੇ ਵੀ ਹੰਝੂਆਂ ਦੇ ਬਾਲ ਕੇ ਦੀਵੇ**
**ਉਦਾਸ ‘ਨੇਰ੍ਹੀਆਂ ਰਾਤਾਂ ਸੰਵਾਰ ਲੈਂਦੇ ਨੇ**
**ਜੁਦਾਈ ਪਲ ਦੀ ਵੀ ਉਮਰਾਂ ਦੇ ਵਾਂਗ ਲੱਗਦੀ**
**ਬਿਮਾਰ ਇਸ਼ਕ ਦੇ ਹੱਸ ਕੇ ਸਹਾਰ ਲੈਂਦੇ ਨੇ**

ਇਸ ਗਜ਼ਲ ਨੂੰ ਸੰਗੀਤਬੱਧ ਕੀਤਾ ਸੀ ਸੰਗੀਤਕਾਰ ਪਰੇਮ ਗੁਪਤਾ ਜੀ ਨੇ:

***ਚਾਨਣ ਦੇ ਬਾਰੇ ਤਾਂ ਹੋਰ ਸਾਨੂੰ ਨਹੀਂ ਪਤਾ***
***ਸੱਚੀ ਗੱਲ ਕਹਿਣ ਨੂੰ ਸੁਣਿਆ ਦਲੇਰ ਏ***
***ਗੋਬਿੰਦਪੁਰੀ ਬਣ ਗਿਆ ਦਿੱਲੀ ’ਚ ਆਣ ਕੇ***
***ਕਹਿੰਦੇ ਉਸਦਾ ਨਾਮ ਤਾਂ ‘ਚਾਨਣ ਕਲੇਰ’ ਏ***

ਪੰਜਾਬ ਦਾ ਇਹ ਪੁੱਤਰ 29 ਫਰਵਰੀ 2006 ਨੂੰ ਜ਼ਿੰਦਗੀ ਦੀਆਂ ਬਿਆਸੀ ਬਸੰਤਾਂ ਦੇਖ ਕੇ ਸਾਥੋਂ ਜੁਦਾ ਹੋ ਗਿਆ। ਪਰ ਜਦੋਂ ਪੰਜਾਬੀ ਸਾਹਿਤ ਵਿੱਚ ਪੰਜਾਬੀ ਗ਼ਜ਼ਲ ਦੀ ਗੱਲ ਤੁਰੇਗੀ ਤਾਂ ‘ਚਾਨਣ ਗੋਬਿੰਦਪੁਰੀ’ ਨੂੰ ਹਮੇਸ਼ਾ ਯਾਦ ਕੀਤਾ ਜਾਵੇਗਾ।

## facebook — ਫੇਸਬੁੱਕ ਪਰਿਵਾਰ ਦੀਆਂ ਗੱਲਾਂਬਾਤਾਂ

# ਪੰਜ ਸਾਲ ਹੋਰ ਔਖੇ ਲੰਘਣੇ ਨੇ




ਦੁਨੀਆਂ ਅੰਦਰ 70 ਸਾਲ ਵਿੱਚ ਭਾਰਤ ਦੇਸ਼ 11ਵੇਂ ਨੰਬਰ ਦੀ ਆਰਥਿਕਤਾ ਬਣਿਆ ਸੀ ਪਰ 2014 ਤੋਂ 2024 ਸਿਰਫ ਦਸ ਸਾਲ ਵਿੱਚ ਅੱਜ 5ਵੇਂ ਨੰਬਰ ਦੀ ਆਰਥਿਕਤਾ ਬਣ ਗਿਆ ਅਤੇ ਗਲੋਬਲ ਰਿਸੈਸ਼ਨ ਦੇ ਡਰ ਵਿੱਚ ਘਧਫ 8% ਪਰਸੈਂਟ ਦੀ ਦਰ ਨਾਲ ਅੱਗੇ ਵਧ ਰਹੀ ਹੈ। ਵਰਲਡ ਬੈਂਕ ਦੇ ਮੁਤਾਬਕ 2014 ਵਿੱਚ ਦੇਸ਼ ਅੰਦਰ ਗਰੀਬੀ ਰੇਖਾ ਤੋਂ ਵੀ ਥੱਲੇ ਰਹਿਣ ਵਾਲੇ ਲੋਕਾਂ ਦੀ ਗਿਣਤੀ 16 ਕਰੋੜ ਸੀ ਜੋ ਹੁਣ 2024 ਵਿੱਚ 3।44 ਕਰੋੜ੍ਹ ਹੈ। (ਮੇਰੇ ਨਾਲ ਬਹਿਸ ਨੀ ਕਰਨੀ ਜਾ ਕੇ ਵਰਲਡ ਬੈਂਕ ਦੇ ਵਾਸ਼ਿੰਗਟਨ ਡੀਸੀ ਵਿਚਲੇ ਹੈਡਕੁਆਰਟਰ ਤੇ ਧਰਨੇ ਦਿਓ) 2014 ਵਿੱਚ ਜੋ ਦੇਸ਼ ਦੁਨੀਆ ਦਾ ਸਭ ਤੋਂ ਵੱਡਾ ਹਥਿਆਰ ਇੰਪੋਟਰ ਸੀ ਅਤੇ ਦੁਨੀਆਂ ਨੂੰ ਸਾਲਾਨਾ ਸਿਰਫ 4312 ਕਰੋੜ ਦੇ ਹਥਿਆਰ ਵੇਚਦਾ ਸੀ ਉਸਨੇ 2023-2024 ਵਿੱਚ 88319 ਕਰੋੜ ਦੇ ਹਥਿਆਰ ਦੁਨੀਆ ਨੂੰ ਵੇਚੇ ਅਤੇ ਆਪਣੇ ਆਪ ਨੂੰ ਹਥਿਆਰ ਖਰੀਦਣ ਵਾਲੇ ਦੇਸ਼ਾਂ ਦੀ ਸੂਚੀ ਵਿੱਚ ਥੱਲੇ ਲਿਆਂਦਾ ਅਤੇ ਹਥਿਆਰ ਵੇਚਣ ਵਾਲੇ ਦੇਸ਼ਾਂ ਦੀ ਸੂਚੀ ਵਿੱਚ ਉਪਰ ਲੈ ਕੇ ਗਿਆ। ਮੁੰਬਈ ਸਟੌਕ ਮਾਰਕੀਟ ਦਾ ਇੰਡੈਕਸ ਸੈਨਸੈਕਸ ਦਸੰਬਰ 2014 ਵਾਲੇ ਮਹੀਨੇ ਵਿੱਚ 27499।82 ਪੁਆਂਇਟ ਤੇ ਬੰਦ ਹੋਇਆ ਸੀ ਅਤੇ ਉਸ ਸਮੇਂ ਭਾਰਤੀ ਸ਼ੇਅਰ ਮਾਰਕੀਟ ਦਾ ਕੈਪ 1।5 ਟਰੀਲੀਅਨ ਡਾਲਰ ਸੀ ਅਤੇ ਅੱਜ ਦਸ ਸਾਲ ਵਿੱਚ ਮੁੰਬਈ ਸਟਾਕ ਮਾਰਕੀਟ ਦਾ ਕੈਪ 5 ਟਰੀਲੀਅਨ ਡਾਲਰ ਹੋ ਚੁੱਕਾ ਹੈ ਅਤੇ ਸੈਨਸੈਕਸ ਤਿੰਨ ਗੁਣਾ ਵਧਕੇ ਬੀਤੇ ਦਿਨੀ 76693।36 ਦੇ ਰਿਕਾਰਡ ਅੰਕਾਂ ਤੇ ਟਰੇਡ ਕਰ ਰਹਿਆ ਸੀ। ਬਹੁਤ ਝੂਠ ਬੋਲਿਆ ਗਿਆ ਭਾਰਤ ਦੇ ਲੋਕਾਂ ਨਾਲ ਕੇ 2014 ਤੋਂ ਪਹਿਲਾਂ ਵਾਲਾ ਭਾਰਤ ਜਿਆਦਾ ਮਹਾਨ ਸੀ ਪਰ ਹਾਲਾਤ ਕੁੱਝ ਹੋਰ ਕਹਿ ਰਹੇ ਹਨ, ਜਿਹੜਾ ਅਮਰੀਕਾ ਗੱਲ ਗੱਲ ਤੇ ਰੂਸ ਅਤੇ ਈਰਾਨ ਨਾਲ ਵਪਾਰ ਕਰਨ ਤੇ ਜਿਹੜੇ ਮਰਜੀ ਦੇਸ਼ ਉਪਰ ਐਬਾਂਰਗੋ ਲਗਾ ਦਿੰਦਾ, ਪਾਬੰਦੀਆਂ ਲਗਾ ਦਿੰਦਾ ਉਸ ਅਮਰੀਕਾ ਦੇ ਕਾਟਸਾ ਐਕਟ ਦੀ ਨੱਕ ਥੱਲੇ ਰੂਸ ਅਤੇ ਈਰਾਨ ਤੋਂ ਸਸਤਾ ਤੇਲ ਖਰੀਦਿਆ, ਰੂਸ ਤੋਂ ̇400 ਮਿਜਾਇਲ ਡਿਫੈਂਸ ਸਿਸਟਮ ਖਰੀਦਿਆ ਪਰ ਅਮਰੀਕਾ ਦੀ ਹਿੰਮਤ ਨਹੀ ਪਈ ਕਿ ਕਿਸੇ ਕਿਸਮ ਦੀਆਂ ਪਬੰਦੀਆਂ ਲਗਾਉਣ ਦੀ ਕਿਉਂਕਿ ਬਰਿਕਸ ਅਮਰੀਕਨ ਡਾਲਰ ਅਤੇ ਅਮਰੀਕਨ ਆਰਥਿਕਤਾ ਦੀ ਦੁਖਦੀ ਰਗ ਹੈ ਜਿਸ ਵਿੱਚ ਭਾਰਤ ਨੇ ਆਪਣੀ ਸਥਿੱਤੀ ਨਾ ਸਿਰਫ ਮੇਨਟੇਨ ਕਰਕੇ ਰੱਖੀ ਬਲਕਿ ਚੀਨ ਅਤੇ ਰੂਸ ਦੇ ਬਰਾਬਰ ਮਜਬੂਤ ਰੱਖੀ ਹੋਈ ਹੈ। ਜਿਹੜੇ ਭਾਰਤੀ ਰੁਪੱਈਏ ਦੀ ਦੇਸ਼ ਤੋਂ ਬਾਹਰ ਕੋਈ ਬੁੱਕਤ ਨਹੀ ਸੀ ਉਸ ਵਾਸਤੇ ਭਾਰਤ ਦਾ ਆਪਣੇ ਬਿਲਕੁਲ ਫਰੀ ਪੇਮੈਂਟ ਸਿਸਟਮ ਵੀ ਯੂਰਪ ਵਿੱਚ ਫਰਾਂਸ ਅਤੇ ਲਕਸਮਬਰਗ, ਮਿਡਲ ਈਸਟ ਅਤੇ ਸਾਰਕ ਦੇ ਅੱਧੇ ਦੇਸ਼ਾਂ ਵਿੱਚ ਨਾ ਸਿਰਫ ਮਨਜ਼ੂਰੀ ਮਿਲੀ ਬਲਕਿ ਭਾਰਤੀ ਵਪਾਰੀ ਅਤੇ ਘੁੱਮਕੜ ਆਪਣੇ ਫੀ ਕਰੈਡਿਟ ਅਤੇ ਡੈਬਿਟ ਕਾਰਡ ਨਾਲ ਪਿਛਲੇ ਤਿੰਨ ਚਾਰ ਸਾਲ ਤੋਂ ਪੇਮੈਂਟ ਕਰ ਰਹੇ ਹਨ। ਪਿਛਲੇ ਦਸ ਸਾਲ ਦੇ ਅਰਸੇ ਵਿੱਚ ਭਾਰਤ ਅੰਦਰ ਐਪਲ, ਫਾਕਸਕਾਨ, ਸੈਮਸੰਗ, ਬੋਇੰਗ ਸਮੇਤ ਜਪਾਨੀ ਬੁਲੇਟ ਟਰੇਨ ਪਰੋਜੈਕਟਾ ਨਾਲ ਨਜਦੀਕ ਸਿੱਧੀਆ ਅਤੇ ਅਸਿੱਧੀਆ ਨੌਕਰੀਆਂ ਪੈਦਾ ਕੀਤੀਆਂ। ਜਿਸ ਦੇਸ਼ ਦਾ ਵਿੱਤ ਮੰਤਰੀ ਪੀ ਚਿਦਾਂਬਰਮ 2012 ਵਿੱਚ ਪਾਰਲੀਮੈਂਟ ਵਿੱਚ ਖੜ੍ਹ ਕੇ ਕਹਿੰਦਾ ਸੀ ਕਿ ਏਸ ਦੇਸ਼ ਦੇ ਲੋਕ ਅਨਪੜ੍ਹ ਹਨ, ਨਾ ਕੋਈ ਇੰਟਰਨੈਟ ਦੀ ਸੁਵਿਧਾ ਏਥੇ, ਨਾ ਕੋਈ ਇਲੈਟਰਾਨਿਕ ਇਨਫਰਾਸਟਰਕਚਰ ਐ, ਉੱਥੇ ਡਿਜੀਟਲ ਪੇਮੈਂਟ ਜਾਂ ਆਨਲਾਇਨ ਪੇਮੈਂਟ ਕਾਮਯਾਬ ਨਹੀ ਹੋ ਸਕਦਾ। ਪਰ ਅੱਜ ਵਰਲਡ ਬੈਂਕ ਮੁਤਾਬਿਕ ਅਨਪੜ੍ਹਾਂ ਦੇ ਓਸ ਦੇਸ਼ ਭਾਰਤ ਵਿੱਚ ਦੁਨੀਆ ਵਿੱਚ ਸਭ ਤੋਂ ਵੱਧ ਡਿਜੀਟਲ ਪੇਮੈਂਟ ਕੀਤੀ ਜਾਂਦੀ ਹੈ, ਆਨਲਾਇਨ ਟਰਾਂਸਫਰ ਕੀਤੇ ਜਾਂਦੇ ਹਨ। ਬਲਕਿ ਇਸ ਗਿਣਤੀ ਵਿੱਚ ਅਮਰੀਕਾ ਅਤੇ ਪੂਰੀ ਯੂਰਪੀਅਨ ਯੂਨੀਅਨ ਵੀ ਪਿੱਛੇ ਹੈ।

(ਮਹਿੰਦਰਪਾਲ ਬਰਾੜ ਦੀ ਫੇਸਬੁੱਕ ਉੱਪਰੋਂ ਪੰਜਾਬੀ ਅਖ਼ਬਾਰ ਦੇ ਪਾਠਕਾਂ ਲਈ ਕਾਪੀ ਕੀਤਾ)




**ਹੋਣੇ ਨਾ ਹੱਲ ਮੈਥੋਂ ਤੇਰੇ ਸਵਾਲ ਹੋਰ।**
**ਤੇਰੀ ਹੈ ਸੋਚ ਓਹੀ ਮੇਰੇ ਖਿਆਲ ਹੋਰ।**
**ਰੰਗੀਨ ਖ਼ਾਬ ਤੇਰੇ ਤੈਨੂੰ ਰਹਿਣ ਮੁਬਾਰਕ**
**ਜਦ ਕਿ ਮੇਰੇ ਲਈ ਨੇ ਸੈਆਂ ਸਵਾਲ ਹੋਰ। (ਹਰੀ ਸਿੰਘ)**

ਇੱਕ ਵਾਰੀ ਕਿਸੇ ਵਿਦਵਾਨ ਨੇ ਕਿਹਾ ਸੀ ਕਿ ਮੈਂ ਸ਼ਬਦਾਂ ਤੋਂ ਵੀ ਪਹਿਲਾਂ ਬੋਲਾਂ ਤੇ ਜਾਂ ਕਿਸੇ ਤਰਜ਼ ਤੇ ਰੀਝਦਾ ਹਾਂ। ਉਸ ਸਮੇਂ ਮੈਨੂੰ ਇਹ ਬੇਤੁਕਾ ਜਿਹਾ ਲੱਗਿਆ ਸੀ ਭਲਾ ਕਿਸੇ ਅਰਥ ਨੇ ਸ਼ਬਦ ਤੋਂ ਹੋ ਕੇ ਬੋਲ ਬਣ ਕੇ ਹੀ ਭਰਮਾਉਣਾ ਹੋਣਾ ਹੈ। ਪਰ ਮੇਰੀ ਧਾਰਨਾ ਗਲਤ ਸੀ। ਹੁਣ ਟਿਕ ਟੌਕ ਤੋਂ ਜਾਂ ਸੋਸ਼ਲ ਮੀਡੀਆ ਤੋਂ ਹੀ ਇਸ ਕਥਨ ਦੀ ਅਸਲੀ ਸਚਾਈ ਜੱਗ ਜਾਹਿਰ ਹੁੰਦੀ ਲੱਗਦੀ ਹੈ। ਜਦੋਂ ਕਹੇ ਹੋਏ ਬੋਲਾਂ ਨੂੰ ਜਾਂ ਬੋਲਾਂ ਦੀ ਤਰਜ਼ ਨੂੰ ਜਾਂ ਰਮਜ਼ ਦੇ ਅਸਰ ਨੂੰ ਸੰਘਣਾ, ਗਹਿਰਾ ਅਤੇ ਡੂੰਘਾ ਹੋ ਰਿਹਾ ਵੇਖਦੀ ਹਾਂ। ਉਂਗਲ ਦੇ ਪੋਟੇ ਨਾਲ ਹੀ ਤੁਹਾਡਾ ਰਾਬਤਾ ਪੂਰੀ ਦੁਨੀਆਂ ਨਾਲ ਆ ਜੁੜਦਾ ਹੈ। ਇੱਕ ਹੋਰ ਗੌਲਣਯੋਗ ਨੁਕਤਾ ਇਹ ਹੈ ਕਿ ਅਸੀਂ ਲੰਘ ਚੱਲੀ ਪੀੜ੍ਹੀ ਵਾਲੇ ਆ ਰਹੀ ਪੀੜ੍ਹੀ ਤੋਂ ਆਪਣੀ ਵਿੱਥ ਸਿਰਜੀ ਬੈਠੇ ਹਾਂ। ਕਿਹਾ ਜਾਂਦਾ ਹੈ ਕਿ ਮਿਸਰ ਦੇ ਪਿਰਾਮਿਡਜ ਦੀ ਕਿਸੇ ਕੰਧ ਤੇ ਲਿਖਿਆ ਹੋਇਆ ਹੈ ਕਿ ਆ ਰਹੀ ਪੀੜ੍ਹੀ ਖ਼ੁਦਗਰਜ਼, ਲਾਪ੍ਰਵਾਹ ਅਤੇ ਨਿਜ-ਮੁਖੀ ਹੋਵੇਗੀ। ਇਹ ਸ਼ਬਦ ਅੱਜ ਤੋਂ ਚਾਰ ਹਜ਼ਾਰ ਸਾਲ ਪਹਿਲਾਂ ਦੇ ਹਨ। ਪਰ ਅੱਜ ਵੀ ਸਮੇਤ ਮੇਰੇ ਜਿਸਨੇ ਬਹੁਤੀ ਉਮਰ ਜਵਾਨ ਪੀੜ੍ਹੀ ਵਿੱਚ ਲੰਘਾਈ ਹੈ, ਸਭ ਬਜ਼ੁਰਗ ਇਹਨਾਂ ਸ਼ਬਦਾਂ ਨੂੰ ਜਿਉਂ ਦਾ ਤਿਉਂ ਸਾਂਭ ਰਹੇ ਹਾਂ। ਇਹ ਆਪ ਤਾਂ ਭਲਾ ਰੁਝੇਵਿਆਂ ਦੇ ਬਹਾਨੇ ਉਹਲੇ ਵਿੱਥ ਪਾ ਰਹੇ ਹੋਣੇ। ਆਸਟਰੇਲੀਆ ਜਾਣ ਤੋਂ ਪਹਿਲਾਂ ਮੇਰੀ ਇਹ ਪੱਕੀ ਧਾਰਨਾ ਸੀ ਕਿ ਮੈਨੂੰ ਬੱਸ ਬਜ਼ੁਰਗ ਹੀ ਸੁਣਦੇ ਹਨ। ਜਦੋਂ ਉੱਥੋਂ ਦੀ ਜਵਾਨ ਪੀੜ੍ਹੀ ਮੈਨੂੰ ਤਪਾਕ ਨਾਲ ਆ ਮਿਲੀ ਤਾਂ ਮੈਨੂੰ ਉਹਨਾਂ ਦੀ ਥਾਂ ਤੇ ਖੜ੍ਹ ਕੇ ਸੋਚਣਾ ਪਿਆ ਇਹ ਮਾਪਿਆਂ ਦੀ ਸਰਫ਼ੇ ਵਾਲੀ ਔਲਾਦ ਬਹੁਤੇ ਲਾਡਾਂ ਨਾਲ ਪਾਲ਼ੀ ਪੀੜ੍ਹੀ ਜ਼ਿੰਦਗੀ ਦੇ ਥਪੇੜੇ ਜਰਨ ਜੋਗੀ ਅਸੀਂ ਪਾਲ਼ੀ ਹੀ ਹੋਰ ਤਰਾਂ ਹੈ। ਕਿੰਨੀਆਂ ਹੀ ਅੱਲੜ੍ਹ ਧੀਆਂ ਪਹਿਲੀ ਵਾਰ ਹੀ ਇਉਂ ਮਿਲ ਰਹੀਆਂ ਸਨ ਜਿਵੇਂ ਸਾਡੀ ਕਈ ਜਨਮਾਂ ਦੀ ਸਾਂਝ ਹੋਵੇ। ਉਹ ਸਭ ਮੇਰੇ ਕਹੇ ਬੋਲਾਂ ਦਾ ਭਰਵਾਂ ਹੁੰਗਾਰਾ ਸਨ। ਉਨ੍ਹਾਂ ਦੇ ਸੀਨੇ ਵਿੱਚੇ ਰੇਗਿਸਤਾਨ ਤੇ ਮੇਰੇ ਬੋਲ ਟਕੋਰ ਕਰਦੇ ਨਜ਼ਰ ਆ ਰਹੇ ਸਨ। ਜਿਸ ਨੂੰ ਵੀ ਬੋਲਾਂ ਵਿੱਚਲੀ ਰਮਜ਼ ਸਮਝ ਆਉਂਦੀ ਹੈ, ਉੱਥੇ ਰੁਤਬਾ, ਉਮਰ, ਕਿੱਤਾ, ਸ਼ਕਲ ਜਾਂ ਪਹਿਨਣ ਸਭ ਖਾਰਜ ਹੋ ਕੇ ਅਹਿਸਾਸਾਂ ਦੇ ਨੇੜੇ ਪਲਣ ਜਿਹੀ ਸਾਂਝ ਪਸਰਦੀ ਹੈ। ਦੋਹਾਂ ਧਿਰਾਂ ਦਾ ਅੰਦਰਲਾ ਸੰਸਾਰ ਮੋਕਲਾ ਹੋ ਕੇ ਬਸ ਇਨਸਾਨੀਅਤ ਦੀ ਹਾਮੀ ਭਰਦਾ ਹੈ। ਬਹੁਤ ਬੱਚੇ ਹਨ ਜੋ ਬਿਗਾਨੀਆਂ ਧਰਤੀਆਂ ਤੇ ਅੰਦਰੋਂ ਤਰਾਸ਼ੇ ਜਾਂਦੇ ਅਪਣੱਤ ਭਾਲਦੇ ਹਨ, ਮਾਪਿਆਂ ਤੋਂ ਹੰਢਾਏ ਲਾਡ ਦੁਲਾਰ ਨੂੰ ਤਰਸਦੇ ਹਨ, ਹੰਝੂ ਕੇਰਨ ਲਈ ਕੋਈ ਮੋਢਾ ਲੱਭਦੇ ਹਨ। ਉਨ੍ਹਾਂ ਸਭ ਦੇ ਸੀਨੇ ਤੇ ਪਲਦੇ ਜਖਮ ਮੋਹ ਭਰੇ ਬੋਲਾਂ ਦੀ ਮਲਮ, ਸਿਰ ਪਲੋਸਣ ਜਾਂ ਕਲਾਵੇ ਦਾ ਨਿੱਘ ਹੀ ਭਾਲਦੇ ਹਨ। ਅੰਦਰ ਦਫ਼ਨ ਰੀਝਾਂ ਅਤੇ ਕੰਵਾਰੇ ਸੁਪਨੇ ਟੁੱਟਦੇ ਹੋਏ ਹੀ ਤਰਦੀਆਂ ਅੱਖਾਂ ਤੋਂ ਪੜ੍ਹੇ ਜਾ ਸਕਦੇ ਹਨ। ਜੇ ਮੈਂ ਉਨ੍ਹਾਂ ਸਭ ਨੂੰ ਇੱਕ ਇੱਕ ਕਰਕੇ ਦਿਨ ਭਰ ਮਿਲ ਲਵਾਂ, ਤਾਂ ਕਿੰਨੀਆਂ ਹੀ ਕਹਾਣੀਆਂ ਮੇਰਾ ਸਰਮਾਇਆ ਬਣ ਸਕਦੀਆਂ ਹਨ। ਮੈਨੂੰ ਲੱਗਦਾ ਰਿਹਾ ਕਿ ਮੇਰੇ ਬੋਲਾਂ ਵਿੱਚਲੀ ਚਾਬੀ ਹੁੰਗਾਰਾ ਭਰਨ ਵਾਲੇ ਦਾ ਦਿਲ ਖੋਹਲ ਸਕਦੀ ਹੈ। ਉਹ ਆਪਣਾ ਆਪਾ ਭਰਿਆ ਹੋਇਆ ਮੇਰੇ ਮੂਹਰੇ ਖਾਲੀ ਕਰਨ ਨੂੰ ਰਾਜੀ ਹੋ ਸਕਦੇ ਹਨ। ਪਰ ਸਮੇਂ ਨੇ ਕਦੇ ਮੈਨੂੰ ਡਾਹ ਨਹੀਂ ਦਿੱਤੀ। ਕਿਸੇ ਵੀ ਰਿਸ਼ਤੇ ਨੂੰ ਰੱਜ ਕੇ ਮਾਣ ਨਹੀਂ ਸਕੀ, ਕੋਲ ਬਹਿ ਕੇ ਜਾਣ ਨਹੀਂ ਸਕੀ, ਪੂਰੀ ਤਰਾਂ ਧੁਰ ਅੰਦਰ ਤੱਕ ਪਛਾਣ ਨਹੀਂ ਸਕੀ। ਸਾਡੀ ਪਰਵਰਿਸ਼ ਮਾਪਿਆਂ ਨੇ ਛਤਰ ਛਾਇਆ ਅਤੇ ਛਿੱਤਰ ਛਾਇਆ ਹੇਠ ਕਰਕੇ ਔਖੇ ਵੇਲੇ ਨਾਲ ਭੈਣ ਭਰਾਵਾਂ ਵਾਂਗ ਝਾਟ ਮਝੀਟਾ ਹੋਣ ਦਾ ਵੱਲ ਦਿੱਤਾ ਸੀ। ਪਰ ਇਹ ਪੀੜ੍ਹੀ ਬਸ ਲਾਡਾਂ ਨਾਲ ਪਲੀ ਤਲਖ਼ ਹਕੀਕਤਾਂ ਦੇ ਰੂਬਰੂ ਖੜ੍ਹਨ ਲੱਗੀ ਅੰਦਰੋਂ ਬਿਖਰ ਜਾਂਦੀ ਹੈ। ਇਸਦੀ ਪੁਸ਼ਟੀ ਵੱਜੋਂ ਮੈਂ ਇੱਕ ਨਿੱਜੀ ਘਟਨਾ ਲਿਖ ਰਹੀ ਹਾਂ। ਪੂਰੇ ਖਚਾ ਖਚ ਭਰੇ ਲੋਕਾਂ ਦੇ ਇੱਕਠ ਵਿੱਚੋਂ ਰਾਹ ਬਣਾਉਂਦੀ ਇੱਕ ਖ਼ੂਬਸੂਰਤ ਲੜਕੀ ਮੇਰੇ ਕੋਲ ਆਈ। ਮੇਰਾ ਹੱਥ ਪੂਰੇ ਮੋਹ ਨਾਲ ਆਪਣੇ ਦੋਹਾਂ ਹੱਥਾਂ ਵਿੱਚ ਘੁੱਟਦੀ ਆਪਣੀਆਂ ਭਰੀਆਂ ਅੱਖਾਂ ਨਾਲ ਲਾ ਕੇ ਟੁੱਟਵੇਂ ਸ਼ਬਦਾਂ ਨਾਲ ਕਹਿ ਰਹੀ ਸੀ, " ਅੰਟੀ ਤੁਸੀਂ ਮੇਰੀ ਜ਼ਿੰਦਗੀ ਬਦਲਤੀ। ਮੈਂ ਥੈਂਕਿਊ ਕਰਨ ਬੜੀ ਦੂਰੋਂ ਆਈ ਹਾਂ।" ਮੈਂ ਉਸਨੂੰ ਕਲਾਵੇ ਚ ਲੈ ਕੇ ਪੁੱਛਿਆ ," ਆਪਾਂ ਤਾਂ ਅੱਜ ਪਹਿਲੀ ਵਾਰ ਮਿਲ ਰਹੇ ਹਾਂ। " ਉਹ ਕਹਿ ਰਹੀ ਸੀ ," ਮੈਂ ਦੋ ਵਾਰੀ ਮਰਨ ਦੀ ਕੋਸ਼ਿਸ਼ ਕੀਤੀ ਪਰ ਦੋਵੇਂ ਵਾਰ ਤੁਹਾਡੀ ਕੋਈ ਵੀਡੀ? ਨੇ ਮੈਨੂੰ ਬਚਾ ਲਿਆ।" ਅਸਲ ਵਿੱਚ ਅਜਿਹੀ ਪੰਘਰੀ ਸਥਿੱਤੀ ਬਸ ਦੋ ਬੋਲਾਂ ਦਾ ਆਸਰਾ ਹੀ ਭਾਲਦੀ ਹੈ। ਜਿਊਣ ਜੋਗੀ ਥੰਮੀ ਬਣ ਕੇ ਉਹ ਪਲ ਪਾਸਾ ਪਲਟ ਦਿੰਦਾ ਹੈ। ਉਪਰੋਂ ਲਿਸ਼ਕਾਏ ਅਤੇ ਮੁਸਕਰਾਏ ਚਿਹਰੇ ਪਿੱਛੇ ਪਲ਼ਦਾ ਮਾਰੂਥਲ ਬਲ਼ਦੀ ਮੋਮਬੱਤੀ ਵਾਂਗ ਖਰਦਾ ਨਜ਼ਰ ਆਉਂਦਾ ਹੈ। ਇਹਨਾਂ ਵੱਲ ਮੁਹੱਬਤ ਦਾ ਇੱਕ ਕਦਮ ਹੀ ਇਨ੍ਹਾਂ ਨੂੰ ਛਲਕਾ ਲੈਂਦਾ ਹੈ। ਸਾਨੂੰ ਵੀ ਵੱਡਾ ਜਿਗਰਾ ਕਰਕੇ ਇਨ੍ਹਾਂ ਦੀ ਬੇਰੁਖੀ ਨੂੰ ਚੱਲ ਹੋਊ ਪਰ੍ਹੇ ਕਰਕੇ ਗਲ਼ ਲਾਉਣਾ ਬਣਦਾ ਹੈ।

**ਕੁੱਝ ਨਾ ਮਿਲਣਾ ਤੈਨੂੰ ਰੰਗ ਬਰੰਗੇ ਕਪੜੇ ਪਾ ਕੇ**
**ਜੇਕਰ ਤੇਰੇ ਦਿਲ ਵਿੱਚ ਹੈ ਨਹੀਂ ਰੰਗਾਂ ਦਾ ਦਰਿਆ।**
**ਦਿਲ ਰੋਂਦਾ ਹੈ ਤੇਰਾ ਰੋਸ਼ਨ ਅੱਖਾਂ ਵਿੱਚ ਹਨ ਹੰਝੂ,**
**ਝੂਠੀ ਮੂਠੀ ਮੁਸਕਾ ਕੇ ਤੂੰ ਫੋਟੋ ਨਾ ਖਿਚਵਾ। (ਗੁਰਦਿਆਲ ਰੌਸ਼ਨ )**

## ਕਨੇਡੀਅਨ ਸੱਥ

# ਇਹ ਆਪਣੀ ਸਿਆਸਤ ਚਮਕਾਉਣ ਦੀ ਹੋੜ ਵਿੱਚ ਗਰੀਬ ਦਾ ਬਾਂਦਰ ਲੰਡਾ ਕਰਨ ਤੇ ਤੁਲੇ ਰਹਿੰਦੇ ਹਨ


ਅਸੀਸ਼ ਨਰੂਲਾ
1 204 890 5040

ਜਿਵੇਂ ਜਿਵੇਂ ਸਾਡੇ ਸ਼ਹਿਰ ਕੈਲਗਰੀ ਦੀ ਆਬਾਦੀ ਵਧਦੀ ਜਾ ਰਹੀ ਹੈ ਸਥਾਨਕ ਸਰਕਾਰ (ਮਿਊਸਪਲ) ਘਰਾਂ ਦੀ ਕਿੱਲਤ ਨੂੰ ਘਟਾਉਣ ਲਈ ਸਰਦਾ ਬਣਦਾ ਯੋਗਦਾਨ ਪਾ ਰਹੀ ਹੈ, ਕਿਸੇ ਨਾ ਤਰਾਂ ਡਿਮਾਂਡ ਨੂੰ ਕੰਟਰੋਲ ਵਿੱਚ ਕੀਤਾ ਜਾ ਸਕੇ ਅਤੇ ਕੀਮਤਾਂ ਅਸਮਾਨ ਵੱਲ ਨਾ ਜਾਣ ਅਤੇ ਅਫੋਰਡਿਬਲਿਟੀ ਬਣੀ ਰਹੇ। ਇਸੇ ਮੁੱਦੇ ਦੇ ਸੰਦਰਭ ਵਿੱਚ ਹਾਲ ਹੀ ਵਿੱਚ ਸ਼ਹਿਰ ਦੀ ਇੱਕ ਮੋਬਾਈਲ ਹੋਮ ਸਾਈਟ ਨੂੰ ਹਾਊਸਿੰਗ ਪਾਰਸਲ ਵਿੱਚ ਤਬਦੀਲ ਕਰਨ ਦਾ ਫੈਸਲਾ ਕੀਤਾ ਹੈ ਜਿੱਥੇ ਕਿ ਮੌਜੂਦਾ ਘਰਾਂ ਤੋਂ ਜਿਆਦਾ ਘਰ ਬਣਾਏ ਜਾ ਸਕਣ। ਇਸ ਦੇ ਨਾਲ ਹੀ ਇੱਕ ਚੰਗੀ ਖਬਰ ਜੂਨ ਮਹੀਨੇ ਦੀ ਬੈਂਕ ਆਫ ਕੈਨੇਡਾ ਦੀ ਮੀਟਿੰਗ ਵਿੱਚ ਪਰਾਈਮ ਰੇਟ .25% ਘਟਾ ਦਿੱਤਾ ਹੈ, ਪਰ ਇਹ ਚੰਗੀ ਖਬਰ ਬੈਕਾਂ ਆਪਣੇ ਅਮਲ ਵਿੱਚ ਕਦੋਂ ਤੋ ਲਾਗੂ ਕਰਦੀਆਂ ਹਨ ਇਸ ਦਾ ਤਾਂ ਅਜੇ ਪਤਾ ਨਹੀਂ ਹਾਂ ਜੇਕਰ ਏਨਾ ਕੁ ਵਧਾਇਆ ਹੁੰਦਾ ਤਾ ਕਰਜਾ ਚੁੱਕਣ ਵਾਲਿਆ ਨੂੰ ਆਪਣੀ ਪੰਦਰੀ ਤੇ ਪਤਾ ਲੱਗ ਜਾਣਾ ਸੀ। ਬੈਕਾਂ ਇਸ ਫੈਸਲੇ ਨੂੰ ਮੰਨਣ ਵਿੱਚ ਸਮਾਂ ਤਾਂ ਹੀ ਲਗਾਉਂਦੀਆ ਹਨ ਕਿ ਜਿੰਨੀ ਲੋਕਾਂ ਕੀ ਖੱਲ ਲਾਹ ਲਈਏ ਉਨੀ ਹੀ ਚੰਗੀ ਹੈ ਕਿਹੜਾ ਕਿਸੇ ਨੇ ਬੋਲਣਾ ਹੁੰਦਾ ਇੱਥੇ, ਸਭ ਆਪਣੇ ਪੰਜ ਪਾਜਿਆਂ ਵਿੱਚ ਹੀ ਉਲਝੇ ਰਹਿਦੇ ਹਨ। ਆਉਂਦੇ ਦਿਨਾ ਵਿੱਚ ਵੀ ਵਿਆਜ ਦਰਾਂ ਘਟਣ ਦੀ ਉਮੀਦ ਜਤਾਈ ਜਾ ਰਹੀ ਹੈ। ਮਾਹਿਰਾਂ ਅਨੁਸਾਰ ਕਿਆਸਰਾਈਆਂ ਹਨ, ਦੇਖੋ ਭਲਾ ਸਰਕਾਰਾਂ ਦੇ ਮਨ ਮੇਹਰ ਪੈ ਜਾਵੇ ਅਤੇ ਦਰ੍ਹਾਂ ਘਟ ਜਾਣ ਅਤੇ ਕਿਸੇ ਪਾਸੋ ਤਾਂ ਸੁਖ ਦਾ ਸਾਹ ਆਵੇ। ਮਾਹਿਰਾਂ ਅਨੁਸਾਰ ਵਿਆਜ ਦਰਾਂ ਵਧਾਉਣਾ ਕੋਈ ਵਧੀਆ ਫੈਸਲਾ ਸਾਬਿਤ ਨਹੀਂ ਹੋਇਆ ਕਿਓ ਕਿ ਮਹਿੰਗਾਈ ਦਰ ਤੇ ਕੋਈ ਠੱਲ ਪਈ ਨਹੀਂ ਜਾਪਦੀ, ਸੋ ਆਉਣ ਵਾਲੇ ਸਮੇਂ ਤੋ ਚੰਗੀ ਆਸ ਰੱਖੋ। “ਤੇਲ ਦੇਖੋ ਅਤੇ ਤੇਲ ਦੀ ਧਾਰ ਵੀ ਘਰਾਂ ਦੀ ਵਧਦੀ ਮੰਗ ਨੂੰ ਮੱਦੇਨਜ਼ਰ ਰੱਖਦੇ ਹੋਏ ਤਿੰਨੇ ਲੈਵਲ ਦੀਆਂ ਸਰਕਾਰਾਂ ਨੂੰ ਸਿਰ ਜੋੜ ਕੇ ਕੰਮ ਕਰਨਾ ਚਾਹੀਦਾ ਹੈ ਨਾ ਕਿ ਬਿਨਾ ਵਜ੍ਹਾ ਆਹਡਾ ਲਾ ਕੇ ਸਿੰਗ ਫਸਾਈ ਰੱਖਣ ਵਿੱਚ ਕਿਸੇ ਦੀ ਭਲਾਈ ਹੈ, ਇਸ ਵਿੱਚ ਪਿਸਦਾ ਤਾਂ ਆਮ ਵਰਗ ਹੀ ਹੈ ਕਿਸੇ ਲੀਡਰ ਨੂੰ ਇਸ ਦਾ ਕੋਈ ਨੁਕਸਾਨ ਨਹੀ ਹੁੰਦਾ ਬੱਸ ਸਿਰਫ ਆਪਣੀ ਸਿਆਸਤ ਚਮਕਾਉਣ ਦੀ ਹੋੜ ਵਿੱਚ ਗਰੀਬ ਦਾ ਬਾਂਦਰ ਲੰਡਾ ਕਰਨ ਤੇ ਤੁਲੇ ਰਹਿਦੇ ਹਨ, ਦਰਅਸਲ ਜਦੋਂ ਇਹਨਾਂ ਦਾ ਆਪਣਾ ਮੁਫਾਦ ਸਾਹਮਣੇ ਆਉਦਾ ਹੈ ਉਦੋ ਸਾਰੇ ਇੱਕ ਹਮਾਮ ਵਿੱਚ ਇੱਕਠੇ ਹੋ ਜਾਂਦੇ ਹਨ। ਇਸ ਦੀ ਤਾਜਾ ਉਦਾਹਰਨ ਸੂਬਾ ਲੈਵਲ ਅਤੇ ਸੈਂਟਰ ਲੈਵਲ ਦੇ ਸਹਾਮਣੇ ਆਈ ਹੈ। ਸਾਡੀ ਸੂਬਾ ਸਰਕਾਰ ਨੇ ਜੰਗਲੀ ਅੱਗਾ ਦਾ ਹਵਾਲਾ ਦਿੰਦੇ ਹੋਏ ਸੂਬਾਈ ਚੋਣਾਂ ਨੂ ਲਗਭਗ 6 ਮਹੀਨੇ ਲਮਕਾਉਣ ਦੀ ਤਜਵੀਜ ਹੈ, ਕਿਉ ਕਿ ਸੱਤਾ ਦੀ ਲਾਲਸਾ, ਅਤੇ ਆਉਣ ਵਾਲੇ ਸਮੇ ਵਿੱਚ ਲੋਕਾਂ ਦੀ ਕੀ ਮਨਸ਼ਾ ਹੋਵੇਗੀ ਰੂਲਿੰਗ ਪਾਰਟੀ ਲਈ ਕਿਉ ਕਿ ਪਿਛਲੇ ਲੰਬੇ ਸਮੇ ਤੋ ਇੱਕ ਪਾਰਟੀ ਦੀ ਸਰਕਾਰ ਹੀ ਚੱਲ ਰਹੀ ਹੈ, ਅਤੇ ਇਸੇ ਸੰਦਰਭ ਵਿੱਚ ਸ਼ਇਦ ਚੋਣਾਂ ਲਈ ਸਮਾਂ ਬਦਲਿਆ ਹੈ, ਅਗਲੀ ਵਾਰ ਮੌਕਾ ਮਿਲੇ ਜਾਂ ਨਾ। ਇਸ ਦੇ ਨਾਲ ਮਿਲਦੀ ਜੁਲਦੀ ਉਦਾਹਰਨ ਸੈਂਟਰ ਸਰਕਾਰ ਵੱਲੋਂ ਵੀ ਆਈ ਹੈ “ ਅਖੇ ਤਾਏ ਦੀ ਧੀ ਚੱਲੀ ਮੈ ਕਿਓ ਰਹਾਂ ਕੱਲ੍ਹੀ” ਸੈਂਟਰ ਨੇ ਵੀ ਆਉਣ ਵਾਲੀਆਂ ਚੋਣਾਂ ਨੂੰ ਇੱਕ ਹਫਤੇ ਲਈ ਅਗਾਹ ਧੱਕ ਦਿਤਾ ਹੈ ਇਸ ਦਾ ਫਾਇਦਾ ਆਮ ਲੁਕਾਈ ਨੂੰ ਨਹੀਂ ਬਲਿਕ ਕਨੇਡੀਅਨ ਲੁਕਾਈ ਨੂੰ 80 ਦੇ ਕਰੀਬ ਹੋਰ ਪਰਾਉਣੇ ਮਿਲਣੇ ਹਨ ਜਿਹਨਾਂ ਦੀ ਪੈਨਸ਼ਨ ਦੀ ਯੋਗਤਾ ਇੱਕ ਹਫਤਾ ਬਾਅਦ ਵਿੱਚ ਬਣਦੀ ਸੀ ਇਸੇ ਲਈ ਚੋਰ ਚੋਰ ਮਸੇਰੇ ਭਾਈ ਬਣ ਗਏ ਅਤੇ ਸਾਰਿਆ ਨੇ ਇਸ ਤਜਵੀਜ ਨੂੰ ਮੰਨ ਲਿਆ ਅਤੇ ਇਹਨਾ ਸਭ ਨੂੰ ਮਿਲਣ ਵਾਲੇ ਭੱਤੇ ਟੇਕਸ ਪੇਅਰਸ ਦੇ ਪੇਸੇ ਹਨ ਨਾ ਕਿ ਕਿਸੇ ਮੰਤਰੀ ਨੇ ਆਪਣੇ ਖਾਤੇ ਵਿਚੋਂ ਜਾਣੇ ਹਨ। ਸੋ ਦਰਦ ਕਾਹੇ ਕਾ “ ਭਰੇ ਖਜ਼ਾਨੇ ਸਰਕਾਰ ਦੇ ਰਲ ਮਿਲ ਕੇ ਲੁੱਟੋ”ਦਰਅਸਲ ਮਾਈਗਰੈਟਸ ਦੀ ਸੰਖਿਆ ਜਿਆਦਾ ਹੋਣ ਕਾਰਨ ਸਥਾਨਕ ਕਾਨੂੰਨਾ ਬਾਰੇ ਜਾਣਕਾਰੀ ਨਾ ਤਾਂ ਸਕੂਲਾ ਵਿੱਚ ਦਿੱਤੀ ਜਾਂਦੀ ਹੈ ਅਤੇ ਨਾ ਕਿ ਕਿਸੇ ਹੋਰ ਤਰੀਕੇ ਨਾਲ, ਮਾਈਗਰੈਟਸ ਨੂੰ ਜਨਮ ਭੂਮੀ ਤੋ ਜਿਆਦਾ ਇਥੋ ਦੀ ਚਮਕ ਦਮਕ ਬਹੁਤ ਚੰਗੀ ਲਗਦੀ ਹੈ ਅਤੇ ਆਜ਼ਾਦੀ ਨੂੰ ਲੈ ਕੇ ਹਰ ਵਰਗ ਦੇ ਲੋਕ ਐਸਾ ਉਲਝਦੇ ਹਨ ਕਿਸੇ ਹੋਰ ਪਾਸੇ ਧਿਆਨ ਹੀ ਨ੍ਹਹੀ ਜਾਂਦਾ ਅਤੇ ਲੀਡਰ ਆਪਣੀ ਮਨ ਮਰਜੀ ਕਰਦੇ ਰਹਿਦੇ ਹਨ, ਇਸ ਦੀ ਉਦਾਹਰਨ ਹਾਲ ਹੀ ਵਿੱਚ ਸਾਡੇ ਦੇਸ਼ ਦੀ ਸੰਸਦ ਵਿਚ ਬੈਠੇ ਲੀਡਰਾਂ ਦੇ ਆਪਣੇ ਨਿੱਜੀ ਮੁਫਾਦਾਂ ਨੂੰ ਲੈ ਕੇ ਬਾਹਰਲੀਆਂ ਤਾਕਤਾਂ ਨਾਲ ਸਬੰਧ ਇਸ ਗੱਲ ਦੀ ਪੁਸ਼ਟੀ ਕਰਦੇ ਹਨ ਅਤੇ ਹੈਰਾਨੀ ਦੀ ਗੱਲ ਤਾਂ ਇਹ ਹੈ ਕਿ ਇਹਨਾਂ ਕੋਲ ਇਮਊਨਟੀ ਦੇ ਨਾਮ ਤੇ ਇਕ ਪਰਟੈਕਸਲਨ ਸ਼ੀਲਡ ਬਣਾਈ ਹੈ ਕਿ ਇਸ ਤਰਾਂ ਦੀ ਗਲਤੀ ਜੱਗ ਜਾਹਰ ਨਹੀ ਹੋਣੀ ਚਾਹੀਦੀ ਭਾਵ ਕਿ ਟੈਕਸ ਪੇਅਰਸ ਦੇ ਪੈਸੇ ਤੇ ਐਸ਼ ਤਾਂ ਕਰਨੀ ਹੈ ਪਰ ਸਾਡਾ ਭੇਦ ਕਿਸੇ ਨੂੰ ਨਹੀਂ ਲੱਗਣਾ ਚਾਹੀਦਾ ਤਾਂ ਕਿ ਅਗਲੇ ਇਲੈਕਸ਼ਨ ਵਿੱਚ ਲੋਕਾਂ ਵਿੱਚ ਖੜਨਾ ਮੁਸ਼ਕਿਲ ਹੋ ਜਵੇਗਾ, ਹੋਰ ਤਾਂ ਹੋਰ ਸਬੰਧਤ ਪਾਰਟੀ ਦੇ ਲੀਡਰ ਨੂੰ ਇਸ ਗੱਲ ਦਾ ਇਲਮ ਹੈ ਕਿ ਕੌਣ ਭੱਦਰਪੁਰਸ਼ ਹਨ, ਹੁਣ ਸਵਾਲ ਇਹ ਹੈ ਕਿ ਜੇਕਰ ਦੋਸ਼ ਸਾਬਿਤ ਹੋ ਜਾਂਦੇ ਹਨ ਤਾਂ ਪਾਰਟੀ ਲੀਡਰ ਕਿਸ ਮੂੰਹ ਨਾਲ ਲੋਕਾਂ ਵਿੱਚ ਜਵਾਬਦੇਹ ਹੋਣਗੇ ਕਿ ਬੱਸ “ਬੰਦਾ ਬਸ਼ਰਮ ਹੋਣਾ ਚਾਹੀਦਾ ਮਜ਼ਾਲ ਕੋਈ ਬੇਇਜ਼ਤੀ ਕਰ ਜਾਵੇ” ਉ ਗੱਲ ਹੈ ਇੱਕ ਸਾਡਾ ਸੂਬਾ ਤੇਲ ਪ੍ਰਧਾਨ ਹੋਣ ਕਰਕੇ ਇਥੇ ਲੰਬੇ ਸਮੇਂ ਤੋਂ ਬੰਦ ਪਏ ਤੇਲ ਦੇ ਖੂਹਾ ਦੇ ਮੁੱਦੇ ਉਤੇ ਸੂਬਾ ਸਰਕਾਰ ਨੇ ਆਪਣਾ ਰੁੱਖ ਸਖਤ ਕੀਤਾ ਹੈ ਅਤੇ ਸਬੰਧਤ ਕੰਪਨੀ ਨੂੰ 60 ਦਿਨਾਂ ਦੀ ਮਿਆਦ ਦਿੱਤੀ ਹੈ ਤਾਂ ਕਿ ਵਾਤਾਵਰਨ ਸਾਫ ਰੱਖਣ ਵਿੱਚ ਬਣਦਾ ਸਰਦਾ ਯੋਗਦਾਨ ਪਾਇਆ ਜਾ ਸਕੇ ਪਰ ਸਬੰਧਤ ਕੰਪਨੀ ਵੱਲੋ ਕੋਈ ਜਵਾਬ ਨਹੀ ਦਿਤਾ ਗਿਆ ਹੁਣ ਦੇਖੋ ਸਰਕਾਰ ਇਸ ਮੁੱਦੇ ਤੇ ਅਗਲੀ ਕਾਰਵਾਈ ਕੀ ਕਰਦੀ ਹੈ ਇਹ ਗੱਲ ਭਵਿੱਖ ਦੇ ਗਰਭ ਵਿੱਚ ਹੈ।

# ਪੀਅਰ ਟਰੂਡੋ ਦੀ ਚਿੱਠੀ ਰਿਸ਼ੀ ਨਾਗਰ ਦੇ ਨਾਮ

**ਜੌਜ਼ੈਫ਼ ਫਿਲਿਪ ਪੀਅਰ ਈਵਜ਼ ਐਲਿਅਟ ਟਰੂਡੋ ਦਾ ਜਨਮ 18 ਅਕਤੂਬਰ, 1919 ਨੂੰ ਕਿਉਬੈਕ ਸੂਬੇ ਦੇ ਮੌਂਟਰੀਆਲ ਦੇ ਨਾਲ ਲੱਗਦੇ ਇਕ ਛੋਟੇ ਜਿਹੇ ਕਸਬੇ ਵਿੱਚ ਹੋਇਆ ਸੀ। ਉਹਨਾਂ ਨੇ ਪਹਿਲੀ ਬਾਰ 1968 ਤੋਂ 1979 ਤੱਕ ਤੇ ਫਿਰ 1980 ਤੋਂ 1984 ਤੱਕ ਕੈਨੇਡਾ ਦੇ 15ਵੇਂ ਪ੍ਰਧਾਨ ਮੰਤਰੀ ਵਜੋਂ ਕੰਮ ਸੰਭਾਲਿਆ ਸੀ। ਉਹਨਾਂ ਨੇ ਵਕਾਲਤ ਦੀ ਡਿਗਰੀ ਲਈ ਤੇ ਮੌਂਟਰੀਆਲ ਯੂਨਿਵਰਸਿਟੀ ਵਿੱਚ ਲੌਅ ਦੇ ਪ੍ਰੋਫੈਸਰ ਵਜੋਂ ਸੇਵਾਵਾਂ ਦਿੱਤੀਆਂ। ਉਹਨਾਂ ਸਭ ਤੋਂ ਪਹਿਲਾਂ 1961 ਵਿੱਚ ਐਨਡੀਪੀ ਵਿੱਚ ਦਾਖ਼ਲਾ ਲਿਆ ਸੀ ਪਰ ਮਗਰੋਂ ਜਦੋਂ ਉਹਨਾਂ ਨੂੰ ਲੱਗਿਆ ਕਿ ਇਹ ਪਾਰਟੀ ਸਰਕਾਰ ਨਹੀਂ ਬਣਾ ਸਕਦੀ ਤਾਂ ਉਹ 1965 ਵਿੱਚ ਲਿਬਰਲ ਪਾਰਟੀ ਵਿੱਚ ਚਲੇ ਗਏ। ਉਹ ਪ੍ਰਾਇਮ ਮਨਿਸਟਰ ਲੈਸਟਰ ਬੀ ਪੀਅਰਸਨ ਦੇ ਪਾਰਲੀਮਾਨੀ ਸੈਕਟਰੀ ਵੀ ਰਹੇ ਤੇ ਮਗਰੋਂ ਦੇਸ਼ ਦੇ ਜਸਟਿਸ ਮਨਿਸਟਰ ਵੀ ਰਹੇ। ਉਹਨਾਂ ਨੂੰ ਬਹੁਤ ਤੇਜ਼ ਤਰਾਰ ਰਾਜਨੇਤਾ ਮੰਨਿਆ ਜਾਂਦਾ ਰਿਹਾ। ਕੈਨੇਡਾ ਨੂੰ ਦੋ-ਭਾਸ਼ੀ ਬਣਾਉਣ ਤੇ ਮਲਟੀਕਲਚਰਲਿਜ਼ਮ ਫੈਲਾਉਣ ਲਈ ਜਾਣਿਆ ਜਾਂਦਾ ਰਹੇਗਾ। ਨੈਸ਼ਨਲ ਐਨਰਜੀ ਪੌਲਿਸੀ ਉਹਨਾਂ ਦਾ ਸਭ ਤੋਂ ਵਿਵਾਦਿਤ ਫੈਸਲਾ ਰਿਹਾ ਜਿਸ ਮਗਰੋਂ ਉਹ ਐਲਬਰਟਾ ਵਿੱਚ ਬਹੁਤ ਬਦਨਾਮ ਰਹੇ ਤੇ ਉਸ ਮਗਰੋਂ ਸੂਬੇ ਵਿੱਚ ਲਿਬਰਲ ਪਾਰਟੀ ਦੇ ਕਦੀ ਪੈਰ ਨਾ ਲੱਗ ਸਕੇ। 80 ਸਾਲ ਦੀ ਉਮਰ ਵਿੱਚ 28 ਸਤੰਬਰ, 2000 ਨੂੰ ਪੀਅਰ ਟਰੂਡੋ ਦਾ ਦੇਹਾਂਤ ਹੋ ਗਿਆ। ਹੁਣ ਉਹਨਾਂ ਦੀ ਚਿੱਠੀ ਆਈ ਹੈ।**

ਇਹ ਕਾਲਮ ਨਿਰੋਲ ਕਲਪਨਾ 'ਤੇ ਅਧਾਰਿਤ ਹੈ ਅਤੇ ਇਸ ਦਾ ਕਿਸੇ ਵੀ ਜਿਉਂਦੇ-ਜਾਗਦੇ ਵਿਅਕਤੀ ਨਾਲ ਕੋਈ ਸਿੱਧਾ ਜਾਂ ਅਸਿੱਧਾ ਸੰਬੰਧ ਨਹੀਂ ਹੈ। ਇਸ ਵਿਚਲੇ ਵਿਚਾਰ ਲੇਖਕ ਦੇ ਹਨ ਤੇ ਅਦਾਰਾ 'ਪੰਜਾਬੀ ਅਖ਼ਬਾਰ' ਇਹਨਾਂ ਵਿਚਾਰਾਂ ਦਾ ਵਿਰੋਧ ਜਾਂ ਇਹਨਾਂ ਦੀ ਪ੍ਰੋੜ੍ਹਤਾ ਨਹੀਂ ਕਰਦਾ ਹੈ।

- ਸੰਪਾਦਕ




**ਪਿਆਰੇ ਰਿਸ਼ੀ,**

ਸਤਿ ਸ੍ਰੀ ਅਕਾਲ! ਕੈਨੇਡਾ ਅੱਜਕੱਲ ਸੰਕਟ ਵਿਚੋਂ ਗੁਜ਼ਰ ਰਿਹਾ ਹੈ। ਇਸ ਨੂੰ ਮੌਜੂਦਾ ਸਮੇਂ ਕਈ ਸੰਕਟਾਂ ਨੇ ਘੇਰਿਆ ਹੋਇਆ ਹੈ। ਹੈਲਥ ਕੇਅਰ ਸੰਕਟ, ਹਾਊਜ਼ਿੰਗ ਸੰਕਟ, ਅਫੋਰਡੇਬਿਲਿਟੀ ਸੰਕਟ, ਇਨਫਲੇਸ਼ਨ ਸੰਕਟ, ਗ੍ਰੋਸ਼ਰੀਜ਼ ਪ੍ਰਾਇਸਿਜ਼ ਸੰਕਟ, ਮੈਂਟਲ ਹੈਲਥ ਸੰਕਟ, ਡ੍ਰਗ ਡੈਥਸ ਸੰਕਟ, ਫੌਰਨ ਇੰਟਰਫੀਅਰੈਂਸ ਸੰਕਟ, ਕਲਾਇਮੇਟ ਸੰਕਟ...ਹੱਦ ਈ ਹੋ ਗਈ...ਇਹ ਸੰਕਟ ਮੁੱਕਣ ਦਾ ਨਾਮ ਈ ਨਹੀਂ ਲੈ ਰਹੇ। ਮੇਰਾ ਪੁੱਤਰ ਵੀ ਕਈ ਸੰਕਟਾਂ ਵਿੱਚ ਘਿਰਿਆ ਹੋਇਆ ਹੈ। ਉਸ ਦੀ ਫੈਮਿਲੀ ਟੁੱਟ ਗਈ ਹੈ - ਇਹ ਸੰਕਟ, ਉਸ ਦੀ ਪੌਪੂਲੈਰਿਟੀ ਬਹੁਤ ਘਟ ਗਈ ਹੈ - ਇਹ ਦੂਜਾ ਸੰਕਟ। ਯੂਕ੍ਰੇਨ-ਰੂਸ ਦੀ ਲੜਾਈ ਦਾ ਅਸਰ ਵੀ ਕੈਨੇਡਾ ਉੱਪਰ ਪੈ ਰਿਹਾ ਹੈ ਤੇ ਉਹ ਵੀ ਸੰਕਟ ਹੀ ਹੈ। ਇਜ਼ਰਾਇਲ ਤੇ ਪੈਲਿਸਟਾਇਨ ਦੀ ਜੰਗ ਲੱਗੀ ਹੋਈ ਹੈ ਤੇ ਇਹ ਵੀ ਦੂਜਾ ਸੰਕਟ ਹੈ। ਕੁਝ ਸੰਕਟ ਉਸ ਨੇ ਆਪ ਆਪਣੇ ਗਲ ਪਾਏ ਹੋਏ ਨੇ ਜਿਵੇਂ ਵਿਦੇਸ਼ੀ ਦੌਰਿਆਂ ਦੌਰਾਨ ਉਸ ਦੀਆਂ ਕੀਤੀਆਂ ਕੁਤਾਹੀਆਂ ਉਸ ਦੇ ਗਿੱਟਿਆਂ ਵਿੱਚ ਵੱਜ ਰਹੀਆਂ ਨੇ। ਸੋ ਮੇਰਾ ਪੁੱਤਰ ਇਸ ਸਮੇਂ ਚਾਰੇ ਨਹੀਂ, ਅੱਠਾਂ ਪਾਸਿਆਂ ਤੋਂ ਸੰਕਟ ਵਿੱਚ ਘਿਰਿਆ ਬੈਠਾ ਹੈ। ਘਰੇਲੂ, ਬਾਹਰੀ, ਪਰਿਵਾਰਕ, ਰਾਜਨੀਤਕ, ਸਮਾਜਿਕ ਸੰਕਟਾਂ ਨੇ ਮੇਰਾ ਬੇਟਾ ਇਉਂ ਘੇਰਿਆ ਹੋਇਐ ਜਿਉਂ ਮਰੇ ਭੂੰਡ ਨੂੰ ਕੀੜੀਆਂ ਨੇ ਘੇਰਿਆ ਹੁੰਦੈ।

ਰਿਸ਼ੀ ਡੀਅਰ, ਮੇਰਾ ਬੇਟਾ ਉਸ ਵੇਲੇ ਪ੍ਰਧਾਨ ਮੰਤਰੀ ਬਣਿਆ ਜਦੋਂ ਸੰਸਾਰ ਭਰ ਵਿੱਚ ਸੰਕਟ ਸ਼ੁਰੂ ਹੀ ਹੋਣ ਵਾਲੇ ਸਨ ਤੇ ਸਾਡੀ ਪਾਰਟੀ ਦਾ ਹਾਲ ਵੀ ਪ੍ਰੋ. ਮਾਇਕਲ ਇਗਨੈਟਿਐਫ ਨੇ ਇਉਂ ਕਰ ਦਿੱਤਾ ਸੀ ਜਿਵੇਂ ਕਿਸੇ ਛੱਪੜ ਵਿੱਚ ਮੱਝ ਵੜ ਜਾਵੇ ਤੇ ਉਸ ਦੀਆਂ ਸਿਰਫ਼ ਨਾਸਾਂ ਹੀ ਪਾਣੀ ਤੋਂ ਉੱਪਰ ਨਜ਼ਰ ਆਉਣ। ਸਾਡੀ ਪਾਰਟੀ ਦੀਆਂ ਵੀ ਸਿਰਫ਼ ਨਾਸਾਂ ਹੀ ਉਸ ਵੇਲੇ ਰਾਜਨੀਤੀ ਵਿੱਚ ਬਾਹਰ ਰਹਿ ਗਈਆਂ ਸਨ। ਜੈਕ ਲੇਟਨ ਦੀ ਐਨਡੀਪੀ ਹੂੰਝਾ ਫੇਰ ਗਈ ਸੀ। ਮੇਰੇ ਮੁੰਡੇ ਨੇ ਆ ਕੇ ਮਸਾਂ ਕਿਤੇ ਮੱਝ ਛਪੜੀ ਵਿੱਚੋਂ ਬਾਹਰ ਕੱਢੀ ਸੀ।

ਲੱਗਦਾ ਹੁਣ ਫਿਰ ਇਉਂ ਹੀ ਐ ਕਿ ਮੱਝ ਮੁੜ ਛਪੜੀ ਵੱਲ ਵਧ ਰਹੀ ਐ। ਥੋੜ੍ਹੇ ਦਿਨ ਹੋਏ ਮੈਨੂੰ ਤੇਰੇ ਸੱਤਿਆ ਭੈਣ ਜੀ ਮਿਲੇ ਸੀ। ਉਹ ਇੰਡੀਅਨ ਪੰਜਾਬ ਵਾਲੇ ਤੇਰੇ ਸਕੂਲੇ ਤੈਨੂੰ ਹਿੰਦੀ ਪੜ੍ਹਾਉਂਦੇ ਹੁੰਦੇ ਸੀ। ਉਹਨੇ ਮੈਨੂੰ ਦੱਸਿਆ ਕਿ ਤੂੰ ਇਕ ਵਾਰ ਆਪਣੇ ਇਕ ਦੋਸਤ ਦੀ ਮੱਝ 'ਤੇ ਬੈਠ ਗਿਆ ਸੀ ਤੇ ਉਹ ਛਪੜੀ ਵਿੱਚ ਜਾ ਵੜੀ ਸੀ ਤੇ ਤੈਨੂੰ ਤੇਰੇ ਬਾਪੂ ਨੇ ਮਸਾਂ ਬਚਾਇਆ ਸੀ ਤੈਨੂੰ ਤੇ ਬਾਹਰ ਕੱਢ ਕੇ ਤੇਰੀ ਚੰਗੀ ਤਾਉਣੀ ਵੀ ਲਾਈ ਸੀ ਉਹਨੇ। ਮੇਰਾ ਤੌਖ਼ਲਾ ਇਹ ਹੈ ਕਿ ਮੇਰੇ ਮੁੰਡੇ ਵਾਲੀ ਮੱਝ ਵੀ ਛਪੜੀ ਵੱਲ ਜਾ ਰਹੀ ਹੈ ਤੇ ਉਹ ਉੱਤੇ ਬੈਠਾ ਮਾਊਥ ਔਰਗਨ ਵਜਾ ਰਿਹੈ ਤੇ ਉਹਨੂੰ ਖ਼ਬਰ ਈ ਨਹੀਂ ਕਿ ਛਾਲ ਮਾਰ ਕੇ ਉਤਰ ਜਾਵੇ। ਮੈਂ ਵੀ ਹੁਣ ਦੁਨੀਆ 'ਤੇ ਤਾਂ ਹੈ ਨਹੀਂ ਕਿ ਉਸ ਨੂੰ ਉਸੇ ਤਰ੍ਹਾਂ ਬਚਾ ਲਵਾਂ ਜਿਵੇਂ ਤੇਰੇ ਬਾਪੂ ਨੇ ਤੈਨੂੰ ਬਚਾਇਆ ਸੀ। ਮੈਂ ਹੁਣ ਕਰ ਵੀ ਕੀ ਸਕਦਾਂ। ਤਾਉਣੀ ਤਾਂ ਹੁਣ ਇਹਦੀ ਵੀ ਲੱਗਣੀ ਐ ਪਰ ਲੋਕਾਂ ਨੇ ਲਾਉਣੀ ਐ। ਜਿਹੜੇ ਉਹਦੇ ਨਾਲ ਦੇ ਸਾਥੀ ਨੇ, ਉਹ ਵੀ ਉਹ ਨੂੰ ਦੱਸ ਨਹੀਂ ਰਹੇ ਕਿ ਮੱਝ ਚੱਲੀ ਭਾਈ ਛਪੜੀ ਵਿੱਚ, ਉਹ ਮੂਰਖ ਜਿਹੇ ਉਹਦੇ ਵੱਜ ਰਹੇ ਮਾਊਥ ਔਰਗਨ ਦੀ ਧੁਨ 'ਤੇ ਨੱਚੀ ਜਾ ਰਹੇ ਹਨ।

ਇਕ ਪਾਸੇ ਦੁਨੀਆ ਭਰ ਵਿੱਚ ਰਾਇਟ ਵਿੰਗ ਪੌਲਿਟਿਕਸ ਦਾ ਪਸਾਰਾ ਵਧ ਰਿਹਾ ਹੈ ਤੇ ਇਸ ਦਾ ਅਸਰ ਕੈਨੇਡਾ ਵੀ ਪੈਣਾ ਲਾਜ਼ਿਮ ਹੀ ਹੈ। ਤੁਹਾਡੇ ਪਿਛਲੇ ਮੁਲਕ ਵਿੱਚ ਨਰੇਂਦਰ ਮੋਦੀ ਦੋਬਾਰਾ ਸਰਕਾਰ ਬਣਾ ਗਿਐ। ਅਮਰੀਕਾ ਵਿੱਚ ਥੱਕਿਆ ਜਿਹਾ ਬਾਇਡਨ, ਅੱਕੇ ਹੋਏ ਟਰੰਪ ਦੇ ਅੱਗੇ ਗੋਡੇ ਟੇਕਦਾ ਜਾਪ ਰਿਹੈ। ਯੂਰੋਪੀਅਨ ਪਾਰਲੀਮੈਂਟ ਵਿੱਚ ਧੁਰ ਸੱਜੇ ਪੱਖੀਆਂ ਨੇ ਬਾਜ਼ੀ ਮਾਰ ਲਈ ਹੈ। ਕੈਨੇਡਾ ਵਿੱਚ ਵੀ ਕੰਜ਼ਰਵੇਟਿਵ ਪਾਰਟੀ ਛਾਲੋ ਛਾਲ ਅੱਗੇ ਜਾ ਰਹੀ ਹੈ ਤੇ ਮੇਰਾ ਮੁੰਡਾ ਮੱਝ 'ਤੇ ਬੈਠ ਵਾਜਾ ਵਜਾਉਣੋ ਹੀ ਨਹੀਂ ਹਟਦਾ।

ਪਿਛਲੇ 8-9 ਸਾਲਾਂ ਦੌਰਾਨ ਉਹ ਵਧੀਆ ਪ੍ਰੋਗਰੈਸਿਵ ਲੀਡਰ ਰਿਹਾ ਪਰ ਹੁਣ ਪਤਾ ਨਹੀਂ ਉਹਨੂੰ ਕੀ ਹੋ ਗਿਐ? ਉਹਦੀ ਸਰਕਾਰ ਨੇ ਕੈਨੇਡਾ ਵਿਚੋਂ ਬਾਲ-ਗਰੀਬੀ ਨੂੰ, ਜਿਹਨੂੰ ਤੁਸੀਂ ਚਾਇਲਡ ਪੌਵਰਟੀ ਕਹਿੰਦੇ ਓ, ਅੱਧੀ ਕਰ ਦਿੱਤੀ ਐ। ਭੰਗ ਤੇ ਭੰਗ ਤੋਂ ਬਣੇ ਪਦਾਰਥਾਂ ਨੂੰ ਕਾਨੂੰਨੀ ਜਾਮਾ ਪੁਆਇਆ, ਜਿਹਦੀ ਮੰਗ ਪਿਛਲੇ 50 ਸਾਲਾਂ ਤੋਂ ਚੱਲਦੀ ਆ ਰਹੀ ਸੀ। ਮੂਲ ਨਿਵਾਸੀਆਂ ਨਾਲ ਰਿਸ਼ਤੇ ਮਜ਼ਬੂਤ ਕੀਤੇ। ਕੌਮਾਗਾਟਾਮਾਰੂ ਘਟਨਾ ਲਈ ਮਾਫੀ ਮੰਗੀ। ਘਮੰਡੀ ਟਰੰਪ ਨਾਲ ਕਿਸੇ ਤਰ੍ਹਾਂ ਨਵਾਂ ਨੈਫ਼ਟਾ ਸਿਰੇ ਚੜ੍ਹਾਇਆ। ਕਿੰਨੇ ਈ ਉਹਨੇ ਚੰਗੇ ਕੰਮ ਕੀਤੇ ਪਰ ਹੁਣ ਰਾਇਟ ਵਿੰਗ ਪੌਲਿਟਿਕਸ ਨੇ ਉਹਦਾ ਕੀਤਾ ਕਰਾਇਆ ਖੂਹ-ਖਾਤੇ ਪਾ ਦਿੱਤੈ। ਨੌਜਵਾਨ ਵੀ ਹੁਣ ਉਹਦੇ ਨਾਲ ਨਾਰਾਜ਼ ਲੱਗਦੇ ਨੇ। ਕਹਿੰਦੇ ਸਾਨੂੰ ਘਰ ਕਦੀ ਨਹੀਂ ਲੈਣ ਦੇਣ ਵਾਲਾ ਬਣਾ'ਤਾ ਇਹਨੇ।

ਇਮਿਗ੍ਰੇਸ਼ਨ ਵੀ ਉਹਨੂੰ ਲੈ ਬੈਠੀ ਐ ਰਿਸ਼ੀ ਡੀਅਰ। ਦੁਖਾਂਤ ਤਾਂ ਇਸ ਗੱਲ ਦਾ ਹੈ ਕਿ ਜਿਹੜੇ ਆਪ ਇਮਿਗ੍ਰੈਂਟ ਨੇ, ਉਹਨਾਂ ਨੂੰ ਵੀ ਲੱਗੀ ਜਾਂਦੈ ਕਿ ਇਮਿਗ੍ਰੇਸ਼ਨ ਬਹੁਤ ਹੋ ਗਈ। ਆਪ ਆ ਗਏ ਪਰ ਹੁਣ ਚਾਹੁੰਦੇ ਨੇ ਕੋਈ ਹੋਰ ਨਾ ਆਵੇ। ਪਿਛਲੇ ਦਿਨੀਂ ਮੈਂ ਤੁਹਾਡੇ ਸਾਬਕਾ ਮੁਖਮੰਤਰੀ ਪ੍ਰਕਾਸ਼ ਸਿੰਘ ਬਾਦਲ ਨੂੰ ਕਿਹਾ ਕਿ ਮੈਂ ਤੁਹਾਡਾ ਪੰਜਾਬ ਬਚਾ ਲਿਆ, ਸਾਰੇ ਨੌਜਵਾਨ ਕੱਢ ਲਿਆਂਦੇ ਉਥੋਂ, ਮੇਰਾ ਅਹਿਸਾਨ ਮੰਨੋ ਤੁਸੀਂ। ਉਹ ਤਾਂ ਭਾਂਈ ਪੈ ਨਿਕਲਿਆ ਮੈਨੂੰ ਅੱਗੋਂ। ਬਾਦਲ ਮੈਨੂੰ ਕਹਿੰਦਾ, ਕਾਹਦਾ ਬਚਾ ਲਿਆ ਪੰਜਾਬ ਤੁਸੀਂ...ਆਪਣਾ ਕੈਨੇਡਾ ਬਚਾਉਣ ਦੀ ਗੱਲ ਕਰੋ, ਤੇ ਬਚਾਇਆ ਤੁਸੀਂ ਕੈਨੇਡਾ ਐ, ਸਾਡਾ ਪੰਜਾਬ ਤਾਂ ਤੁਸੀਂ ਬੰਜਰ ਕਰਤਾ ਸਾਡੇ ਨਿਆਣੇ ਉਥੋਂ ਕੱਢ ਕੱਢ ਕੇ। ਤੁਹਾਡੇ ਗੋਰੇ ਜਿਹੜਾ ਕੰਮ ਨਹੀਂ ਸੀ ਕਰਦੇ, ਤੁਸੀਂ ਸਾਥੋਂ ਕਰਵਾਉਣ ਲਈ ਵੀਜ਼ੇ ਖੋਲ੍ਹੇ। ਬਾਦਲ ਸਾਹਬ ਕਹਿੰਦੇ, ਸਾਡੇ ਨਿਆਣਿਆਂ ਨੂੰ ਤੁਸੀਂ ਮਜ਼ਦੂਰ ਬਣਾ ਕੇ ਰੱਖਤਾ। ਦਹਾਕਿਆਂ ਬੱਧੀ ਤੁਸੀਂ ਉਹਨਾਂ ਕੋਲੋਂ ਮਜ਼ਦੂਰੀ ਕਰਵਾਈ, ਸਫਾਈ ਕਰਵਾਈ, ਸਾਰਿਆਂ ਨੂੰ ਤੁਸੀਂ ਟੈਕਸੀ ਤੇ ਟਰੱਕ ਡ੍ਰਾਇਵਰ ਬਣਾ ਕੇ ਰੱਖਤਾ। ਸਾਰੀਆਂ ਮਲਾਈਦਾਰ ਪੋਸਟਾਂ ਤੁਸੀਂ ਗੋਰਿਆਂ ਨੂੰ ਦਿੱਤੀਆਂ। ਦੱਸੋ ਖਾਂ ਕਦੀ ਸਾਡਾ ਕੋਈ ਕਿਸੇ ਬੋਰਡ 'ਤੇ ਬਿਠਾਇਆ ਹੋਵੇ ਜਾ ਕਿਸੇ ਕਮੇਟੀ ਵਿੱਚ ਲਿਆ ਹੋਵੇ! ਆਹ ਤਾਂ ਸਾਡੀ ਦੂਜੀ, ਤੀਜੀ ਪੀੜ੍ਹੀ ਪੜ੍ਹ ਲਿਖ ਕੇ ਤੁਹਾਡੇ ਬਰਾਬਰ ਆਈ ਐ। ਸਾਡੀਆਂ ਕਈ ਪੀੜ੍ਹੀਆਂ ਤੁਸੀਂ ਕੈਨੇਡਾ ਨੇ ਖਾ ਲਈਆਂ। ਮੈਨੂੰ ਤਾਂ ਭਾਈ ਉਹਦੀ ਗੱਲ ਦਾ ਜਵਾਬ ਨਾ ਆਵੇ। ਖੈਰ...ਉਹ ਆਪਣੇ ਬੰਦਿਆਂ ਨੂੰ ਹੁਣ ਕੈਨੇਡਾ ਵਿੱਚ ਮੰਤਰੀ, ਐਮਪੀ, ਐਮਐਲਏ ਦੇਖ ਕੇ ਬੜਾ ਈ ਖੁਸ਼ ਐ।

ਅੱਛਾ! ਮੈਂ ਗੱਲ ਕਰ ਰਿਹਾ ਸੀ ਕੈਨੇਡਾ ਦੇ ਸੰਕਟਾਂ ਦੀ। ਇਕ ਤਾਂ ਰਾਇਟ ਵਿੰਗ ਸੰਕਟ ਵੱਡਾ ਹੁੰਦਾ ਜਾ ਰਿਹੈ। ਫਰੀਡਮ ਕੌਨਵੌਇ ਨੇ ਮੇਰੇ ਮੁੰਡੇ ਦੀ ਚੰਗੀ ਕੰਡ ਲਾਹੀ। ਫ੍ਰਾਂਸ ਆਲਿਆਂ ਨੇ ਅੱਥਰੂ ਗੈਸ ਛੱਡ ਕੇ ਉਹਨਾਂ ਨੂੰ ਭਜਾਇਆ। ਜੋ ਬਾਇਡਨ ਨੇ ਨੈਸ਼ਨਲ ਗਾਰਡ ਸੱਦ ਕੇ ਨਠਾਏ ਉਹ ਸਾਰੇ। ਮੋਦੀ ਨੇ ਕਾਨੂੰਨ ਵਾਪਸ ਲੈ ਕੇ, ਸਾਲ ਭਰ ਕਿਸਾਨਾਂ ਨੂੰ ਖੱਜਲ ਕਰਕੇ ਭਜਾਇਆ। ਮੇਰੇ ਮੁੰਡੇ ਨੇ ਐਮਰਜੰਸੀ ਐਕਟ ਕੀ ਲਾ'ਤਾ, ਉਹਦੀ ਓਇ-ਤੋਇ ਕਰਤੀ ਬੇਚਾਰੇ ਦੀ।

ਰਹਿੰਦੀ ਖੂੰਹਦੀ ਕਸਰ ਕੁਰਪਸ਼ਨ ਨੇ ਕੱਢਤੀ। ਵੀ-ਸਕੈਂਡਲ ਵੀ ਉਹਦੀਆਂ ਜੜ੍ਹਾਂ ਵਿੱਚ ਬਹਿ ਗਿਆ। ਕਲਾਇਮੇਟ ਐਕਸ਼ਨ ਵੀ ਉਹਦੀਆਂ ਜੜ੍ਹਾਂ ਵਿੱਚ ਬੈਠੀ ਜਾ ਰਿਹੈ। ਉਹਦੇ ਮੰਤਰੀ ਵੀ ਬਾਜ਼ ਨਹੀਂ ਆਉਂਦੇ। ਮੇਰੇ ਮੁੰਡੇ 'ਤੇ ਪਰਿਵਾਰਕ ਸੰਕਟ ਆਇਆ ਸੀ; ਉਹਦੇ ਸਾਥੀਆਂ ਨੂੰ ਚਾਹੀਦਾ ਸੀ ਕਿ ਉਹਦੀ ਮਦਦ ਕਰਦੇ ਪਰ ਇਹ ਲਾਹਨਤੀ ਆਪਣੀਆਂ ਜੇਬਾਂ ਭਰਨ ਵਿੱਚ ਲੱਗ ਗਏ। ਹੁਣ ਜਦੋਂ ਉਹਦੀ ਮੱਝ ਛਪੜੀ ਵਿੱਚ ਵੜਣ ਨੂੰ ਫਿਰਦੀ ਐ ਤਾਂ ਕਹੀ ਜਾਂਦੇ ਐ ਕਿ ਮੇਰੇ ਮੁੰਡੇ ਨੇ ਮਰਵਾ'ਤੇ। ਚੀਨ ਆਲੇ ਆਪਣੇ ਬੰਦੇ ਜਿਤਵਾਈ ਜਾਂਦੇ ਐ, ਭਾਰਤ ਆਲੇ ਮਰਵਾਈ ਜਾਂਦੇ ਐ, ਸ਼੍ਰੀਲੰਕਾ ਆਲੇ ਸੈੱਟ ਕਰਵਾਈ ਜਾਂਦੇ ਐ, ਅਮਰੀਕਾ ਵਾਲੇ ਲੈ ਜਾਈ ਜਾਂਦੇ ਐ...ਕੀ ਕਰੇ ਮੇਰਾ ਮੁੰਡਾ ਬੇਚਾਰਾ! ਫਿਰ ਹੋਈ ਨਾ ਉਹੀ ਗੱਲ ਬਈ ਮਰੇ ਭੂੰਡ ਨੂੰ ਕੀੜੀਆਂ ਕਿੱਦਾਂ ਚਿੰਬੜੀਆਂ ਫਿਰਦੀਆਂ।

ਜਿਹੜਾ ਕੈਨੇਡਾ ਮੈਂ ਲਿਬਰਲ ਬਣਾਇਆ ਸੀ, ਉਹ ਤਾਂ ਹੁਣ ਕਿਤੇ ਦਿਸਦਾ ਈ ਨਹੀਂ। 1970 ਵਿੱਚ ਮੈਂ ਤਾਂ 'ਵੌਰ ਮੈਯਰਜ਼ ਐਕਟ' ਵੀ ਲਾਗੂ ਕਰਤਾ ਸੀ ਤੇ ਕਿਸੇ ਨੂੰ ਚੂੰ ਨਹੀਂ ਸੀ ਕਰਨ ਦਿੱਤੀ। ਵੱਖੀਆਂ ਸੁਜਾ ਦਿੱਤੀਆਂ ਸੀ ਮੈਂ। ਮੈਂ ਤਾਂ ਸਾਰੀਆਂ ਸਿਵਿਲ ਲਿਬਰਟੀਜ਼ ਸਸਪੈਂਡ ਕਰਤੀਆਂ ਸੀ ਤੇ ਮਿਲਟਰੀ ਸੱਦ ਲਈ ਸੀ। ਜਦੋਂ ਮੀਡੀਆ ਨੇ ਮੈਨੂੰ ਪੁੱਛਿਆ ਕਿ ਕਿਸ ਪੱਧਰ ਤੱਕ ਜਾਓਗੇ, ਤਾਂ ਮੈਂ ਕਿਹਾ ਸੀ ਦੇਖਦੇ ਜਾਓ! ਤੇ ਆਹ ਮੇਰੇ ਮੁੰਡੇ ਕੋਲੋਂ ਔਟਵਾ ਦੇ ਕੌਨਵੌਇ ਦੀ ਸਫਾਈ ਵੀ ਚੱਜ ਨਾਲ ਨਾ ਹੋਈ।

ਰਿਸ਼ੀ ਬਾਬੂ, ਮੈਨੂੰ ਪਤਾ ਲੱਗਿਆ ਕਿ ਤੇਰੇ ਮਾਤਾ ਜੀ ਚੱਲ ਵਸੇ ਨੇ ਕੈਨੇਡਾ ਆਉਣ ਦੀ ਉਡੀਕ ਵਿੱਚ। ਮੈਨੂੰ ਅਫਸੋਸ ਐ ਵੈਸੇ। ਕਿਸੇ ਦੇ ਵੀ ਮਾਪੇ ਦਾ ਜਾਣਾ ਬਹੁਤ ਦੁਖਦਾਈ ਹੁੰਦੈ। ਪਰ ਮੈਂ ਤੈਨੂੰ ਪੁੱਛਦਾਂ...ਤੈਨੂੰ ਕਿਹਨੇ ਕਿਹਾ ਸੀ ਉਹਨਾਂ ਨੂੰ ਇਕੱਲਿਆਂ ਛੱਡ ਕੇ ਆ? ਨਾ ਆਉਂਦਾ। ਓਦੋਂ ਤਾਂ ਅਖੰਡ ਪਾਠ ਕਰਵਾਇਆ ਸੀ ਜਦੋਂ ਵੀਜ਼ਾ ਲੱਗ ਗਿਆ ਸੀ। ਤੈਨੂੰ ਓਦੋਂ ਨਹੀਂ ਸੀ ਪਤਾ ਬੇਬੇ-ਬਾਪੂ ਨੂੰ ਪਿਛੇ ਛੱਡ ਕੇ ਚੱਲਿਆਂ? ਹੁਣ ਕਹੀ ਜਾਨੈਂ ਕਿ ਵੀਜ਼ਾ ਨਹੀਂ ਮਿਲਿਆ। ਤੇਰੇ ਵਰਗੇ ਕਹੀ ਜਾਂਦੇ ਐ ਕਿ ਪਹਿਲਾਂ ਸਾਡੇ ਬੇਬੇ ਬਾਪੂ ਲਿਆਓ ਤੇ ਮਗਰੋਂ ਜਦੋਂ ਉਹ ਆ ਜਾਂਦੇ ਐ ਤਾਂ ਕਹਿਣ ਲੱਗ ਪੈਂਦੇ ਐ ਕਿ ਉਹਨਾਂ ਨੂੰ ਪੈਂਸ਼ਨਾਂ ਵੀ ਦਿਉ। ਟਕੇ ਦਾ ਕੰਮ ਤੁਸੀਂ ਕਨੇਡਾ ਲਈ ਕੀਤਾ ਨਹੀਂ ਤੇ ਭਾਲਦੇ ਓ ਪੈਂਸ਼ਨਾਂ। ਕਾਹਦੀਆਂ ਭਲਾ? ਤੁਹਾਡਾ ਆਪਣਾ ਮੁਲਕ ਦਿੰਦੈ ਪੈਂਸ਼ਨਾਂ ਤੁਹਾਨੂੰ?

ਆਹ ਹੁਣ ਇਕ ਉਹਨੇ ਨਵਾਂ ਪੰਗਾ ਲੈ ਲਿਐ - ਅਖੇ ਕੈਪਿਟਲ ਗੇਨ ਟੈਕਸ। ਮੈਨੂੰ ਬ੍ਰਾਇਨ ਮਲਰੋਨੀ ਦੱਸਦਾ ਸੀ ਕਿ ਇਹ ਕੰਮ ਉਹਨੇ ਗ਼ਲਤ ਕਰ ਲਿਐ ਤੇ ਉਹਨੂੰ ਇਹਦਾ ਭੁਗਤਾਨ ਕਰਨਾ ਪਊ। ਪਈ ਜਿਹੜੇ ਲੋਕ ਟੈਕਸ ਦੇਣ ਮਗਰੋਂ ਬਚਦੀ ਰਕਮ ਵਿੱਚੋਂ ਪਾਈ-ਪਾਈ ਜੋੜ ਕੇ ਕੋਈ ਜ਼ਮੀਨ ਦਾ ਟੁਕੜਾ ਮੁੱਲ ਲੈ ਲੈਂਦੇ ਐ ਤੇ ਸਾਲਾਂ ਬਾਦ ਉਹਦਾ ਮੁੱਲ ਵਧ ਜਾਂਦੈ, ਉਹਦੇ ਬਣੇ ਪ੍ਰੌਫਿਟ 'ਤੇ ਵੀ ਇਹਨੇ ਟੈਕਸ ਠੋਕਤਾ। ਮੇਰਾ ਮੁੰਡਾ ਵੀ ਵੈਸੇ ਨਿਰਾ ਸ਼ਨਿੱਚਰ ਈ ਨਿੱਕਲਿਐ। ਮੈਂ ਮਲਰੋਨੀ ਨੂੰ ਪੁੱਛਿਆ, ਇਹਨੂੰ ਐਹੋ ਜਿਹੀਆਂ ਘੁਣਤਰੀਆਂ ਦੱਸਦਾ ਕੌਣ ਐ? ਮੈਨੂੰ ਮਲਰੋਨੀ ਕਹਿੰਦਾ ਉਹਦੀ ਫਾਇਨੈਂਸ ਮਨਿਸਟਰ ਹੀ ਦੱਸਦੀ ਹੋਊ। ਮੈਂ ਕਿਹਾ - ਉਹਨੂੰ ਦਾ ਸਾਤੇ ਦਾ ਪਹਾੜਾ ਨੀ ਆਉਂਦਾ ਆਪ ਨੂੰ, ਉਹ ਕੀ ਦੱਸੂ ਇਹਨੂੰ। ਉਹ ਤਾਂ ਆਪ ਬਿਜਲੀ ਦਾ ਬਿਲ ਪੜ੍ਹਵਾਉਣ ਲਈ ਮੇਰੇ ਮੁੰਡੇ ਕੋਲ ਆ ਜਾਂਦੀ ਐ - ਅਖੇ ਦੱਸੀਂ 'ਮਿਨੀ ਪੈੱਟ' ਏਸ ਵਾਰ ਦਾ ਬਿਜਲੀ ਬਿਲ ਕਿੰਨਾ ਆਇਆ ਭਲਾ? ਰਿਸ਼ੀ ਤੈਨੂੰ ਇਕ ਗੱਲ ਹੋਰ ਦੱਸਾਂ? - ਚੀਨੇ ਮੇਰੇ ਮੁੰਡੇ ਨੂੰ ਆਲੂ ਕਹਿੰਦੇ ਐ। ਦਰਅਸਲ 'ਆਲੂ' ਨੂੰ ਚੀਨੀ ਭਾਸ਼ਾ ਵਿੱਚ 'ਟਿਊਡੋ' ਕਹਿੰਦੇ ਐ। ਇਹਦਾ ਨਾਮ ਮਿਲਦਾ ਜੁਲਦਾ ਹੋਣ ਕਰਕੇ ਉਹਨਾਂ ਨੇ ਇਹਦਾ ਨਾਮ ਆਲੂ ਪਾ ਛੱਡਿਐ। ਲਾਹਨਤੀ ਕਿਸੇ ਥਾਂ ਦੇ।

ਅੱਛਾ, ਗੱਲ ਸੁਣ ਹੁਣ ਮੇਰੀ ਕੰਨ ਕਰ ਕੇ। ਮੇਰੇ ਮੁੰਡੇ ਤੱਕ ਗੱਲ ਪਹੁੰਚਾਉ ਕਿ ਉਹ ਮੱਝ ਮੋੜੇ ਆਪਣੀ। ਜਾ ਰਹੀ ਐ ਛਪੜੀ ਵਿੱਚ। ਜੇ ਨਹੀਂ ਰੁਕਦੀ ਤਾਂ ਨਾ ਸਹੀ ਪਰ ਕਿਸੇ ਤਰ੍ਹਾਂ ਆਪਣੀ ਜਾਨ ਬਚਾਵੇ ਤੇ ਮਾਰ ਕੇ ਛਾਲ ਲਾਂਭੇ ਹੋਵੇ। ਤੈਨੂੰ ਤੇਰੇ ਬਾਪ ਨੇ ਬਚਾਇਆ ਸੀ ਪਰ ਮੈਂ ਉਹਨੂੰ ਬਚਾਉਣ ਨਹੀਂ ਜਾ ਸਕਦਾ। ਮੈਂ ਇਧਰ ਬੈਠਾਂ ਬਹੁਤ ਪਰੇਸ਼ਾਨ ਵਾਂ ਕਿ ਉਹਦਾ ਮਾਊਥ ਔਰਗਨ ਹੀ ਖੋਹ ਲਵੋ ਤਾਂ ਕਿ ਉਹ ਹੋਸ਼ ਵਿੱਚ ਆਵੇ। ਬਾਕੀ ਉਹਦੇ ਨਾਲ ਪਿਆਰ ਨਾਲ ਰਹੋ, ਮੇਰਾ ਮੁੰਡਾ ਏਡਾ ਵੀ ਮਾੜਾ ਨਹੀਂ।

ਚੰਗਾ ਫੇਰ ਕਦੀ ਸਹੀ,

ਤੁਹਾਡਾ,
ਪੀਅਰ ਟਰੂਡੋ!

## ਜੰਗਲੀ ਅੱਗਾਂ ਕਾਰਨ ਹੋਰਨਾਂ ਥਾਵਾਂ ਤੇ ਰਹਿਣ ਲਈ ਮਿਲੇਗਾ 200 ਡਾਲਰ ਪ੍ਰਤੀ ਰਾਤ ਮੁਆਵਜ਼ਾ

ਵੈਨਕੂਵਰ (ਪੰਜਾਬੀ ਅਖ਼ਬਾਰ ਬਿਊਰੋ) ਬ੍ਰਿਟਿਸ਼ ਕੋਲੰਬੀਆ ਸੂਬੇ ਦੇ ਉਹ ਲੋਕ ਜਿਨਾਂ ਨੂੰ ਜੰਗਲੀ ਅੱਗਾਂ ਕਾਰਨ ਆਪਣੇ ਘਰ ਛੱਡ ਕੇ ਸੁਰੱਖਿਅਤ ਥਾਵਾਂ ਤੇ ਜਾ ਕੇ ਰਹਿਣਾ ਪੈਂਦਾ ਹੈ ਉਹ ਹੁਣ ਬਾਹਰ ਰਹਿਣ ਲਈ ਪ੍ਰਤੀ ਰਾਤ 200 ਡਾਲਰ ਦੇ ਮੁਆਵਜ਼ੇ ਦੇ ਯੋਗ ਹਨ ਇਹ ਐਲਾਨ ਬ੍ਰਿਟਿਸ਼ ਕੋਲੰਬੀਆ ਦੇ ਐਮਰਜੈਂਸੀ ਮੈਨੇਜਮੈਂਟ ਮੰਤਰੀ ਬੌਵਿਨ ਮਾ ਨੇ ਦੱਸਿਆ ਕਿ ਜਿਸ ਤਰਾਂ ਪਿਛਲੇ ਸਾਲ ਜੰਗਲੀ ਅੱਗਾਂ ਦੇ ਰਿਕਾਰਡ ਟੁੱਟੇ ਸਨ ਉਸ ਨੂੰ ਧਿਆਨ ਵਿੱਚ ਰੱਖਦਿਆਂ ਹੋਇਆ ਹੁਣ ਆਪਣੇ ਘਰ ਛੱਡ ਕੇ ਸੁਰੱਖਿਤ ਥਾਵਾਂ ਤੇ ਜਾਣ ਵਾਲੇ ਲੋਕ ਆਪਣੀ ਪਸੰਦ ਦੀ ਠਾਹਰ ਲੱਭ ਸਕਦੇ ਹਨ ਅਤੇ ਉਹਨਾਂ ਨੂੰ ਇੰਟਰੈਕ ਈ ਟਰਾਂਸਫਰ ਰਾਹੀਂ ਮੁਆਵਜ਼ਾ ਮਿਲ ਜਾਵੇਗਾ ਹਾਲਾਂਕਿ ਉਹਨਾਂ ਨਾਲ ਹੀ ਆਖਿਆ ਕਿ ਆਪਣੇ ਘਰ ਬਾਰ ਛੱਡਣ ਵਾਲੇ ਲੋਕ ਅਜੇ ਵੀ ਐਮਰਜੈਂਸੀ ਸੇਵਾਵਾਂ ਰਾਹੀਂ ਰਹਿਣ ਵਾਲੀਆਂ ਥਾਵਾਂ ਤੇ ਜਾ ਸਕਦੇ ਹਨ ਅਤੇ ਈ ਟਰਾਂਸਫਰ ਸਿਰਫ ਇੱਕ ਬਦਲਵਾਂ ਪ੍ਰਬੰਧ ਹੈ ਕਿ ਉਹ ਲੋਕ ਜੋ ਆਪਣੀ ਪਸੰਦ ਦੇ ਥਾਂ ਤੇ ਜਾਣਾ ਚਾਹੁੰਦੇ ਹਨ ਉਹਨਾਂ ਨੂੰ ਇਹ ਮੁਆਵਜ਼ਾ ਮਿਲ ਜਾਵੇਗਾ ਇਹ ਮੁਆਵਜ਼ਾ ਲੈਣ ਲਈ ਆਨਲਾਈਨ ess.gov.bc.ca 'ਤੇ ਜਾਕੇ ਅਪਲਾਈ ਕੀਤਾ ਜਾ ਸਕਦਾ ਹੈ।









# ਭਾਰਤ ਦੀ ਰਾਜਨੀਤੀ ਵਿੱਚੋਂ ਮੁਸਲਮਾਨਾਂ ਦਾ ਚੌਂਕੀਦਾਰਾ ਲਗਭਗ ਮਾਫ

## ਮੁਸਲਮਾਨਾਂ ਦੇ ਆਰਥਿਕ, ਸਮਾਜਿਕ ਅਤੇ ਵਿੱਦਿਅਕ ਪੱਛੜੇਪਣ ਨੂੰ ਦੂਰ ਕਰਨ ਲਈ ਨੌਜਵਾਨ ਪ੍ਰਸ਼ਾਸਨਿਕ ਸੇਵਾਵਾਂ ਦਾ ਹਿੱਸਾ ਬਨਣ



ਮੁਹੰਮਦ ਜਮੀਲ ਐਡਵੋਕੇਟ
ਗਰੀਨ ਟਾਊਨ, ਕਿਲਾ ਰਹਿਮਤਗੜ੍ਹ
ਤਹਿਸੀਲ ਵਾ ਜ਼ਿਲ੍ਹਾ ਮਲੇਰਕੋਟਲਾ
ਸੰਪਰਕ: 9417969547

**ਨਾ ਖੁਦਾ ਹੀ ਮਿਲਾ ਨਾ ਵਿਸਾਲ-ਏ-ਸਨਮ, ਨਾ ਇਧਰ ਕੇ ਰਹੇ ਨਾ ਉਧਰ ਕੇ ਰਹੇ**

ਮਸ਼ਹੂਰ ਕਹਾਵਤ ਹੈ ਨਾ ਖੁਦਾ ਹੀ ਮਿਲਾ ਨਾ ਵਿਸਾਲ-ਏ-ਸਨਮ, ਨਾ ਇਧਰ ਕੇ ਰਹੇ ਨਾ ਉਧਰ ਕੇ ਰਹੇ ਅੱਜ ਮੇਰੀ ਕੌਮ ਦੀ ਹਾਲਤ ਵੀ ਇਸ ਕਹਾਵਤ ਦੀ ਤਰ੍ਹਾਂ ਹੀ ਹੋ ਗਈ ਹੈ। ਬਹੁਤ ਹੀ ਅਫਸੋਸ ਨਾਲ ਕਹਿਣਾ ਪੈ ਰਿਹਾ ਹੈ ਕਿ ਮੇਰੀ ਮੁਸਲਿਮ ਕੌਮ ਨਾ ਤਾਂ ਆਪਣੇ ਧਰਮ ਦੀ ਸਿੱਖਿਆ ਅਤੇ ਨਾ ਹੀ ਦੁਨਿਆਵੀ ਸਿੱਖਿਆ ਉੱਤੇ ਮੁਕੰਮਲ ਅਮਲ ਕਰ ਸਕੀ।

ਭਾਰਤ ਦੇ ਮੁਸਲਮਾਨਾਂ ਦਾ ਜੀਵਨ ਪੱਧਰ ਅੱਜ ਐਸਸੀ, ਐਸਟੀ ਨਾਲੋਂ ਵੀ ਹੇਠ ਜਾ ਚੁੱਕਾ ਹੈ ਪਰੰਤੂ ਉਸਨੂੰ ਬਿਲਕੁਲ ਵੀ ਅਹਿਸਾਸ ਨਹੀਂ ਹੈ ਕਿ ਉਹ ਕਿਸ ਹੱਦ ਤੱਕ ਪੱਛੜ ਚੁੱਕਾ ਹੈ। 2006 ਵਿੱਚ ਗਠਿਤ ਕੀਤੀ ਸੱਚਰ ਕਮੇਟੀ ਦੀ ਰਿਪੋਰਟ ਦੀਆਂ ਸਿਫਾਰਸ਼ਾਂ ਵਿੱਚ ਸਾਫ ਦਰਜ ਹੈ ਕਿ ਭਾਰਤ ਦਾ ਮੁਸਲਮਾਨ ਆਰਥਿਕ, ਸਮਾਜਿਕ ਅਤੇ ਵਿਦਿਅਕ ਪੱਖੋਂ ਬੇਹੱਦ ਪੱਛੜ ਚੁੱਕਾ ਹੈ ਇਸ ਵਰਗ ਵੱਲ ਖਾਸ ਧਿਆਨ ਦੇਣ ਦੀ ਲੋੜ ਹੈ। ਪਰੰਤੂ 18 ਸਾਲ ਬੀਤ ਜਾਣ 'ਤੇ ਵੀ ਸਰਕਾਰਾਂ ਨੇ ਇਸ ਰਿਪੋਰਟ ਵੱਲ ਕੋਈ ਧਿਆਨ ਨਹੀਂ ਦਿੱਤਾ ਅਤੇ ਮੁਸਲਿਮ ਵਰਗ ਦੀ ਹਾਲਤ ਬਦ ਤੋਂ ਬਦਤਰ ਹੁੰਦੀ ਚਲੀ ਗਈ, ਅੱਜ ਮੁਸਲਮਾਨ ਬਿਨ੍ਹਾਂ ਕਮਾਂਡਰ ਤੋਂ ਲੜਨ ਵਾਲੀ ਫੌਜ ਬਣਕੇ ਰਹਿ ਗਏ ਹਨ, ਕੋਈ ਕੌਮ ਪ੍ਰਸਤ ਆਗੂ ਇਸ ਕੋਲ ਨਹੀਂ ਹੈ, ਆਏ ਦਿਨ ਵੱਖ-ਵੱਖ ਸਿਆਸੀ ਪਾਰਟੀਆਂ ਸਬਜ਼ਬਾਗ ਦਿਖਾਕੇ ਵੋਟਾਂ ਬਟੋਰ ਲੈ ਜਾਂਦੀਆਂ ਹਨ। 2014 ਤੋਂ ਭਾਜਪਾ ਦੀ ਸਰਕਾਰ ਨੇ ਭਾਰਤ ਦੀ ਰਾਜਤੀਤੀ ਵਿੱਚੋਂ ਮੁਸਲਮਾਨਾਂ ਦਾ ਚੌਂਕੀਦਾਰਾ ਲੱਗਭਗ ਮਾਫ ਕਰ ਦਿੱਤਾ ਹੈ ਯਾਨੀ ਮੁਸਲਮਾਨਾਂ ਨੂੰ ਸਿਆਸੀ ਹਲਕਿਆਂ ਵਿੱਚੋਂ ਬਿਲਕੁਲ ਬਾਹਰ ਧਕੇਲ ਦਿੱਤਾ ਹੈ। ਬੀਜੇਪੀ ਗਠਜੋੜ ਨੇ 2024 'ਚ ਤੀਸਰੀ ਵਾਰ ਬਣਾਈ ਸਰਕਾਰ ਦੇ ਕੈਬਿਨਟ 'ਚ 72 ਮੰਤਰੀਆਂ ਨੇ ਸਹੁੰ ਚੁੱਕੀ। ਅਫਸੋਸ ਨਾਲ ਕਹਿਣਾ ਪੈ ਰਿਹਾ ਹੈ ਕਿ ਦੇਸ਼ ਦੇ 40 ਕਰੋੜ ਮੁਸਲਮਾਨਾਂ ਦੀ ਪ੍ਰਤੀਨਿਧਤਾ ਕਰਨ ਲਈ ਇੱਕ ਵੀ ਮੁਸਲਿਮ ਮੰਤਰੀ ਨਹੀਂ ਬਣਾਇਆ ਗਿਆ। ਅਜਿਹੇ ਵਿੱਚ ਮੁਸਲਿਮ ਵਰਗ ਦੇ ਧਾਰਮਿਕ ਮਾਮਲਿਆਂ ਲਈ ਕੋਈ ਸਲਾਹਕਾਰ ਵੀ ਨਹੀਂ ਹੋਵੇਗਾ। ਜਿਵੇਂ ਪਿਛਲੇ ਦਿਨੀਂ ਘੱਟਗਿਣਤੀ ਮਾਮਲਿਆਂ ਦੀ ਮੰਤਰੀ ਸਮ੍ਰਿਤੀ ਇਰਾਨੀ ਨੇ ਹੀ ਸਾਊਦੀ ਅਰਬ ਜਾ ਕੇ ਹੱਜ ਸਬੰਧੀ ਸਮਝੌਤੇ 'ਤੇ ਦਸਤਖਤ ਕੀਤੇ। ਕਿਸੇ ਗੈਰ-ਮੁਸਲਿਮ ਨੂੰ ਮੁਸਲਮਾਨਾਂ ਦੇ ਧਾਰਮਿਕ ਰੀਤੀ ਰਿਵਾਜ਼, ਪ੍ਰੰਪਰਾਵਾਂ, ਸੱਭਿਆਚਾਰ ਬਾਰੇ ਕੀ ਜਾਣਕਾਰੀ ਹੋਵੇਗੀ? ਇਤਿਹਾਸ ਗਵਾਹ ਹੈ ਕਿ ਅਫਗਾਨਿਸਤਾਨ ਵਿੱਚ ਸਿੱਖਾਂ, ਹਿੰਦੂਆਂ ਸਮੇਤ ਗੈਰ-ਮੁਸਲਿਮ ਅਬਾਦੀ ਕੁਝ ਕੁ ਸੈਂਕੜਿਆਂ ਵਿੱਚ ਹੀ ਹੈ। ਤਾਲਿਬਾਨ ਸਰਕਾਰ ਜਿਸ ਨੂੰ ਦੁਨੀਆ ਸਖਤ ਫੈਸਲੇ ਲੈਣ ਵਾਲੀ ਤਾਨਾਸ਼ਾਹ ਸਰਕਾਰ ਮੰਨਦੀ ਹੈ ਨੇ ਇੱਕ ਸਿੱਖ ਧਰਮ ਨਾਲ ਸਬੰਧਤ ਮੰਤਰੀ ਸਰਕਾਰ ਵਿੱਚ ਲਿਆ ਹੈ ਤਾਂ ਜੋ ਆਪਣੇ ਧਾਰਮਿਕ ਰੀਤੀ ਰਿਵਾਜ, ਪ੍ਰੰਪਰਾਵਾਂ ਅਤੇ ਸੱਭਿਆਚਾਰ ਦੀ ਬਿਹਤਰ ਤਰੀਕੇ ਨਾਲ ਪ੍ਰਤੀਨਿਧਤਾ ਕਰ ਸਕੇ। ਇਸੇ ਤਰ੍ਹਾਂ ਪਾਕਿਸਤਾਨ ਵਿੱਚ ਹਮੇਸ਼ਾ ਤੋਂ ਇੱਕ ਗੈਰ-ਮੁਸਲਿਮ ਮੰਤਰੀ ਆਪਣੇ ਸਮਾਜ ਦੇ ਲੋਕਾਂ ਦੀ ਨੁਮਾਇੰਦਗੀ ਲਈ ਬਣਾਇਆ ਜਾਂਦਾ ਹੈ।

ਮੇਰੀ ਕੌਮ ਦੇ ਨੌਜਵਾਨੋਂ ਸਮਾਂ ਰਹਿੰਦੇ ਜਾਗ ਜਾਓ! ਜ਼ਮਾਨਾ ਤੁਹਾਨੂੰ ਅਨਪੜ੍ਹ, ਗੰਵਾਰ ਅਤੇ ਜ਼ਾਹਿਲ ਦੇਖਣਾ ਚਾਹੁੰਦਾ ਹੈ। ਤੁਹਾਨੂੰ ਸਰਕਾਰ ਅਤੇ ਸਿਸਟਮ ਦਾ ਹਿੱਸਾ ਨਹੀਂ ਬਣਾਉਣਾ ਚਾਹੁੰਦਾ। ਕਸ਼ਮੀਰ ਤੋਂ ਲੈ ਕੇ ਕੰਨਿਆਕੁਮਾਰੀ ਤੱਕ, ਨੇਪਾਲ ਦੀ ਸੀਮਾ ਤੋਂ ਲੈ ਕੇ ਰਾਜਸਥਾਨ ਦੀ ਸੀਮਾ ਤੱਕ ਦੁਕਾਨਦਾਰ, ਮਜ਼ਦੂਰ, ਵਪਾਰੀ, ਕਿਸਾਨ ਅਤੇ ਮੱਝਾਂ ਚਰਾਉਣ ਵਾਲੇ ਹਰ ਮੁਸਲਮਾਨ ਨੂੰ ਅੱਜ ਇਹ ਸਮਝ ਲੈਣਾ ਚਾਹੀਦਾ ਹੈ ਕਿ ਜ਼ਿੰਦਗੀ ਦੀ ਹਰ ਤੰਗੀ ਬਰਦਾਸ਼ਤ ਕਰਕੇ ਵੀ ਆਪਣੇ ਬੱਚਿਆਂ ਨੂੰ ਚੰਗੀ ਸਿੱਖਿਆ ਦੇਣੀ ਲਾਜ਼ਮੀ ਹੈ। ਦੁਨੀਆ ਦਾ ਕੋਈ ਦੇਸ਼, ਕੌਮ, ਕਬੀਲਾ ਬਿਨ੍ਹਾਂ ਸਿੱਖਿਆ ਤੋਂ ਤਰੱਕੀ ਨਹੀਂ ਕਰ ਸਕਦਾ। ਮੈਂ ਆਪਣੇ ਨੌਜਵਾਨਾਂ ਨੂੰ ਬੇਨਤੀ ਕਰਦਾ ਹਾਂ ਕਿ ਆਪਣੇ ਧਰਮ ਦੀਆਂ ਸਿੱਖਿਆਵਾਂ ਨੂੰ ਮਜ਼ਬੂਤੀ ਨਾਲ ਸਿੱਖੋ, ਨਮਾਜ਼ੀ ਬਣੋ, ਮਸਜਿਦਾਂ ਨਾਲ ਜੁੜੋ ਅਤੇ ਮਸਜਿਦਾਂ ਦੇ ਰਾਹੀਂ ਹੀ ਨੌਜਵਾਨਾਂ ਨੂੰ ਇਹ ਦਾਅਵਤ ਵੀ ਦੇਵੋ। ਜਿਵੇਂ-ਜਿਵੇਂ ਦੁਨੀਆ ਐਡਵਾਂਸ ਹੋਣ ਦੇ ਨਾਂਅ 'ਤੇ ਅੱਗੇ ਵਧ ਰਹੀ ਹੈ ਅਤੇ ਆਪਣੇ ਆਪ ਨੂੰ ਕਾਮਯਾਬ ਸਮਝ ਰਹੀ ਹੈ, ਤੁਸੀਂ ਇਸਦੇ ਬਿਲਕੁਲ ਉਲਟ 1400 ਸਾਲ ਪਿੱਛੇ ਚਲੇ ਜਾਵੋ। ਆਪਣੇ ਆਪ ਨੂੰ ਅੱਲ੍ਹਾ ਦੇ ਰਸੂਲ (ਸਲ.) ਦੀ ਜ਼ਿੰਦਗੀ ਦੇ ਮੁਤਾਬਿਕ ਢਾਲ ਲਵੋ, ਇਨਸ਼ਾ ਅੱਲ੍ਹਾ! ਦੁਨੀਆ ਅਤੇ ਆਖਰਤ ਦੀ ਕਾਮਯਾਬੀ ਤੁਹਾਨੂੰ ਜ਼ਰੂਰ ਮਿਲੇਗੀ। ਇੱਕ ਨੇਕ ਇਨਸਾਨ ਬਣਕੇ ਨਾਲ-ਨਾਲ ਪ੍ਰਸ਼ਾਸਨਿਕ ਸੇਵਾਵਾਂ ਦਾ ਹਿੱਸਾ ਬਣੋ, ਯੂਪੀਐਸਸੀ, ਸਟੇਟ ਸਿਵਲ ਸਰਵਿਸਿਜ, ਸਿਵਲ ਸੇਵਾਵਾਂ ਨਿਆਂਇਕ ਦਾ ਹਿੱਸਾ ਬਣੋ। ਦੂਜਿਆਂ ਵਿੱਚ ਗਲਤੀਆਂ ਕੱਢਕੇ ਨਿਜ਼ਾਮ ਨਹੀਂ ਬਦਲੇਗਾ। ਇੰਜਨੀਅਰ, ਡਾਕਟਰ, ਸੀਏ ਬਣਕੇ ਆਪਣੀ ਨਿੱਜੀ ਜ਼ਿੰਦਗੀ ਤਾਂ ਸੁਖਾਲੀ ਕਰ ਸਕਦੇ ਹੋ ਪਰੰਤੂ ਆਪਣੀ ਕੌਮ ਦਾ ਜੀਵਨ ਪੱਧਰ ਉੱਚਾ ਨਹੀਂ ਚੁੱਕ ਸਕਦੇ। ਆਪ ਤਸੱਵਰ ਕਰੋ ਕਿ ਜਦੋਂ ਇੱਕ ਸੱਚਾ ਮੁਸਲਮਾਨ ਤਹਿਸੀਲ, ਥਾਣੇ, ਹਸਪਤਾਲ, ਨਗਰ ਕੌਂਸਲ ਦਫਤਰ, ਅਦਾਲਤ ਵਿੱਚ ਮੁਲਾਜ਼ਮ ਹੋਵੇਗਾ ਤਾਂ ਉਹ ਭ੍ਰਿਸ਼ਟਾਚਾਰ ਨਹੀਂ ਕਰੇਗਾ, ਲੋਕਾਂ ਦੇ ਕੰਮਾਂ ਲਈ ਟਾਲਮਟੋਲ ਨਹੀਂ ਕਰੇਗਾ, ਸਮੇਂ ਸਿਰ ਦਫਤਰ ਆਵੇਗਾ, ਸਭ ਨੂੰ ਸਨਮਾਣ ਦੇਵੇਗਾ ਆਦਿ ਜਿਹੇ ਅਖਲਾਕੀ ਅਮਲਾਂ ਨਾਲ ਦਫਤਰਾਂ ਦਾ ਨਿਜ਼ਾਮ ਬਦਲ ਜਾਵੇਗਾ, ਇਸ ਤਰ੍ਹਾਂ ਹੌਲੀ-ਹੌਲੀ ਹਰ ਸੂਬੇ ਅਤੇ ਦੇਸ਼ ਅੰਦਰ ਇੱਕ ਸਾਫ ਸੁਥਰਾ ਪ੍ਰਸ਼ਾਸਨ ਅਮਲ ਵਿੱਚ ਆਵੇਗਾ। ਜੇਕਰ ਅਦਾਲਤਾਂ ਵਿੱਚ ਜੱਜ, ਸ਼ਹਿਰਾਂ ਵਿੱਚ ਐਸਡੀਐਮ, ਤਹਿਸੀਲਦਾਰ, ਡਿਪਟੀ ਕਮਿਸ਼ਨਰ, ਐਸਐਸਪੀ ਤੁਹਾਡੇ ਹੋਣਗੇ ਤਾਂ ਕਿਵੇਂ ਸੂਬੇ ਅਤੇ ਦੇਸ਼ ਦੀ ਤਰੱਕੀ ਅਤੇ ਖੁਸ਼ਹਾਲੀ ਵਿੱਚ ਤੁਹਾਡਾ ਵੱਡਮੁੱਲਾ ਯੋਗਦਾਨ ਹੋਵੇਗਾ ਅਤੇ ਤੁਹਾਡੀ ਕੌਮ ਵੀ ਖੁਸ਼ਹਾਲ ਹੋਵੇਗੀ। ਵਰਨਾ ਬੇਈਮਾਨ, ਰਿਸ਼ਵਤਖੋਰ, ਝੂਠੇ, ਦੂਜਿਆਂ ਦੇ ਹੱਕ ਮਾਰਨ ਵਾਲੇ ਅਖੌਤੀ ਮੁਸਲਮਾਨ ਤਾਂ ਪਹਿਲਾਂ ਵੀ ਸਿਸਟਮ ਵਿੱਚ ਬੇਸ਼ੁਮਾਰ ਹਨ।




# ਸਰੀਰਕ, ਮਾਨਸਿਕ ਤੇ ਅਧਿਆਤਮਕ ਵਿਕਾਸ ਦੀ ਤ੍ਰਿਵੇਣੀ ਹੈ : ਯੋਗਾ

ਪ੍ਰੋ. ਪਰਮਜੀਤ ਸਿੰਘ
ਨਿੱਕੇ ਘੁੰਮਣ

ਯੋਗਾ ਦੇ ਜਾਣਕਾਰ ਦੱਸਦੇ ਹਨ ਕਿ ਯੋਗਾ ਕੇਵਲ ਸਰੀਰਕ ਜਾਂ ਮਾਨਸਿਕ ਵਿਕਾਸ ਲਈ ਹੀ ਜ਼ਰੂਰੀ ਨਹੀਂ ਹੈ ਸਗੋਂ ਅਧਿਆਤਮਕ ਸਕੂਨ, ਸਥਿਰਤਾ, ਇਕਾਗਰਤਾ ਅਤੇ ਅਨੰਦ ਲਈ ਵੀ ਇਹ ਲਾਜ਼ਮੀ ਹੈ। ਵਿਦਵਾਨਾਂ ਅਨੁਸਾਰ ਯੋਗਾ ਦਾ ਸਰਲ ਅਰਥ 'ਯੋਗ ਭਾਵ ਜੋੜ' ਹੈ। ਇਹ ਜੋੜ 'ਸ਼ਰੀਰ ਦਾ ਸਿਹਤ ਨਾਲ, ਮਨ ਦਾ ਦ੍ਰਿੜਤਾ ਨਾਲ ਤੇ ਸੁਰਤ ਦਾ ਇਕਾਗਰਤਾ ਨਾਲ ਤੇ ਆਤਮਾ ਦਾ ਉਸ ਖੰਡਾਂ-ਬ੍ਰਹਿਮੰਡਾਂ ਦੇ ਮਾਲਕ ਪਰਮਾਤਮਾ' ਨਾਲ ਹੈ। ਜਦੋਂ ਇਕ ਤੰਦਰੁਸਤ ਸਰੀਰ, ਦ੍ਰਿੜ ਸੰਕਲਪ ਮਨ ਅਤੇ ਇਕਾਗਰ ਸੁਰਤ ਪਰਮਾਤਮਾ ਦਾ ਧਿਆਨ ਕਰਦੇ ਹਨ ਤਾਂ ਉਸ ਅਨੰਤ ਨਾਲ ਇਕਮਿਕਤਾ ਦਾ ਅਹਿਸਾਸ ਸਹਿਜ ਹੀ ਹੋ ਜਾਂਦਾ ਹੈ। ਅੱਜ ਦੀ ਭੱਜ-ਦੌੜ ਭਰੀ ਦੁਨੀਆਂ ਦੇ ਅਨੇਕਾਂ ਮੁਲਕਾਂ ਵਿਚ ਤੰਦਰੁਸਤੀ ਲਈ ਅਪਣਾਇਆ ਗਿਆ ਯੋਗਾ ਹਜ਼ਾਰਾਂ ਸਾਲ ਪਹਿਲਾਂ ਭਾਰਤ ਦੇ ਰਿਸ਼ੀਆਂ-ਮੁਨੀਆਂ ਦੁਆਰਾ ਆਪਣੇ ਅਦਭੁੱਤ ਗਿਆਨ ਸਦਕਾ ਹੋਂਦ ਵਿਚ ਲਿਆਂਦਾ ਗਿਆ ਸੀ। ਸੰਨ 1893 ਵਿਚ ਜਦੋਂ ਸ਼ਿਕਾਗੋ ਵਿਖੇ ਧਰਮ ਸੰਸਦ ਆਯੋਜਿਤ ਕੀਤੀ ਗਈ ਸੀ ਤਾਂ ਭਾਰਤ ਦੇ ਪ੍ਰਤੀਨਿਧੀ ਬਣ ਕੇ ਪੁੱਜੇ ਸਵਾਮੀ ਵਿਵੇਕਾਨੰਦ ਨੇ ਯੋਗਾ ਦਾ ਜਿਕਰ ਛੇੜ ਕੇ ਵਿਸ਼ਵ ਮੰਚ 'ਤੇ ਯੋਗਾ ਨੂੰ ਵਿਸ਼ੇਸ਼ ਪਛਾਣ ਦਿਵਾਈ ਸੀ। ਉਸ ਤੋਂ ਬਾਅਦ ਵੱਖ-ਵੱਖ ਯੋਗਾ ਗੁਰੂਆਂ ਨੇ ਦੁਨੀਆਂ ਦੇ ਵੱਖ-ਵੱਖ ਮੁਲਕਾਂ ਵਿੱਚ ਯੋਗਾ ਦੀਆਂ ਜੜ੍ਹਾਂ ਲਗਾ ਦਿੱਤੀਆਂ ਸਨ। ਅੱਜ ਦੁਨੀਆਂ ਦਾ ਕੋਈ ਮੁਲਕ

ਅਜਿਹਾ ਨਹੀਂ ਹੈ ਜਿੱਥੇ ਯੋਗ ਆਸਣ ਅਤੇ ਯੋਗਾ ਬਾਰੇ ਚਰਚਾ ਨਾ ਹੁੰਦੀ ਹੋਵੇ। ਯੋਗਾ ਦਾ ਜਨਮ ਭਾਰਤ ਵਿਚ ਪੂਰਵ-ਵੈਦਿਕ ਕਾਲ ਵਿੱਚ ਹੋਇਆ ਸੀ। ਇਸਨੂੰ ਗਿਆਨ, ਕਰਮ ਤੇ ਭਗਤੀ ਦਾ ਸੁਮੇਲ ਦੱਸਿਆ ਗਿਆ ਹੈ। ਮਹਾਂਰਿਸ਼ੀ ਪਤੰਜਲੀ ਦਾ ਯੋਗਾ ਦੇ ਪ੍ਰਚਾਰ ਤੇ ਪ੍ਰਸਾਰ ਵਿਚ ਵੱਡਾ ਯੋਗਦਾਨ ਹੈ। ਉਨ੍ਹਾ ਨੇ ਯੋਗਾ ਦੇ ਆਸਨਾਂ ਤੇ ਸੂਤਰਾਂ ਨੂੰ ਕਲਮਬੱਧ ਕੀਤਾ ਸੀ ਤੇ ਆਪਣੇ ਚੇਲਿਆਂ ਰਾਹੀਂ ਅਸੰਖਾਂ ਲੋਕਾਂ ਨੂੰ ਯੋਗਾ ਦੇ ਲੜ ਲਾਇਆ ਸੀ। ਵਰਤਮਾਨ ਸਮੇਂ ਵਿਚ ਯੋਗਾ ਦਾ ਪ੍ਰਚਾਰ, ਪ੍ਰਸਾਰ ਤੇ ਕਾਰੋਬਾਰ ਕਰ ਰਹੇ ਬਾਬਾ ਰਾਮਦੇਵ ਦਾ ਮੰਨਣਾ ਹੈ ਕਿ ਯੋਗਾ ਦਾ ਮੁੱਖ ਮੰਤਵ 'ਰੋਗਮੁਕਤ ਸੰਸਾਰ' ਹੈ। ਬਾਬਾ ਰਾਮਦੇਵ ਨੂੰ ਇਹ ਸਿਹਰਾ ਜ਼ਰੂਰ ਜਾਂਦਾ ਹੈ ਕਿ ਉਸਨੇ ਯੋਗਾ ਨੂੰ ਘਰ-ਘਰ ਤੇ ਮੁਲਕ-ਮੁਲਕ ਵਿੱਚ ਪਹੁੰਚਾਉਣ ਲਈ ਵੱਡੇ ਉੱਦਮ ਅਤੇ ਉਪਰਾਲੇ ਕੀਤੇ ਹਨ। ਬਾਬਾ ਰਾਮਦੇਵ ਦੇ ਉੱਦਮ ਅਤੇ ਭਾਰਤ ਸਰਕਾਰ ਦੇ ਯਤਨਾਂ ਸਦਕਾ ਹੀ ਸੰਯੁਕਤ ਰਾਸ਼ਟਰ ਦੀ ਆਮ ਸਭਾ ਨੇ ਸੰਨ 2014 ਵਿਚ 'ਵਿਸ਼ਵ ਯੋਗਾ ਦਿਵਸ' ਮਨਾਏ ਜਾਣ ਦੀ ਪ੍ਰਵਾਨਗੀ ਦਿੱਤੀ ਸੀ ਤੇ ਸੰਨ 2015 ਵਿੱਚ ਪਹਿਲਾ 'ਵਿਸ਼ਵ ਯੋਗਾ ਦਿਵਸ' ਮਨਾਇਆ ਗਿਆ ਸੀ। ਪ੍ਰਧਾਨ ਮੰਤਰੀ ਸ੍ਰੀ ਨਰਿੰਦਰ ਮੋਦੀ ਨੇ 27 ਸਤੰਬਰ, ਸੰਨ 2014 ਨੂੰ ਸੰਯੁਕਤ ਰਾਸ਼ਟਰ ਵਿਖੇ ਆਪਣੇ ਸੰਬੋਧਨ ਦੌਰਾਨ 21 ਜੂਨ ਦਾ ਦਿਨ ਵਿਸ਼ਵ ਯੋਗਾ ਦਿਵਸ ਵਜੋਂ ਮਨਾਉਣ ਦਾ ਸੁਝਾਅ ਦਿੱਤਾ ਸੀ। ਜ਼ਿਕਰਯੋਗ ਹੈ ਕਿ 11 ਦਸੰਬਰ, 2014 ਨੂੰ ਅਮਰੀਕੀ ਸੰਸਦ ਦੇ 193 ਮੈਂਬਰਾਂ ਨੇ ਵੀ ਵਿਸ਼ਵ ਯੋਗਾ ਦਿਵਸ ਮਨਾਏ ਜਾਣ ਦੀ ਪ੍ਰਵਾਨਗੀ ਦਿੱਤੀ ਸੀ। ਇਸੇ ਹੀ ਦਿਨ ਸੰਯੁਕਤ ਰਾਸ਼ਟਰ ਦੀ ਜਨਰਲ ਅਸੈਂਬਲੀ ਵਿੱਚ ਭਾਰਤ ਦੇ ਸਥਾਈ ਪ੍ਰਤੀਨਿਧੀ ਅਸ਼ੋਕ ਮੁਖਰਜੀ ਨੇ ਵਿਸ਼ਵ ਯੋਗਾ ਦਿਵਸ ਦਾ ਖਰੜਾ ਪੇਸ਼ ਕੀਤਾ ਸੀ ਜਿਸਦਾ ਸਮਰਥਨ ਕਰਕੇ 177 ਦੇਸ਼ਾਂ ਦੇ ਪ੍ਰਤੀਨਿਧੀਆਂ ਨੇ ਇਸ ਦਿਵਸ ਨੂੰ ਆਪਣੀ ਪ੍ਰਵਾਨਗੀ ਦੇ ਦਿੱਤੀ ਸੀ।

'ਵਿਸ਼ਵ ਯੋਗਾ ਦਿਵਸ' 21 ਜੂਨ ਨੂੰ ਮਨਾਏ ਜਾਣ ਦੇ ਦੋ ਵੱਡੇ ਕਾਰਨ ਦੱਸੇ ਜਾਂਦੇ ਹਨ। ਭਾਰਤ ਪੱਖੋਂ ਕਾਰਨ ਇਹ ਹੈ ਕਿ ਹਿੰਦੂ ਵਿਚਾਰਧਾਰਾ ਅਨੁਸਾਰ ਉੱਤਰਾਇਣ ਦੀ ਸੰਗਰਾਂਦ ਦੇ ਦਿਨ ਆਦਿਯੋਗੀ ਸ਼ਿਵ ਦੱਖਣ ਵੱਲ ਨੂੰ ਹੋ ਤੁਰੇ ਸਨ। ਉਨ੍ਹਾ ਨੇ ਸਭ ਤੋਂ ਪਹਿਲਾਂ ਸੱਤ ਰਿਸ਼ੀਆਂ ਦੇ ਦਰਸ਼ਨ ਕੀਤੇ ਸਨ ਤੇ ਉਹ ਰਿਸ਼ੀ ਬਾਅਦ ਵਿੱਚ ਉਨ੍ਹਾ ਦੇ ਚੇਲੇ ਬਣ ਗਏ ਸਨ ਤੇ ਇਨ੍ਹਾ ਸੱਤ ਰਿਸ਼ੀਆਂ ਨੇ ਹੀ ਯੋਗਾ ਦੀ ਵਿਚਾਰਧਾਰਾ ਨੂੰ ਦੁਨੀਆ ਭਰ ਵਿੱਚ ਫੈਲਾਇਆ ਸੀ। ਇਹ ਦਿਨ ਇਸ ਕਰਕੇ ਵੀ ਚੁਣਿਆ ਗਿਆ ਸੀ ਕਿਉਂਕਿ ਇਸ ਦਿਨ ਸੂਰਜ ਉੱਤਰ ਤੋਂ ਦੱਖਣ ਦਿਸ਼ਾ ਨੂੰ ਚੱਲਣਾ ਸ਼ੁਰੂ ਕਰਦਾ ਹੈ ਤੇ ਪਰਿਵਰਤਨ ਦੇ ਇਸ ਕਾਲ ਨੂੰ ਯੋਗਾ ਅਤੇ ਧਿਆਨ ਸਾਧਨਾ ਦੇ ਪੱਖ ਤੋਂ ਅਤਿ ਮਹੱਤਵਪੂਰਨ ਮੰਨਿਆ ਜਾਂਦਾ ਹੈ। ਪੱਛਮੀ ਮੁਲਕਾਂ ਲਈ ਇਹ ਸਾਲ ਦਾ ਸਭ ਤੋਂ ਵੱਡਾ ਦਿਨ ਤੇ ਗਰਮੀਆਂ ਦੀ ਅਰੰਭਤਾ ਭਾਵ ਉਨ੍ਹਾ ਲਈ ਠੰਡ ਤੋਂ ਕੁਝ ਨਿਜਾਤ ਦਾ ਪ੍ਰਤੀਕ ਹੈ ਜਿਸਨੂੰ ਉਹ ਤਿਉਹਾਰ ਵਜੋਂ ਮਨਾਉਂਦੇ ਹਨ ਤੇ ਇਸੇ ਹੀ ਦਿਨ ਵਿਸ਼ਵ ਸੰਗੀਤ ਦਿਵਸ ਨੂੰ ਮਨਾ ਕੇ ਉਹ ਆਪਣੇ ਮਨ ਅੰਦਰ ਫੁੱਟੇ ਖ਼ੁਸ਼ੀਆਂ ਦੇ ਵਲਵਲਿਆਂ ਨੂੰ ਸੰਗੀਤ ਰਾਹੀਂ ਪ੍ਰਗਟ ਕਰਦੇ ਹਨ ਤੇ ਅਨੰਦਿਤ ਹੁੰਦੇ ਹਨ। ਦਿਲਚਸਪ ਤੱਥ ਹੈ ਕਿ 21 ਜੂਨ, 2015 ਨੂੰ ਪ੍ਰਧਾਨ ਮੰਤਰੀ ਸ੍ਰੀ ਨਰਿੰਦਰ ਮੋਦੀ ਅਗਵਾਈ ਵਿਚ ਰਾਜਪਥ ਵਿਖੇ ਵਿਸ਼ਵ ਦੇ 84 ਮੁਲਕਾਂ ਨਾਲ ਸਬੰਧਿਤ 35,985 ਵਿਅਕਤੀਆਂ ਨੇ ਇੱਕੋ ਵੇਲੇ ਯੋਗਾ ਕਰਕੇ ਵਿਸ਼ਵ ਰਿਕਾਰਡ ਬਣਾਇਆ ਸੀ। ਗਿੰਨੀਜ਼ ਬੁੱਕ ਆਫ਼ ਵਰਲਡ ਰਿਕਾਰਡਜ਼ ਦੇ ਅਨੁਸਾਰ ਸੰਨ 2018 ਦੇ 'ਵਿਸ਼ਵ ਯੋਗਾ ਦਿਵਸ' ਮੌਕੇ ਰਾਜਸਥਾਨ ਦੇ ਸ਼ਹਿਰ ਕੋਟਾ ਵਿਖੇ 1,00,984 ਲੋਕਾਂ ਨੇ ਇੱਕੋ ਥਾਂ 'ਤੇ ਯੋਗਾ ਕਰਕੇ ਇਕ ਨਵਾਂ ਵਿਸ਼ਵ ਰਿਕਾਰਡ ਕਾਇਮ ਕਰ ਦਿੱਤਾ ਸੀ ਜੋ ਸਾਲ 2023 ਵਿਚ ਇੱਕੋ ਥਾਂ 'ਤੇ 1.53 ਲੱਖ ਲੋਕਾਂ ਵੱਲੋਂ ਇਕੱਤਰ ਹੋ ਕੇ ਯੋਗਾ ਕਰਨ ਨਾਲ ਟੁੱਟ ਗਿਆ ਸੀ। ਗੁਜਰਾਤ ਦੇ ਸ਼ਹਿਰ ਸੂਰਤ ਵਿਖੇ ਕਾਇਮ ਕੀਤਾ ਗਿਆ ਇਹ ਰਿਕਾਰਡ ਅੱਜ ਵੀ ਕਾਇਮ ਹੈ ਤੇ ਸਾਲ 2024 ਵਿਚ ਇਸ ਤੋਂ ਵੀ ਵੱਡਾ ਕੀਰਤੀਮਾਨ ਬਣਾਉਣ ਦੀ ਕੋਸ਼ਿਸ਼ ਕੀਤੀ ਜਾ ਸਕਦੀ ਹੈ।

ਚੇਤੇ ਰਹੇ ਕਿ ਸਾਲ 2023 ਦੇ 'ਵਿਸ਼ਵ ਯੋਗਾ ਦਿਵਸ' ਦਾ ਮੁੱਖ ਥੀਮ 'ਯੋਗਾ ਫ਼ਾਰ ਵਸੂਧੈਵ ਕੁਟੁੰਭਕਮ' ਭਾਵ 'ਸਰਬੱਤ ਦੇ ਭਲੇ ਲਈ ਯੋਗਾ' ਸੀ ਜਿਸ ਤੋਂ ਮੁਰਾਦ ਇਹ ਸੀ ਕਿ ਧਰਮਾਂ, ਮਜ਼ਹਬਾਂ ਅਤੇ ਮੁਲਕਾਂ ਦੀਆਂ ਹੱਦਾਂ ਨੂੰ ਅੱਖੋਂ ਪਰੋਖੇ ਕਰਕੇ ਸਰਬੱਤ ਦੇ ਭਲੇ ਲਈ ਤੇ ਸਭ ਦੀ ਸਿਹਤਮੰਦੀ ਲਈ ਯੋਗਾ ਦਾ ਉਪਯੋਗ ਕੀਤਾ ਜਾਵੇ ਹੁਣ ਇਸ ਸਾਲ 2024 ਲਈ ਚੁਣਿਆ ਗਿਆ ਥੀਮ ਹੈ-'ਯੋਗਾ ਫਾਰ ਵਿਮੈਨ ਐਮਪਾਵਰਮੈਂਟ' ਭਾਵ 'ਮਹਿਲਾ ਸਸ਼ਕਤੀਕਰਣ ਲਈ ਯੋਗਾ'। ਇਸ ਥੀਮ ਨੂੰ ਚੁਣਨ ਦਾ ਅਰਥ ਮਹਿਲਾਵਾਂ ਦੀ ਤੰਦਰੁਸਤੀ ਅਤੇ ਤਾਕਤ ਲਈ ਯੋਗਾ ਦੀ ਵਰਤੋਂ ਕਰਕੇ ਮਹਿਲਾਵਾਂ ਰਾਹੀਂ ਉਨ੍ਹਾ ਦੇ ਸਬੰਧਿਤ ਪਰਿਵਾਰਾਂ ਨੂੰ ਨਿਰੋਗਤਾ ਅਤੇ ਫਿਰ ਪਰਿਵਾਰਾਂ ਰਾਹੀਂ ਸਮੁੱਚੇ ਸਮਾਜ ਤੇ ਸਮੁੱਚੇ ਦੇਸ਼ ਜਾਂ ਵਿਸ਼ਵ ਨੂੰ ਸਿਹਤਮੰਦੀ ਅਤੇ ਮਾਨਸਿਕ ਸ਼ਾਂਤੀ ਪ੍ਰਦਾਨ ਕਰਨਾ ਹੈ ਮਹਿਲਾ ਕਲਿਆਣ ਵਿਚ ਯੋਗਾ ਦੀ ਸਾਰਥਕ ਭੂਮਿਕਾ ਨੂੰ ਇਸ ਸਾਲ ਪੂਰੇ ਜ਼ੋਰ-ਸ਼ੋਰ ਅਤੇ ਜੋਸ਼ ਸਹਿਤ ਉਜਾਗਰ ਕੀਤਾ ਜਾਵੇਗਾ। ਯੋਗਾ ਦਰਅਸਲ ਇਕ ਸਿਹਤਮੰਦ ਜੀਵਨ ਸ਼ੈਲੀ ਦਾ ਪ੍ਰਤੀਕ ਹੈ ਤੇ ਇਹ ਹਰੇਕ ਉਮਰ ਵਰਗ ਅਤੇ ਹਰੇਕ ਕਿਸਮ ਦੇ ਕੁਦਰਤੀ ਵਾਤਾਵਰਣ ਵਿਚ ਰਹਿ ਰਹੇ ਮਨੁੱਖਾਂ ਲਈ ਲਾਭਦਾਇਕ ਹੈ। ਬੜੀ ਦਿਲਚਸਪ ਗੱਲ ਹੈ ਕਿ ਯੋਗਾ ਤੇ ਸੰਗੀਤ ਦੋਵੇਂ ਹੀ ਆਤਮਾ ਦੇ ਪਰਮਾਤਮਾ ਨਾਲ ਮਿਲਾਪ ਦੇ ਮਾਧਿਅਮ ਮੰਨੇ ਗਏ ਹਨ ਤੇ 21 ਜੂਨ ਦਾ ਦਿਨ 'ਵਿਸ਼ਵ ਯੋਗਾ ਦਿਵਸ' ਅਤੇ 'ਵਿਸ਼ਵ ਸੰਗੀਤ ਦਿਵਸ' ਵਜੋਂ ਸਮੁੱਚੇ ਵਿਸ਼ਵ ਵਿਚ ਮਨਾਇਆ ਜਾਂਦਾ ਹੈ।









# ਬੰਦਿਆਂ ਦਾ ਮੈਨੋਪਾਜ਼ ਜਾਂ ਐਂਡਰੋਪਾਜ਼



ਡਾ. ਮਨਜੀਤ ਸਿੰਘ ਬੱਲ
9872843491

ਔਰਤਾਂ ਵਿੱਚ 44-45 ਸਾਲ ਦੀ ਉਮਰੇ, 'ਤੇ ਹਾਰਮੋਨਜ਼ ਦੀ ਕਮੀ ਹੋ ਜਾਣ ਤੇ ਮਹਾਂਵਾਰੀ ਬੰਦ ਹੋਣ ਹੋ ਜਾਣ ਨੂੰ 'ਮੈਨੋਪਾਜ਼' ਕਿਹਾ ਜਾਂਦਾ ਹੈ, ਇਵੇਂ ਹੀ ਬੰਦਿਆਂ ਵਿੱਚ ਵੀ ਵਧਦੀ ਉਮਰ ਅਤੇ ਕਈ ਹੋਰ ਕਾਰਣਾਂ ਕਰਕੇ, ਮੈਨੋਪਾਜ਼ ਨਾਲ ਮਿਲਦੀ ਜੁਲਦੀ ਸਥਿੱਤੀ ਪੈਦਾ ਹੋ ਜਾਂਦੀ ਹੈ ਜਿਸ ਨੂੰ ਮੇਲ-ਮੈਨੋਪਾਜ਼ ਜਾਂ ਐਂਡਰੋਪਾਜ਼ ਕਿਹਾ ਜਾਂਦਾ ਹੈ ਜਾਂ ਬੰਦਿਆਂ ਦਾ ਮੈਨੋਪਾਜ਼ ਕਹਿੰਦੇ ਹਨ।ਪੁਰਸ਼ਾਂ ਵਿਚ ਹਾਰਮੋਨਜ਼ ਦੀ ਕਮੀ ਬਾਰੇ ਸੰਨ 1944 ਵਿਚ ਹੈਲਰ ਅਤੇ ਮਾਇਨਰ ਨਾਂ ਦੇ ਵਿਗਿਆਨਕਾਂ ਨੇ ਜਾਣਕਾਰੀ ਦਿੰਦਿਆਂ ਦੱਸਿਆ ਸੀ ਕਿ ਪੁਰਸ਼ਾਂ ਦੇ ਹਾਰਮੋਨਜ਼ ਦੀ ਕਮੀ ਨਾਲ ਕਮਜ਼ੋਰੀ, ਚਿੰਤਾ, ਕੰਨਫਿਊਯਨ, ਇਕਾਗਰਤਾ ਦੀ ਘਾਟ, ਨੀਂਦ ਘੱਟ ਆਉਣਾ, ਮਰਦਾਨਾ ਕਮਜ਼ੋਰੀ, ਥਕਾਵਟ, ਕਦੀ-ਕਦੀ ਤ੍ਰੇਲੀਆਂ ਆਉਣਾ, ਸ੍ਰੀਰ 'ਚੋਂ ਤੇ ਹੱਥਾਂ ਪੈਰਾਂ 'ਚੋਂ ਸੇਕ ਨਿਕਲਣਾ, ਢਹਿੰਦਿਆਂ ਕਲਾਂ ਵਾਲ਼ੇ ਖ਼ਿਆਲ ਆਉਣੇ, ਯਾਦ-ਦਾਸ਼ਤ ਦਾ ਘਟਣਾ ਆਦਿ ਅਲਾਮਤਾਂ ਪੈਦਾ ਹੋ ਜਾਂਦੀਆਂ ਹਨ।ਐਸੇ ਮਰਦਾਂ ਦੇ ਹਾਰਮੋਨਜ਼ ਚੈੱਕ ਕਰਵਾਉਣ 'ਤੇ ਇਹਨਾਂ ਦਾ ਲੈਵਲ, ਨਾਰਮਲ ਨਾਲੋਂ ਘੱਟ ਪਾਇਆ ਗਿਆ।ਉਹਨਾਂ ਨੂੰ ਰਿਪਲੇਸਮੈਂਟ ਥੈਰਾਪੀ ਦਿੱਤੀ ਗਈ ਜਿਸ ਨਾਲ ਕਾਫੀ ਵਿਅਕਤੀ ਠੀਕ ਹੋ ਗਏ। ਕਈ ਕੇਸਾਂ ਵਿਚ ਐਂਡਰੋਪਾਜ਼, ਐਲਜ਼ਾਇਮਰਜ਼ ਰੋਗ ਨਾਲ ਵੀ ਸਬੰਧਤ ਹੁੰਦਾ ਹੈ।ਅਧਖੜ ਉਮਰ ਦੇ ਬੰਦਿਆਂ ਵਿਚ ਟੈਸਟੋ-ਸਟੀਰੋਨ ਅਤੇ ਹਾਇਡਰੋ-ਐਪੀ-ਟੈਓਟੋਸਟੀਰੋਨ ਦੇ ਲੈਵਲ ਵਿਚ ਹੌਲੀ ਹੌਲੀ ਕਮੀ ਆਉਣੀ ਸ਼ੁਰੂ ਹੋ ਜਾਂਦੀ ਹੈ ਪਰ ਔਰਤਾਂ ਦੇ ਮੈਨੋਪਾਜ਼ ਵਾਂਗ, ਮਰਦਾਂ ਵਿੱਚ ਸੰਭੋਗ ਦੀ ਇੱਛਾ ਅਤੇ ਜਨਣ ਕਿਰਿਆਵਾਂ ਇਕ ਦਮ ਤੇ ਪੱਕੇ ਤੌਰ 'ਤੇ ਬੰਦ ਨਹੀਂ ਹੁੰਦੀਆਂ ਬਲਕਿ ਇਹ ਅਲਾਮਤਾਂ ਹੌਲੀ ਹੌਲੀ ਆਉਂਦੀਆ ਹਨ।ਭਾਵੇਂ ਸ਼ਬਦ ਮੈਨੋਪਾਜ਼ ਵਾਂਗ, ਐਂਡਰੋਪਾਜ਼ ਸ਼ਬਦ ਨੂੰ ਅਜੇ ਤੱਕ ਵਿਸ਼ਵ ਸਿਹਤ ਸੰਸਥਾ ((World Health Organization) ਵੱਲੋਂ ਮਾਨਤਾ ਨਹੀਂ ਮਿਲੀ, ਫਿਰ ਵੀ ਇਹ, ਬੰਦਆਂ ਦੇ ਬੁਢੇਪੇ ਵੱਲ ਨੂੰ ਵਧਦੀ ਉਮਰ ਦੀਆਂ ਤਬਦੀਲੀਆਂ ਦਰਸਾਉਣ ਵਾਸਤੇ ਇਕ ਸਹੂਲਤ ਵਾਲ਼ੇ ਸ਼ਬਦ ਵੱਜੋਂ ਵਰਤਿਆ ਜਾਂਦਾ ਹੈ। ਕਈ ਖੋਜਾਰਥੀ ਸਮਝਦੇ ਹਨ ਕਿ ਇਸ ਸਥਿੱਤੀ ਨੂੰ ਐਡਮ (ਐਂਡਰੋਜਨ ਡੈਫੀਸ਼ੈਂਸੀ ਆਫ ਏਜਿੰਗ ਮੇਲ) ਭਾਵ ਅਧਖੜ ਤੋਂ ਵਧਦੀ ਉਮਰ ਵੱਲ ਨੂੰ ਜਾ ਰਹੇ ਬੰਦੇ ਵਿਚ ਹਾਰਮੋਨਜ਼ ਦੀ ਕਮੀ ਲਿਖਣਾ ਢੁਕਵਾਂ ਹੈ ਜਦ ਕਿ ਮੈਨੋਪਾਜ਼ ਵਿਚ ਔਰਤਾਂ 'ਚ ਯਕਦਮ ਤੇ ਪੱਕੇ ਤੌਰ 'ਤੇ ਤਬਦੀਲੀ ਆਉਂਦੀ ਹੈ। ਪੁਰਸ਼ਾਂ ਵਿਚ ਸੈਕਸ ਸਬੰਧੀ ਜੋਸ਼ 18-30 ਦੀ ਉਮਰ ਦੇ ਆਸ ਪਾਸ ਸ਼ਿਖ਼ਰਾਂ 'ਤੇ ਹੁੰਦਾ ਹੈ।ਜਿਵੇਂ ਜਿਵੇਂ ਉਮਰ ਦੇ ਸਾਲ ਵਧਦੇ ਜਾਂਦੇ ਹਨ, ਸੈਕਸ ਪ੍ਰਤੀ ਰੁਚੀ ਤੇ ਵੀਰਜ ਦੀ ਮਾਤਰਾ ਘੱਟਦੀ ਜਾਂਦੀ ਹੈ।ਬੁੜ੍ਹਾਪਾ ਵੀ ਬਾਕੀ ਉਮਰਾਂ ਵਾਂਗ ਹੀ ਹੈ ਜੋ ਆਕੇ ਹੀ ਰਹਿੰਦਾ ਹੈ ਸੋ ਇਹ ਗੱਲ ਕਦੇ ਨਹੀਂ ਭੁਲਣੀ ਚਾਹੀਦੀ ਕਿ ਬੁੜ੍ਹਾਪਾ ਆਉਣਾ ਹੀ ਆਉਣਾ ਹੈ।ਕਿਸੇ ਸ਼ਾਇਰ ਨੇ ਠੀਕ ਹੀ ਲਿਖਿਆ ਹੈ:

ਐ ਮੌਲਾ, ਯੇ ਦੁਨੀਆਂ ਤੇਰੀ
ਫ਼ਾਨੀ ਦੇਖੀ
ਹਰ ਚੀਜ਼ ਯਹਾਂ ਕੀ ਆਨੀ
ਜਾਨੀ ਦੇਖੀ,
ਜੋ ਆਕੇ ਨਾ ਜਾਏ ਵੋਹ ਬੁੜ੍ਹਾਪਾ
ਦੇਖਾ,
ਜੋ ਜਾਕੇ ਨਾ ਆਏ ਵੋਹ ਜਵਾਨੀ
ਦੇਖੀ।

ਸੈਕਸ ਦਾ ਕੰਟਰੋਲ ਦਿਮਾਗ਼ ਦੇ ਇੱਕ ਹਿੱਸੇ (ਪਿਚੂਟਰੀ ਗ੍ਰੰਥੀ) 'ਚੋਂ ਨਿਕਲਣ ਵਾਲ਼ੇ 'ਲਿਊਟੇਨਾਇਜ਼ਿੰਗ



ਹਾਰਮੋਨ' ਕਰਕੇ ਹੁੰਦਾ ਹੈ।ਇਸ ਹਾਰਮੋਨ ਦੇ ਅਸਰ ਅਧੀਨ, ਹੀ ਪਤਾਲੂਆਂ ਵਿਚੋਂ ਮੇਲ ਹਾਰਮੋਨ (ਟੈਸਟੋ ਸਟੀਰੋਨ) ਪੈਦਾ ਹੁੰਦਾ ਹੈ।ਵਧਦੀ ਉਮਰ ਨਾਲ ਕਿਉਂਕਿ ਲਿਊਟੇਨਾਇਜ਼ਿੰਗ ਹਾਰਮੋਨ ਘਟਦਾ ਹੈ, ਇਸ ਲਈ ਮੇਲ ਹਾਰਮੋਨ ਦਾ ਲੈਵਲ ਵੀ ਘਟਦਾ ਜਾਂਦਾ ਹੈ।ਕਈਆਂ ਬੰਦਿਆਂ ਵਿਚ ਵਧਦੀ ਉਮਰ ਨਾਲ ਈਸਟਰੋਜਨ (ਫੀਮੇਲ ਹਾਰਮੋਨ) ਦਾ ਲੈਵਲ ਵਧ ਜਾਂਦਾ ਹੈ, ਜਿਸ ਕਰਕੇ ਮੇਲ ਹਾਰਮੋਨ 'ਤੇ ਅਸਰ ਪੈਂਦਾ ਹੈ।

ਨਾਰਮਲ ਸੈਕਸ਼ੂਅਲ ਐਕਟਿਵਿਟੀ ਲਈ ਪੁਰਸ਼ਾਂ ਵਾਲੇ ਹਾਰਮੋਨ (ਟੈਸਟੋ ਸਟੀਰੋਨ) ਦਾ ਸਹੀ ਲੈਵਲ ਜ਼ਰੂਰੀ ਹੈ ਪਰ ਇਸ ਦਾ ਮਤਲਬ ਇਹ ਨਹੀਂ ਕਿ ਇਹ ਹਾਰਮੋਨ ਦਵਾਈ ਵਾਂਗ ਲਿਆ ਜਾਵੇ।ਇਸ ਸਬੰਧੀ ਮਾਹਿਰ ਡਾਕਟਰ, ਪੂਰੀ ਜਾਂਚ ਪੜਤਾਲ ਤੋਂ ਬਾਅਦ ਹੀ ਕੁਝ ਦੱਸ ਸਕਦੇ ਹਨ।ਦਿਮਾਗ਼ ਦੇ ਬਣਤਰ ਅਤੇ ਇਸ ਦੇ ਕੰਮ, ਜਨਣ ਅੰਗਾਂ ਵਿੱਚੋਂ ਪੈਦਾ ਹੋਣ ਵਾਲੇ ਹਾਰਮੋਨਜ਼ (ਟੈਸਟੋ ਸਟੀਰੋਨ ਤੇ ਈਸਟਰੋਜਨ) ਆਦਿ ਨਾਲ ਹੀ ਰੈਗੂਲੇਟ ਹੁੰਦੇ ਹਨ। ਖ਼ਿਆਲਾਂ ਦੀ ਉਡਾਰੀ, ਸਰੀਰ ਵਿੱਚ ਹਰਕਤ, ਵਿਵਹਾਰ ਤੇ ਕਈ ਹੋਰ ਵਿਚਾਰ, ਦਿਮਾਗ਼ ਦੇ ਸਹੀ ਤਰੀਕੇ ਨਾਲ ਕੰਮ ਕਰਨ 'ਤੇ ਨਿਰਭਰ ਕਰਦੇ ਹਨ।ਇਸ ਸਭ ਵਾਸਤੇ ਦਿਮਾਗ਼ 'ਚੋਂ ਪੈਦਾ ਹੋਣ ਵਾਲ਼ੇ ਕੁਝ ਰਸਾਇਣ ਸਹਾਈ ਹੁੰਦੇ ਹਨ ਜਿਹਨਾਂ ਵਿਚ 'ਡੋਪਾਮੀਨ' ਕਿ ਖ਼ਾਸ ਕੈਮੀਕਲ ਹੈ। ਚੰਗੇ ਵਿਚਾਰਾਂ ਤੇ ਚੰਗਾ-ਚੰਗਾ ਮਹਿਸੂਸ ਕਰਨ (ਗੁੱਡ-ਗੁੱਡ ਫੀਲ) ਵਾਸਤੇ ਇਹ ਮੁੱਖ ਰਸਾਇਣ ਹੈ।

ਇਹ, ਦਿਮਾਗ਼ ਦੇ ਜਜ਼ਬਾਤਾਂ ਨੂੰ ਕੰਟਰੋਲ ਕਰਨ ਵਾਲ਼ੇ ਲਿੰਬਿਕ ਹਿੱਸੇ ਵਿੱਚ ਹੁੰਦਾ ਹੈ।ਜਦ ਡੋਪਾਮੀਨ ਵਾਲੇ ਸਿਗਨਲ ਘਟ ਜਾਂਦੇ ਹਨ ਤਾਂ ਚੰਗਾ-ਚੰਗਾ ਮਹਿਸੂਸ ਕਰਨ ਵਿਚ ਕਮੀ ਆ ਜਾਂਦੀ ਹੈ।ਕੁਝ ਖ਼ਾਸ ਤਰ੍ਹਾਂ ਦੀਆਂ ਆਵਾਜ਼ਾਂ, ਵੇਖਣ ਵਾਲ਼ੀਆਂ ਚੀਜ਼ਾਂ, ਸੁਗੰਧੀਆਂ, ਖਾਣ ਵਾਲ਼ੀਆਂ ਵਸਤਾਂ ਤੇ ਸੈਕਸ ਦੀ ਇੱਛਾ ਆਦਿ ਦੀਆਂ ਤਰੰਗਾਂ, ਜੋ ਦਿਮਾਗ਼ ਨਾਲ਼ ਟਕਰਾਉਂਦੀਆਂ ਹਨ ਨੂੰ ਪੁਣ ਕੇ ਦਿਮਾਗ਼, ਆਨੰਦ ਦੀ ਹੱਦ ਤੱਕ ਰੱਖਦਾ ਹੈ।ਇਸ ਸਾਰੇ ਵਾਸਤੇ ਡੋਪਾਮੀਨ ਸਿਸਟਮ, ਸਾਨੂੰ ਆਪਣੇ ਮੂਡ, ਜਜ਼ਬਾਤ ਅਤੇ ਵਿਹਾਰ ਨੂੰ ਚੁਨਣ ਵਿਚ ਸਹਾਈ ਹੁੰਦਾ ਹੈ।ਸ਼ੂਗਰ ਰੋਗ, ਹਾਈ ਬਲੱਡ ਪ੍ਰੈਸ਼ਰ ਤੇ ਕੁਝ ਜੈਨੇਟਿਕ ਰੋਗ ਵੀ, ਜਲਦ ਐਂਡਰੋਪਾਜ਼ ਦਾ ਕਾਰਣ ਬਣਦੇ ਹਨ:

ਐਂਡਰੋਪਾਜ਼ ਸਬੰਧੀ ਆਪਣੇ ਆਪਨੂੰ ਚੈੱਕ ਕਰਨ ਲਈ ਕੁਝ ਸਵਾਲ:

ਕੀ ਮੈਂ ਕੰਨਫਿਊਜ਼ ਰਹਿੰਦਾ ਹਾਂ ?
ਕੀ ਮੈਂ ਬੁਝਿਆ ਬੁਝਿਆ, ਚਿੰਤਿਤ ਤੇ ਢਹਿੰਦੀਆਂ ਕਲਾਂ 'ਚ ਰਹਿੰਦਾ ਹਾਂ?
ਕੀ ਮੇਰਾ ਮੂਡ ਵਧੇਰੇ ਸਮਾਂ ਖ਼ਰਾਬ ਤੇ ਚਿੜਚਿੜਾ ਰਹਿੰਦਾ ਹੈ ?
ਕੀ ਮੇਰੇ 'ਚ ਮਰਦਾਨਾ ਤਾਕਤ ਬਿਲਕੁਲ ਘਟ ਗਈ ਹੈ ?
ਸਵੇਰੇ ਉਠਣ ਵੇਲ਼ੇ, ਕੀ ਮੇਰੇ ਅੰਗ ਵਿਚ ਸਖ਼ਤਾਈ ਨਹੀਂ ਹੁੰਦੀ ?
ਕੀ ਮੇਰੇ ਜੋੜਾਂ ਤੇ ਮੌਰਾਂ ਵਿਚ ਦਰਦ ਰਹਿੰਦਾ ਹੈ ?
ਕੀ ਮੇਰੇ ਚਿਹਰੇ ਤੇ ਹੱਥਾਂ-ਪੈਰਾਂ ਦੀ ਚਮੜੀ ਖ਼ੁਸ਼ਕ ਰਹਿੰਦੀ ਹੈ ?
ਕੀ ਮੈਂ ਬਹੁਤ ਜ਼ਿਆਦਾ ਪੀਣ ਲਗ ਪਿਆ ਹਾਂ ?
ਕੀ ਮੈਂ ਆਪਣੇ ਆਪ ਨੂੰ ਫਿੱਟ ਮਹਿਸੂਸ ਨਹੀਂ ਕਰਦਾ ?
ਕੀ ਮੈਂ ਉਮਰ ਤੋਂ ਪਹਿਲਾਂ ਹੀ ਬੁੱਢਾ ਮਹਿਸੂਸ ਕਰਨ ਲਗ ਪਿਆ ਹਾਂ ?

ਉਕਤ ਸਵਾਲਾਂ ਤੋਂ ਕੋਈ ਗ਼ਲਤ ਅੰਦਾਜ਼ਾ ਨਾ ਲਗਾ ਲਿਓ, ਡਾਕਟਰ ਦੁਆਰਾ ਮੁਕੰਮਲ ਤਹਿਕੀਕਾਤ ਤੇ ਟੈਸਟਾਂ ਤੋਂ ਬਾਅਦ ਹੀ ਪੱਕਾ ਡਾਇਗਨੋਸਿਸ ਬਣਦਾ ਹੈ।ਐਂਡਰੋਪਾਜ਼ ਨੂੰ ਡਾਇਗਨੋਜ਼ ਕਰਨਾ ਸੌਖਾ ਕੰਮ ਨਹੀਂ।ਭਾਵੇਂ ਹਾਰਮੋਨਜ਼ ਦੀਆਂ ਸਮੱਸਿਆਵਾਂ ਮਾਮੂਲੀ ਟੈਸਟ ਕਰਵਾਉਣ ਨਾਲ ਹੀ ਲੱਭ ਲਈਆਂ ਜਾ ਸਕਦੀਆਂ ਹਨ, ਪਰ ਐਂਡਰੋਪਾਜ਼ ਦੇ ਕੇਸਾਂ ਵਿਚ ਇਹ ਟੈਸਟ ਸਹੀ ਦਿਸ਼ਾ ਨਹੀਂ ਦੇਂਦੇ। ਬਾਇਓ ਅਵੇਲੇਬਲ ਟੈਸਟੋ ਸਟੀਰੋਨ ਟੈਸਟ ਵਾਸਤੇ ਸਵੇਰੇ ਅੱਠ ਤੋਂ ਦਸ ਵਜੇ ਦੇ ਦਰਮਿਆਨ ਸੈਂਪਲ ਦੇਣਾ ਪੈਂਦਾ ਹੈ, ਕਿਉਂਕਿ ਇਸ ਸਮੇਂ ਦੌਰਾਨ ਇਸਦਾ ਲੈਵਲ ਪੂਰੇ ਦਿਨ ਨਾਲ਼ੋਂ ਵੱਧ ਹੁੰਦਾ ਹੈ।ਇਸ ਟੈਸਟ ਦੇ ਨਾਲ-ਨਾਲ ਕੁਝ ਜਾਂਚ ਅਤੇ ਸਵਾਲਾਂ ਦੇ ਜੁਆਬ ਤੋਂ ਬਾਅਦ ਹੀ ਕਿਸੇ ਸਿੱਟੇ 'ਤੇ ਪਹੁੰਚਿਆ ਜਾ ਸਕਦਾ ਹੈ।

ਕਈ ਸ਼ਹਿਰਾਂ ਵਿਚ ਪੁਰਸ਼ਾਂ ਦੀਆਂ ਸਮੱਸਿਆਵਾਂ ਸਬੰਧੀ ਕਲਿਨਿਕਾਂ ਬਣੀਆਂ ਹੋਈਆਂ ਹਨ ਜਿੱਥੇ ਗਦੂਦਾਂ (ਪ੍ਰੋਸਟੇਟ), ਪਤਾਲੂਆਂ ਤੇ ਪੁਰਸ਼ਾਂ ਦੇ ਬਾਕੀ ਅੰਗਾਂ ਸਬੰਧੀ ਸ਼ਿਕਾਇਤਾਂ ਅਤੇ ਐਂਡਰੋਪਾਜ਼ ਬਾਰੇ ਇਲਾਜ ਕੀਤਾ ਜਾਂਦਾ ਹੈ। ਇਹਨਾਂ ਕਲਿਨਿਕਾਂ ਵਿੱਚ ਹੋਰ ਬੀਮਾਰੀਆਂ ਜੋ ਔਰਤਾਂ ਦੇ ਮੁਕਾਬਲੇ ਮਰਦਾਂ ਵਿਚ ਵਧੇਰੇ ਹੁੰਦੀਆਂ ਹਨ, ਜਿਵੇਂ ਦਿਲ ਤੇ ਖ਼ੂਨ ਨਾੜੀਆਂ ਦੇ ਰੋਗ, ਸੈਕਸ਼ੂਅਲ ਡਿਸਫੰਕਸ਼ਨ, ਆਦਿ ਦਾ ਇਲਾਜ ਵੀ ਉਪਲਬਦ ਹੁੰਦਾ ਹੈ।ਭਾਰਤ ਵਿਚ ਤਕਰੀਬਨ ਹਰ ਵੱਡੇ ਸ਼ਹਿਰ ਵਿਚ ਐਂਡਰੋਪਾਜ਼ ਬਾਰੇ ਡਾਕਟਰ ਮਿਲ ਜਾਂਦੇ ਹਨ।

ਐਂਡਰੋਪਾਜ਼ ਹੋ ਜਾਵੇ ਤਾਂ ਜੀਵਨ-ਸ਼ੈਲੀ ਵਿੱਚ ਸੁਧਾਰਾਂ ਦੀ ਲੋੜ ਹੁੰਦੀ ਹੈ ਜਿਵੇਂ ਘੱਟ ਚਰਬੀ ਵਾਲ਼ੇ ਖਾਣੇ, ਹਰੀਆਂ ਸਬਜ਼ੀਆਂ, ਟਮਾਟਰ, ਜ਼ਰਦੀ ਤੋਂ ਬਿਨਾਂ ਆਂਡਾ, ਮੱਛੀ, ਚਿਕਨ, ਸੋਇਆ ਆਦਿ ਦਾ ਸੇਵਨ ਕਰਨਾ, ਸਾਫ਼ ਨਿਰਮਲ ਤੇ ਖੁਲ੍ਹਾ ਪਾਣੀ ਪੀਣਾ ਆਦਿ।ਤਨਾਅ ਘਟਾਉਣ ਵਾਸਤੇ ਮੈਡੀਟੇਸ਼ਨ ਤੇ ਰੀਲੈਕਸੇਸ਼ਨ ਵਾਲੇ ਫਾਰਮੂਲੇ ਵਰਤਣੇ, ਕੌਂਸਲਿੰਗ ਵਾਸਤੇ ਆਪਣੇ ਸਾਥੀ ਸਮੇਤ ਕੌਂਸਲਰ ਕੋਲ਼ ਜਾਣਾ, ਕੈਰੀਅਰ ਵਾਸਤੇ ਫਿਰ ਤੋਂ ਯਤਨ ਕਰਨੇ, ਅਧਿਆਤਮਿਕਤਾ ਵੱਲ ਰੁਝਾਨ ਪੈਦਾ ਕਰਨਾ ਆਦਿ।ਵਡੇਰੀ ਉਮਰ ਵਿਚ ਵੀ ਸਫਲਤਾ ਪੂਰਵਕ ਰਹਿਣ ਲਈ ਆਪਣੇ ਆਪ ਨੂੰ ਜਵਾਨ ਰੱਖਣ ਦੀ ਕੋਸ਼ਿਸ਼ ਕਰਨੀ ਚਾਹੀਦੀ ਹੈ।ਐਂਡਰੋਪਾਜ਼ ਵਾਲੇ ਮਰਦਾਂ ਦੇ ਰਿਸਕ: ਖ਼ੂਨ ਨਾੜੀਆਂ ਵਿਚ ਚਰਬੀ ਜੰਮਣਾਂ, ਖ਼ੂਨ ਦੇ ਲਾਲ ਸੈੱਲਾਂ ਦੀ ਗਿਣਤੀ ਵਧਣਾ, ਘੁਰਾੜੇ, ਗਦੂਦਾਂ ਦੇ ਕੈਂਸਰ ਆਦਿ।ਮੋਟਾਪਾ, ਸ਼ੂਗਰ ਰੋਗ, ਦਿਲ ਤੇ ਖ਼ੂਨ ਨਾੜੀਆਂ ਦੇ ਰੋਗਾਂ ਵਿਚ ਐਂਡਰੋਪਾਜ਼ ਜਲਦ ਹੋ ਜਾਂਦਾ ਹੈ।


















### ਗੁਰਪਤਵੰਤ ਪੰਨੂ ਹੱਤਿਆ ਸਾਜਿਸ਼ ਮਾਮਲਾ

# ਨਿਖਿਲ ਗੁਪਤਾ ਨੂੰ ਅਮਰੀਕਾ ਹਵਾਲੇ ਕੀਤਾ

ਕੈਲਗਰੀ ( ਪੰਜਾਬੀ ਅਖ਼ਬਾਰ ਬਿਊਰੋ )ਅਮਰੀਕਾ 'ਚ ਗੁਰਪਤਵੰਤ ਸਿੰਘ ਪੰਨੂ ਦੀ ਹੱਤਿਆ ਦੀ ਸਾਜਿਸ਼ 'ਚ ਕਥਿੱਤ ਤੌਰ ਉਤੇ ਸ਼ਾਮਲ ਭਾਰਤੀ ਨਾਗਰਿਕ ਨਿਖਿਲ ਗੁਪਤਾ ਨੂੰ ਚੈੱਕ ਗਣਰਾਜ ਤੋਂ ਅਮਰੀਕਾ ਹਵਾਲੇ ਕਰ ਦਿਤਾ ਗਿਆ ਹੈ। ਗੁਪਤਾ ਨੂੰ ਅਮਰੀਕੀ ਨਾਗਰਿਕ ਗੁਰਪਤਵੰਤ ਸਿੰਘ ਪੰਨੂੰ ਦੀ ਹਤਿਆ ਦੀ ਸਾਜਿਸ਼ 'ਚ ਕਥਿਤ ਤੌਰ 'ਤੇ ਸ਼ਾਮਲ ਹੋਣ ਦੇ ਇਲਜ਼ਾਮ 'ਚ ਅਮਰੀਕੀ ਸਰਕਾਰ ਦੀ ਬੇਨਤੀ 'ਤੇ ਪਿਛਲੇ ਸਾਲ ਚੈੱਕ ਗਣਰਾਜ 'ਚ ਗ੍ਰਿਫਤਾਰ ਕੀਤਾ ਗਿਆ ਸੀ। ਚੈੱਕ ਸੰਵਿਧਾਨਕ ਅਦਾਲਤ ਨੇ ਪਿਛਲੇ ਮਹੀਨੇ ਗੁਪਤਾ ਦੀ ਹਵਾਲਗੀ ਵਿਰੁੱਧ ਅਪੀਲ ਖਾਰਜ ਕਰ ਦਿਤੀ



ਸੀ। ਅਮਰੀਕੀ ਫੈਡਰਲ ਪ੍ਰੋਸੀਕਿਊਟਰਾਂ ਦਾ ਦੋਸ਼ ਹੈ ਕਿ ਗੁਪਤਾ ਨੇ ਭਾਰਤ ਸਰਕਾਰ ਦੇ ਇੱਕ ਅਣਪਛਾਤੇ ਅਧਿਕਾਰੀ ਦੇ ਨਿਰਦੇਸ਼ਾਂ 'ਤੇ ਕੰਮ ਕੀਤਾ ਹਾਲਾਂਕਿ ਭਾਰਤ ਨੇ ਇਸ ਮਾਮਲੇ ਵਿੱਚ ਅਪਣੀ ਸ਼ਮੂਲੀਅਤ ਤੋਂ ਇਨਕਾਰ ਕੀਤਾ ਹੈ ਅਤੇ ਦੋਸ਼ਾਂ ਦੀ ਉੱਚ ਪੱਧਰੀ ਜਾਂਚ ਦੇ ਆਦੇਸ਼ ਦਿਤੇ ਹਨ। ਅਮਰੀਕਾ ਦੇ ਫੈਡਰਲ ਵਕੀਲਾਂ ਨੇ ਦੋਸ਼ ਲਾਇਆ ਹੈ ਕਿ ਗੁਪਤਾ ਨੇ ਪੰਨੂੰ ਨੂੰ ਮਾਰਨ ਲਈ ਇੱਕ ਵਿਅਕਤੀ ਨੂੰ ਸੁਪਾਰੀ ਦਿਤੀ ਸੀ ਅਤੇ ਉਸ ਨੂੰ 15,000 ਡਾਲਰ ਐਡਵਾਂਸ ਵੱਜੋਂ ਦਿਤੇ ਸਨ। ਉਨ੍ਹਾਂ ਦਾ ਦੋਸ਼ ਹੈ ਕਿ ਭਾਰਤ ਸਰਕਾਰ ਦਾ ਇੱਕ ਅਧਿਕਾਰੀ ਵੀ ਇਸ ਵਿੱਚ ਸ਼ਾਮਲ ਸੀ ਪਰ ਅਧਿਕਾਰੀ ਦਾ ਨਾਮ ਨਹੀਂ ਦਸਿਆ ਗਿਆ ਸੀ। ਵਰਨਣਯੋਗ ਹੈ ਕਿ ਗੁਪਤਾ ਦੀ ਹਵਾਲਗੀ ਅਜਿਹੇ ਸਮੇਂ 'ਚ ਹੋਈ ਹੈ ਜਦੋਂ ਅਮਰੀਕਾ ਦੇ ਰਾਸ਼ਟਰੀ ਸੁਰੱਖਿਆ ਸਲਾਹਕਾਰ ਜੇਕ ਸੁਲੀਵਾਨ ਸਾਲਾਨਾ ''ਕ੍ਰਿਟੀਕਲ ਐਂਡ ਐਮਰਜਿੰਗ ਟੈਕਨਾਲੋਜੀ'' (ICET) ਵਾਰਤਾਲਾਪ ਲਈ ਨਵੀਂ ਦਿੱਲੀ ਜਾਣ ਵਾਲੇ ਹਨ। ਸੁਲੀਵਾਨ ਅਪਣੇ ਭਾਰਤੀ ਹਮਰੁਤਬਾ ਅਜੀਤ ਡੋਭਾਲ ਨਾਲ ਇਸ ਵਾਰਤਾਲਾਪ ਵਿੱਚ ਹਿੱਸਾ ਲੈਣਗੇ।

# ਪਾਕਿਸਤਾਨੀ ਸੰਸਦ 'ਚ ਭਾਰਤੀ ਚੋਣਾਂ ਦੀ ਤਾਰੀਫ਼ ਹੋਈ

ਸੈਸਕਾਟੂਨ (ਪੰਜਾਬੀ ਅਖ਼ਬਾਰ ਬਿਊਰੋ ) ਪਾਕਿਸਤਾਨੀ ਸੰਸਦ 'ਚ ਇਮਰਾਨ ਖਾਨ ਦੀ ਪਾਰਟੀ ਪੀ ਟੀ ਆਈ ਦੇ ਸੰਸਦ ਮੈਂਬਰ ਸ਼ਿਬਲੀ ਫਰਾਜ਼ ਨੇ ਭਾਰਤ 'ਚ ਹੋਈਆਂ ਚੋਣਾਂ ਦੀ ਤਾਰੀਫ ਕੀਤੀ ਹੈ। ਉਨ੍ਹਾਂ ਨੇ ਕਿਹਾ ਕਿ ਸਾਰੇ ਜਾਣਦੇ ਹਨ ਕਿ ਪਾਕਿਸਤਾਨ 'ਚ ਹੋਈਆਂ ਚੋਣਾਂ 'ਚ ਧਾਂਦਲੀ ਹੋਈ ਪਰ ਸਾਡੇ ਗੁਆਂਢੀ ਦੇਸ਼ 'ਚ ਵੀ ਚੋਣਾਂ ਹੋਈਆਂ। ਪਰ ਅੱਜ ਕੋਈ ਇਹ ਨਹੀਂ ਕਹਿ ਸਕਦਾ ਕਿ ਇਨਾਂ ਚੋਣਾਂ 'ਚ ਕੋਈ ਧਾਂਦਲੀ ਹੋਈ ਸੀ। ਉਨ੍ਹਾਂ ਕਿਹਾ ਕਿ ਭਾਰਤ ਵਿੱਚ 80 ਕਰੋੜ ਲੋਕਾਂ ਨੇ ਵੋਟ ਪਾਈ ਹੈ। ਵੋਟਿੰਗ ਲਈ ਉੱਥੇ ਲੱਖਾਂ ਪੋਲਿੰਗ ਸਟੇਸ਼ਨ ਬਣਾਏ ਗਏ ਸਨ। ਇੱਕ ਵਿਅਕਤੀ ਲਈ ਇੱਕ ਵੋਟਿੰਗ ਕੇਂਦਰ ਵੀ ਬਣਾਇਆ ਗਿਆ ਸੀ। ਭਾਰਤ ਵਿੱਚ ਪੂਰੀ ਚੋਣ ਈਵੀਐਮ ਦੀ ਵਰਤੋਂ ਕਰਕੇ ਕਰਵਾਈ ਗਈ, ਜੋ ਇੱਕ ਮਹੀਨੇ ਤੋਂ ਵੱਧ ਸਮੇਂ ਤੱਕ ਚੱਲੀ। ਫਰਾਜ ਨੇ ਆਪਣੀ ਸਰਕਾਰ ਨੂੰ ਪੁੱਛਿਆ- ਕੀ ਭਾਰਤ ਦੀਆਂ ਚੋਣਾਂ ਦੇ ਨਤੀਜਿਆਂ ਨੂੰ ਲੈ ਕੇ ਅਜੇ ਤੱਕ ਇੱਕ ਵੀ ਆਵਾਜ਼ ਉਠਾਈ ਗਈ ਹੈ? ਉਥੇ ਸਾਰੀਆਂ ਪਾਰਟੀਆਂ ਨੇ ਚੋਣਾਂ ਨਿਰਪੱਖ ਹੋਣ ਦਾ ਸਮਰਥਨ ਕੀਤਾ ਹੈ। ਉਨ੍ਹਾਂ ਸੰਸਦ ਵਿੱਚ ਸਵਾਲ ਉਠਾਇਆ ਕਿ ਕੀ ਪਾਕਿਸਤਾਨ ਵਿੱਚ ਕਦੇ ਵੀ ਬਿਨਾਂ ਕਿਸੇ ਧਾਂਦਲੀ ਦੇ ਚੋਣਾਂ ਹੋ ਸਕਦੀਆਂ ਹਨ?

## ਟੋਰਾਂਟੋ ਦੀ ਇਤਿਹਾਸਿਕ ਚਰਚ ਸੜ ਕੇ ਸੁਆਹ ਹੋਈ

ਟੋਰਾਂਟੋ (ਪੰਜਾਬੀ ਅਖ਼ਬਾਰ ਬਿਊਰੋ ) ਟੋਰਾਂਟੋ ਦੀ



ਇਤਿਹਾਸਿਕ St. Anne's Angilcan Church ਅੱਗ ਲੱਗਣ ਕਾਰਨ ਪੂਰੀ ਤਰਹਾਂ ਤਬਾਹ ਹੋ ਗਈ ਹੈ ਜਿਸ ਦੀ ਜਾਂਚ ਵੱਖ-ਵੱਖ ਏਜੰਸੀਆਂ ਵੱਲੋਂ ਕੀਤੀ ਜਾ ਰਹੀ ਹੈ ਹਾਲਾਂਕਿ ਟਰਾਂਟੋ ਪੁਲਿਸ ਨੇ ਆਖਿਆ ਹੈ ਕਿ ਫਿਲਹਾਲ ਇਸ ਇਤਿਹਾਸਿਕ ਚਰਚ ਨੂੰ ਲੱਗੀ ਅੱਗ ਸ਼ਕੀ ਨਹੀਂ ਲੱਗ ਰਹੀ ਹੈ ਪਰ ਬਾਵਜੂਦ ਇਸਦੇ ਅੱਗ ਲੱਗਣ ਦੇ ਕਾਰਨਾਂ ਦੀ ਬਰੀਕੀ ਨਾਲ ਜਾਂਚ ਕੀਤੀ ਜਾ ਰਹੀ ਹੈ ਇਸ ਚਰਚ ਦੀ ਸਥਾਪਨਾ 1907 ਅਤੇ 1908 ਦੇ ਵਿੱਚਾਲੇ ਹੋਈ ਸੀ ਅਤੇ 1996 ਵਿੱਚ ਇਸ ਨੂੰ ਰਾਸ਼ਟਰੀ ਇਤਿਹਾਸਕ ਇਮਾਰਤ ਦਾ ਦਰਜਾ ਦਿੱਤਾ ਗਿਆ ਸੀ ਤੇ 1980 ਵਿੱਚ ਇਸ ਨੂੰ -ਟਾਰੀ- ਹੈਰੀਟੇਜ ਐਕਟ ਦੇ ਅਧੀਨ ਲੈ ਲਿਆ ਗਿਆ ਸੀ ਇਹ ਵੀ ਦੱਸਣਾ ਬਣਦਾ ਹੈ ਕਿ 1920 ਵਿੱਚ ਕੈਨੇਡਾ ਦੇ ਪ੍ਰਮੁੱਖ ਆਰਟਿਸਟਾਂ ਦੀਆਂ ਪੇਂਟਿੰਗ ਇਸ ਚਰਚ ਵਿੱਚ ਲਗਾਈਆਂ ਗਈਆਂ ਸਨ ਜੋ ਕਿ ਜਿਸ ਜੀਸਸ ਕਰਾਈਸਟ ਦੀ ਜ਼ਿੰਦਗੀ 'ਤੇ ਅਧਾਰਿਤ ਸਨ।

## ਫਰੰਟ ਲਾਈਨ ਵਰਕਰਾਂ ਦੀ ਜਲਦੀ ਪੈਨਸ਼ਨ ਦਾ ਘੇਰਾ ਵਧਾਇਆ ਜਾਵੇਗਾ -ਅਨੀਤਾ ਆਨੰਦ



ਸੈਸਕਾਟੂਨ (ਪੰਜਾਬੀ ਅਖ਼ਬਾਰ ਬਿਊਰੋ )ਕੈਨੇਡਾ ਟਰੈਜਰੀ ਬੋਰਡ ਜਾਂ ਕੈਨੇਡਾ ਦੇ ਖਜ਼ਾਨਾ ਬੋਰਡ ਦੀ ਚੇਅਰ ਪਰਸਨ ਅਨੀਤਾ ਆਨੰਦ ਨੇ ਐਲਾਨ ਕੀਤਾ ਹੈ ਕਿ ਫਰੰਟ ਲਾਈਨ ਵਰਕਰਾਂ ਜਿਨਾਂ ਵਿੱਚ ਫਾਇਰ ਫਾਈਟਰ ਪੈਰਾਮੈਡਿਕਸ ਕਰੈਕਸ਼ਨਲ ਸਰਵਿਸ , ਪੈਰਾਮਿਲਟਰੀ ਪ੍ਰੋਟੈਕਸ਼ਨ ਆਫਿਸਰ , ਸਰਚ ਐਂਡ ਰੈਸਕਿਊ ਟੈਕਨੀਸ਼ੀਅਨ ਅਤੇ ਬਾਰਡਰ ਸਰਵਿਸ ਅਫਸਰ ਸ਼ਾਮਿਲ ਹਨ ਦੀ ਜਲਦੀ ਪੈਨਸ਼ਨ ਦੀ ਯੋਗਤਾ ਦਾ ਦਾਇਰਾ ਵਧਾਇਆ ਜਾ ਰਿਹਾ ਹੈ ਆਨੰਦ ਨੇ ਕਿਹਾ, "ਇਹ ਪ੍ਰਸਤਾਵਿਤ ਤਬਦੀਲੀਆਂ ਇਸ ਗੱਲ ਨੂੰ ਇੱਕਸਾਰਤਾ ਪ੍ਰਦਾਨ ਕਰਨਗੀਆਂ ਕਿ ਕਿਵੇਂ ਪੈਨਸ਼ਨ ਯੋਜਨਾ ਇਹਨਾਂ ਕਿੱਤਾਮੁਖੀ ਸਮੂਹਾਂ ਲਈ ਰੋਜ਼ਾਨਾ ਦੇ ਕਰਤੱਵਾਂ ਦੀ ਮੰਗ ਵਾਲੀ ਪ੍ਰਕਿਰਤੀ ਨੂੰ ਪਛਾਣਦੀ ਹੈ, ਜਿਨ੍ਹਾਂ ਦੀ ਸਾਡੇ ਦੇਸ਼ ਦੀ ਆਬਾਦੀ ਦੀ ਸੁਰੱਖਿਆ ਕਰਨ ਵਿੱਚ ਮਹੱਤਵਪੂਰਨ ਭੂਮਿਕਾ ਹੈ।

## ਫ਼ਰਾਂਸ ਦੀ ਸੰਸਦ ਅਚਾਨਕ ਭੰਗ ਹੋਈ

ਐਡਮਿੰਟਨ (ਪੰਜਾਬੀ ਅਖ਼ਬਾਰ ਬਿਊਰੋ ) ਫ਼ਰਾਂਸ ਵਿੱਚ ਰਾਸ਼ਟਰਪਤੀ ਇਮੈਨੁਅਲ ਮੈਕਰੋਨ ਨੇ ਇੱਕ ਹੈਰਾਨ ਕਰਨ ਵਾਲਾ ਕਦਮ ਚੁੱਕਦਿਆਂ ਸੰਸਦ ਨੂੰ ਭੰਗ ਕਰ ਦਿੱਤਾ। ਜਾਣਕਾਰੀ ਮੁਤਾਬਕ ਉਨ੍ਹਾਂ ਨੇ ਇਹ ਫੈਸਲਾ ਯੂਰਪੀ ਸੰਸਦ ਚੋਣਾਂ ਵਿੱਚ ਪਾਰਟੀ ਦੀ ਹਾਰ ਨੂੰ ਦੇਖਦਿਆਂ ਲਿਆ ਹੈ। ਐਗਜ਼ਿਟ ਪੋਲ ਮੁਤਾਬਕ ਮੈਕਰੋਨ ਆਪਣੀ ਕੱਟੜ ਵਿਰੋਧੀ ਮਰੀਨ ਲੇ ਪੇਨ ਦੀ ਸੱਜੇ ਪੱਖੀ ਪਾਰਟੀ 'ਨੈਸ਼ਨਲ ਰੈਲੀ' ਤੋਂ ਹਾਰ ਰਹੇ ਹਨ। ਦਰਅਸਲ, ਯੂਰਪੀਅਨ ਯੂਨੀਅਨ (ਈਯੂ) ਯੂਰਪੀਅਨ ਦੇਸ਼ਾਂ ਦਾ ਇੱਕ ਵੱਡਾ ਸੰਗਠਨ ਹੈ, ਜਿਸਦਾ ਗਠਨ ਦੂਜੇ ਵਿਸ਼ਵ ਯੁੱਧ ਤੋਂ ਬਾਅਦ ਹੋਇਆ ਸੀ। ਇਸ ਦਾ ਮਕਸਦ ਯੂਰਪ ਦੇ ਸਾਰੇ ਦੇਸ਼ਾਂ ਨੂੰ ਇੱਕਜੁੱਟ ਰੱਖਣਾ ਹੈ। ਯੂਰਪੀਅਨ ਯੂਨੀਅਨ ਦੇ ਚੋਣਾਂ ਵਿੱਚ ਪਛੜਨ ਦੇ ਅਨੁਮਾਨ ਤੋਂ ਬਾਅਦ ਹੀ ਮੈਕਰੋਨ ਨੇ ਨਿਰਧਾਰਤ ਸਮੇਂ ਤੋਂ 3 ਸਾਲ ਪਹਿਲਾਂ ਸੰਸਦ ਨੂੰ ਭੰਗ ਕਰਨ ਦਾ ਫੈਸਲਾ ਕੀਤਾ ਸੀ। ਫਰਾਂਸ ਵਿੱਚ 2022 ਵਿੱਚ ਹੀ ਸੰਸਦੀ ਚੋਣਾਂ ਹੋਈਆਂ ਸਨ। ਐਗਜ਼ਿਟ ਪੋਲ ਸਾਹਮਣੇ ਆਉਣ ਤੋਂ ਬਾਅਦ, ਰਾਸ਼ਟਰੀ ਰੈਲੀ ਦੇ ਨੇਤਾ ਜਾਰਡਨ ਬਾਰਡੇਲਾ ਨੇ ਮੈਕਰੋਨ ਤੋਂ ਸੰਸਦ ਭੰਗ ਕਰਨ ਦੀ ਮੰਗ ਕੀਤੀ ਸੀ।

# ਚੀਨ 'ਚ ਅਮਰੀਕੀ ਅਧਿਆਪਕਾਂ 'ਤੇ ਹਮਲਾ

ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ ) ਚੀਨ ਦੇ ਜਿਲਿਨ ਸ਼ਹਿਰ 'ਚ ਚਾਰ ਅਮਰੀਕੀ ਕਾਲਜ ਅਧਿਆਪਕਾਂ 'ਤੇ ਚਾਕੂ ਨਾਲ ਹਮਲਾ ਕੀਤਾ ਗਿਆ। ਹਮਲੇ 'ਚ ਇੱਕ ਮਹਿਲਾ ਅਧਿਆਪਕ ਸਮੇਤ ਚਾਰੇ ਜਣੇ ਬੁਰੀ ਤਰ੍ਹਾਂ ਜ਼ਖਮੀ ਹੋ ਗਏ, ਜਿਸ ਤੋਂ ਬਾਅਦ ਉਨ੍ਹਾਂ ਨੂੰ ਹਸਪਤਾਲ 'ਚ ਭਰਤੀ ਕਰਵਾਇਆ ਗਿਆ। ਜਾਣਕਾਰੀ ਮੁਤਾਬਕ ਅਮਰੀਕਾ ਦੇ ਆਇ-ਵਾ ਸੂਬੇ ਦੇ ਕਾਰਨੇਲ ਕਾਲਜ ਦੇ ਸਾਰੇ ਅਧਿਆਪਕ ਇੱਕ ਪਬਲਿਕ ਪਾਰਕ ਵਿੱਚ ਮੌਜੂਦ ਸਨ ਜਦੋਂ ਉਨ੍ਹਾਂ 'ਤੇ ਹਮਲਾ ਹੋਇਆ। ਸੋਸ਼ਲ ਮੀਡੀਆ 'ਤੇ ਸ਼ੇਅਰ ਕੀਤੀ ਜਾ ਰਹੀ ਵੀਡੀ- 'ਚ ਜ਼ਖਮੀ ਅਧਿਆਪਕ ਖ਼ੂਨ ਨਾਲ ਲੱਥਪੱਥ ਜ਼ਮੀਨ 'ਤੇ ਪਏ ਦਿਖਾਈ ਦੇ ਰਹੇ ਹਨ। ਹਮਲਾ ਕਿਸ ਨੇ ਕੀਤਾ ਅਤੇ ਕਿਉਂ ਕੀਤਾ, ਇਸ ਬਾਰੇ ਜਾਣਕਾਰੀ ਸਾਹਮਣੇ ਨਹੀਂ ਆਈ ਹੈ। ਜਾਣਕਾਰੀ ਮੁਤਾਬਕ ਵੀਡੀ- ਚੀਨ ਦੇ ਬੇਸ਼ਾਨ ਪਾਰਕ ਦਾ ਹੈ। ਅਮਰੀਕੀ ਵਿਦੇਸ਼ ਵਿਭਾਗ ਨੇ ਕਿਹਾ ਹੈ ਕਿ ਉਨ੍ਹਾਂ ਨੂੰ ਮਾਮਲੇ ਦੀ ਜਾਣਕਾਰੀ ਮਿਲੀ ਹੈ ਅਤੇ ਉਹ ਇਸ 'ਤੇ ਨਜ਼ਰ ਰੱਖ ਰਹੇ ਹਨ।ਇਹ ਅਮਰੀਕੀ ਅਧਿਆਪਕ ਚੀਨ ਦੀ ਇੱਕ ਯੂਨੀਵਰਸਿਟੀ ਨਾਲ ਸਾਂਝੇ ਪ੍ਰੋਗਰਾਮ ਤਹਿਤ ਚੀਨ ਆਏ ਸਨ। ਕਾਰਨੇਲ ਕਾਲਜ ਨੇ ਦੱਸਿਆ ਕਿ ਉਹ ਹਮਲੇ ਤੋਂ ਬਾਅਦ ਸਾਰੇ ਅਧਿਆਪਕਾਂ ਦੇ ਸੰਪਰਕ ਵਿੱਚ ਹਨ। ਉਨ੍ਹਾਂ ਨੂੰ ਲੋੜੀਂਦੀ ਮਦਦ ਮੁਹੱਈਆ ਕਰਵਾਈ ਜਾ ਰਹੀ ਹੈ।

## ਕੈਲਗਰੀ ਦੇ ਡ੍ਰਾਈਵਰੋ ਸਾਵਧਾਨ ਹੋ ਜਾਓ , ਨਹੀਂ ਤਾਂ ਠੱਗੇ ਜਾਓਗੇ

ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ ) ਕੈਲਗਰੀ ਪਾਰਕਿੰਗ ਅਥਾਰਟੀ ਯਾਨੀ ਸੀਪੀਏ ਨੇ ਡਰਾਈਵਰਾਂ ਨੂੰ ਚੇਤਾਵਨੀ ਜਾਰੀ ਕੀਤੀ ਹੈ ਕਿ ਜੇਕਰ ਉਹਨਾਂ ਦੀ ਗੱਡੀ ਦੀ ਸਕਰੀਨ ਤੇ ਪਾਰਕਿੰਗ ਟਿਕਟ ਲੱਗੀ ਹੋਈ ਮਿਲਦੀ ਹੈ ਤਾਂ ਉਹ ਇਸ ਨੂੰ ਇੱਕ ਧਿਆਨ ਨਾਲ ਦੇਖ ਲੈਣ ਅਧਿਕਾਰੀਆਂ ਨੇ ਦੱਸਿਆ ਕਿ ਕੁਝ ਧੋਖੇਬਾਜ਼ਾਂ ਜਾਂ ਠੱਗਾਂ ਵੱਲੋਂ ਜਾਲੀ ਪਾਰਕਿੰਗ ਟਿਕਟਾਂ ਛਪਵਾਈਆਂ ਗਈਆਂ ਹਨ ਅਤੇ ਉਹ ਇਸ ਤਰ੍ਹਾਂ ਦਾਅਵਾ ਕਰਦੇ ਹਨ ਕਿ ਟਿਕਟ ਦੇਣ ਵਾਲੀ ਅਥਾਰਟੀ ਸਿਟੀ ਦੀ ਏਜੰਸੀ ਹੈ। ਸੀਪੀਏ ਨੇ ਆਖਿਆ ਕਿ ਇਹਨਾਂ ਟਿਕਟਾਂ ਉੱਪਰ ਲੋਕਾਂ ਨੂੰ ਆਪਣਾ ਜੁਰਮਾਨਾ calgaryparkplus.com ਵੈੱਬਸਾਈਟ ਉੱਪਰ ਤਾਰਨ ਲਈ ਕਿਹਾ ਜਾਂਦਾ ਹੈ ਜੋ ਕਿ ਅਧਿਕਾਰਤ ਵੈਬਸਾਈਟ ਨਹੀਂ ਹੈ। ਅਧਿਕਾਰੀਆਂ ਨੇ ਅੱਗੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਸਿਟੀ ਦੀਆਂ ਸਿੱਧੇ ਭੁਗਤਾਨ ਵਾਲੀ ਵਾਲੀਆਂ ਵੈਬਸਾਈਟਾਂ calgaryparikng.com/itckets aqy parikngitckets.calgaryparikng.com ਹਨ

## ਡਰੱਗ ਤਸਕਰੀ ਗਿਰੋਹ ਦੇ 5 ਜਣੇ ਫੜ੍ਹੇ ਗਏ

ਵੈਨਕੂਵਰ (ਪੰਜਾਬੀ ਅਖ਼ਬਾਰ ਬਿਊਰੋ ) ਵੈਨਕੂਵਰ ਪੁਲੀਸ ਨੇ 14 ਮਹੀਨੇ ਤੱਕ ਚੱਲੀ ਲੰਬੀ ਜਾਂਚ ਉਪਰੰਤ ਕੁਬੈਕ ਦੇ ਇੱਕ ਡਰੱਗ ਤਸਕਰੀ ਗਿਰੋਹ ਦਾ ਪਰਦਾਫਾਸ਼ ਕੀਤਾ ਹੈ ਅਤੇ ਪੰਜ ਜਣਿਆਂ ਨੂੰ ਗ੍ਰਿਫਤਾਰ ਕੀਤਾ ਗਿਆ ਹੈ ਵੈਨਕੂਵਰ ਪੁਲਿਸ ਨੇ ਇਸ ਸਬੰਧੀ ਜਾਣਕਾਰੀ ਦਿੰਦਿਆਂ ਦੱਸਿਆ ਕਿ ਉਹਨਾਂ ਨੇ ਜ਼ੋਨ 43 ਗੈਂਗ ਦੇ ਕੋਲੋਂ 24 ਕਿੱਲੋ ਡਰੱਗਸ ਜਿਨਾਂ ਵਿੱਚ ਫੈਂਟਾਨੀਲ ਕੋਕੀਨ ਅਤੇ ਮੈਥ ਆਦਿ ਸ਼ਾਮਿਲ ਹਨ ਤੋਂ ਇਲਾਵਾ ਦੋ ਪਿਸਤੌਲਾਂ ਅਤੇ ਡੇਢ ਲੱਖ ਡਾਲਰ ਕੈਸ਼ ਬਰਾਮਦ ਕੀਤੇ ਹਨ ਇੰਸਪੈਕਟਰ ਫਿਲ ਹਰਡ ਨੇ ਜਾਰੀ ਕੀਤੇ ਬਿਆਨ ਵਿੱਚ ਆਖਿਆ ਹੈ ਕਿ ਫੜੇ ਗਏ ਪੰਜਾਂ ਜਣਿਆਂ ਉੱਪਰ ਵੱਖ-ਵੱਖ ਧਾਰਾਵਾਂ ਤਹਿਤ ਕੇਸ ਦਰਜ ਕੀਤੇ ਗਏ ਹਨ।

## ਮੋਰੇਨ ਝੀਲ ਦੁਨੀਆ ਦੀਆਂ ਸਭ ਤੋਂ ਖ਼ੂਬਸੂਰਤ ਝੀਲਾਂ ਦੀ ਸੂਚੀ ਵਿੱਚ ਸ਼ਾਮਿਲ

ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ ) ਅਲਬਰਟਾ ਦੇ ਰਾਕੀ ਮਾਊਂਟੇਨ ਵਿੱਚ ਸਥਿਤ ਮੋਰੇਨ ਝੀਲ ਨੂੰ ਦੁਨੀਆ ਦੀਆਂ ਸਭ ਤੋਂ ਖ਼ੂਬਸੂਰਤ ਝੀਲਾਂ ਦੀ ਸੂਚੀ ਵਿੱਚ ਸ਼ਾਮਿਲ ਕੀਤਾ ਗਿਆ ਹੈ। ਇਸ ਸੂਚੀ ਇੱਕ ਟਰੈਵਲਰ ਮੈਗਜ਼ੀਨ ਵਿੱਚ ਛਾਪੀ ਗਈ ਹੈ। ਲੇਖ ਵਿੱਚ ਕਿਹਾ ਗਿਆ ਹੈ ਕਿ ਬੈਂਫ ਨੈਸ਼ਨਲ ਪਾਰਕ ਵਿੱਚ ਖ਼ੂਬਸੂਰਤ ਝੀਲਾਂ ਦੀ ਕੋਈ ਕਮੀ ਨਹੀਂ ਹੈ, ਲੇਕਿਨ ਮੋਰੇਨ ਝੀਲ ਸਭ ਤੋਂ ਅਲੱਗ ਹੈ। ਇਸ ਝੀਲ ਦਾ ਆਕਰਸ਼ਕ ਰੰਗ ਆਸਪਾਸ ਦੇ ਗਲੇਸ਼ੀਅਰਾਂ ਤੋਂ ਆਉਣ ਵਾਲੇ ਖਣਿਜਾਂ ਕਾਰਨ ਹੈ,। ਲੇਖ ਵਿੱਚ ਨੇੜਲੇ ਮੋਰੇਨ ਲੇਕ ਲਾਜ਼ ਵਿੱਚ ਠਹਿਰਣ ਦਾ ਸੁਝਾਅ ਦਿੱਤਾ ਗਿਆ ਹੈ, ਸੂਚੀ ਵਿੱਚ ਸ਼ਾਮਿਲ ਹੋਰ ਕੈਨੇਡੀਅਨ ਝੀਲਾਂ ਵਿੱਚ ਲੇਕ ਵਿੰਨੀਪੇਗ ਅਤੇ ਲੇਕ ਸੁਪੀਰੀਅਰ ਸ਼ਾਮਿਲ ਹਨ, ਜੋ ਅਮਰੀਕਾ ਵਿੱਚ ਵੀ ਪ੍ਰਵੇਸ਼ ਕਰਦੀਆਂ ਹਨ।

# ਤਰੱਕੀ ਦੇ ਮਾਮਲੇ 'ਚ ਗੁਆਂਢੀਆਂ ਤੋਂ ਅੱਗੇ ਨਿਕਲਾਂਗੇ - ਸ਼ਾਹਬਾਜ਼ ਸ਼ਰੀਫ

ਇਸਲਾਮਾਬਾਦ (ਪੰਜਾਬੀ ਅਖ਼ਬਾਰ ਬਿਊਰੋ ) ਪਾਕਿਸਤਾਨ ਦੇ ਪ੍ਰਧਾਨ ਮੰਤਰੀ ਸ਼ਾਹਬਾਜ਼ ਸ਼ਰੀਫ਼ ਨੇ ਅਹਿਦ ਲਿਆ ਹੈ ਕਿ ਪਾਕਿਸਤਾਨ ਦੀ ਵਿਦੇਸ਼ੀ ਸਹਾਇਤਾ 'ਤੇ ਨਿਰਭਰਤਾ ਛੇਤੀ ਖ਼ਤਮ ਕੀਤੀ ਜਾਵੇਗੀ। ਆਰਥਿਕ ਸੁਧਾਰਾਂ ਦੇ ਖਾਕੇ ਦਾ ਜ਼ਿਕਰ ਕਰਦਿਆਂ ਉਨ੍ਹਾਂ ਕਿਹਾ ਕਿ ਸਰਕਾਰੀ ਖ਼ਰਚੇ ਘਟਾ ਕੇ ਅਤੇ ਆਰਥਿਕਤਾ ਨੂੰ ਨਵੇਂ ਸਿਰੇ ਤੋਂ ਹੁਲਾਰਾ ਦੇ ਕੇ ਪਾਕਿਸਤਾਨ ਨੂੰ ਗੁਆਂਢੀ ਮੁਲਕਾਂ ਤੋਂ ਅਗਾਂਹ



ਲਿਆਂਦਾ ਜਾਵੇਗਾ। ਉਨ੍ਹਾਂ ਕਿਹਾ ਕਿ ਹਰੇਕ ਅਤਿਵਾਦੀ, ਤਸਕਰ, ਬਿਜਲੀ ਅਤੇ ਟੈਕਸ ਚੋਰ ਅਰਥਚਾਰੇ ਦਾ ਦੁਸ਼ਮਣ ਹੈ। ਕੌਮ ਦੇ ਨਾਮ ਆਪਣੇ ਸੰਬੋਧਨ 'ਚ ਸ਼ਰੀਫ਼ ਨੇ ਆਸ ਜਤਾਈ ਕਿ ਕੌਮਾਂਤਰੀ ਮੁਦਰਾ ਫੰਡ (ਆਈਐੱਮਐੱਫ) ਕੋਲ ਰਾਹਤ ਪੈਕੇਜ ਸਬੰਧੀ ਸਮਝੌਤਾ ਪਾਕਿਸਤਾਨ ਦੇ ਇਤਿਹਾਸ ਦਾ ਆਖਰੀ ਹੋਵੇਗਾ। ਪਾਕਿਸਤਾਨ ਸਰਕਾਰ ਆਈਐੱਮਐੱਫ ਤੋਂ 6 ਤੋਂ 8 ਅਰਬ ਡਾਲਰ ਦਾ ਕਰਜ਼ਾ ਲੈਣ ਲਈ ਗੱਲਬਾਤ ਕਰ ਰਹੀ ਹੈ।












# ਪਹਿਲੀ ਵਾਰ ਆਹਮੋ-ਸਾਹਮਣੇ ਹੋਣਗੇ ਜੋਅ ਬਿਡੇਨ ਅਤੇ ਡੋਨਾਲਡ ਟਰੰਪ, ਦੇਖ ਸਕਣਗੇ ਲੱਖਾਂ ਦਰਸ਼ਕ



ਵਾਸ਼ਿੰਗਟਨ(ਪੰਜਾਬੀ ਅਖਬਾਰ ਬਿਊਰੋ)- ਅਮਰੀਕਾ 'ਚ ਰਾਸ਼ਟਰਪਤੀ ਅਹੁਦੇ ਲਈ ਇਸ ਸਾਲ ਨਵੰਬਰ ਮਹੀਨੇ ਚੋਣਾਂ ਹੋ ਰਹੀਆਂ ਹਨ। ਜਿਸ ਵਿੱਚ ਸਾਬਕਾ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਰਾਸ਼ਟਰਪਤੀ ਚੋਣਾਂ ਲਈ ਰਿਪਬਲਿਕਨ ਵਲੋਂ ਨਾਮਜ਼ਦਗੀ ਦੀ ਦੌੜ ਵਿੱਚ ਆਪਣੇ ਵਿਰੋਧੀਆਂ ਨਾਲ ਕਿਸੇ ਵੀ ਬਹਿਸ ਵਿੱਚ ਹਿੱਸਾ ਨਹੀਂ ਲਿਆ। ਹੁਣ ਉਹ ਇਕ ਟੀ.ਵੀ. ਬਹਿਸ ਵਿੱਚ ਭਿੜਨਗੇ, ਜਿਸ ਨੂੰ ਲੱਖਾਂ ਦਰਸ਼ਕ ਦੇਖਣਗੇ। ਦੋਵਾਂ ਵਿਚਾਲੇ ਪਹਿਲੀ ਬਹਿਸ 27 ਜੂਨ ਨੂੰ ਹੋਵੇਗੀ। ਸਾਰੀ ਬਹਿਸ ਦੌਰਾਨ ਮਾਈਕ੍ਰੋਫ਼ੋਨ ਬੰਦ ਰਹਿਣਗੇ, ਸਿਵਾਏ ਉਮੀਦਵਾਰ ਨੂੰ ਛੱਡ ਕੇ ਜਿਸ ਦੀ ਵਾਰੀ ਬੋਲਣ ਦੀ ਹੈ। ਦੋਵੇਂ ਉਮੀਦਵਾਰ 90 ਮਿੰਟ ਦੀ ਬਹਿਸ ਦੌਰਾਨ ਬਰਾਬਰ ਉੱਚਾਈ ਵਾਲੇ ਪੋਡੀਅਮਾਂ 'ਤੇ ਖੜ੍ਹੇ ਹੋਣਗੇ।

ਪਹਿਲਾਂ ਕਿਸ ਨੂੰ ਮੌਕਾ ਦਿੱਤਾ ਜਾਣਾ ਚਾਹੀਦਾ ਹੈ ਇਸ ਦਾ ਫ਼ੈਸਲਾ ਸਿੱਕਾ ਉਛਾਲ ਕੇ ਕੀਤਾ ਜਾਵੇਗਾ। ਉਮੀਦਵਾਰਾਂ ਨੂੰ ਇੱਕ ਪੈੱਨ, ਕਾਗਜ਼ ਦਾ ਇੱਕ ਪੈਡ ਅਤੇ ਪਾਣੀ ਦੀ ਇੱਕ ਬੋਤਲ ਦਿੱਤੀ ਜਾਵੇਗੀ, ਪਰ ਉਹ ਪ੍ਰੋਪਸ ਦੀ ਵਰਤੋਂ ਕਰਨ ਦੇ ਯੋਗ ਨਹੀਂ ਹੋਣਗੇ। ਇਸ ਦੌਰਾਨ, ਸਿਰਫ਼ 2 ਇਸ਼ਤਿਹਾਰ ਬ੍ਰੇਕ ਹੋਣਗੇ ਅਤੇ ਸਟੂਡੀਓ ਵਿੱਚ ਕੋਈ ਦਰਸ਼ਕ ਨਹੀਂ ਹੋਵੇਗਾ। ਮਈ ਵਿੱਚ, ਦੋਵੇਂ 2 ਬਹਿਸਾਂ ਵਿੱਚ ਹਿੱਸਾ ਲੈਣ ਲਈ ਸਹਿਮਤ ਹੋਏ, ਜਿਨ੍ਹਾਂ ਵਿੱਚੋਂ ਇੱਕ ਇਸ ਮਹੀਨੇ ਐਟਲਾਂਟਾ ਵਿੱਚ ਇੱਕ ਸੀ.ਐੱਨ.ਐੱਨ. ਬਹਿਸ ਹੋਵੇਗੀ ਅਤੇ ਦੂਜੀ 10 ਸਤੰਬਰ ਨੂੰ ਏ.ਬੀ.ਸੀ. ਬਹਿਸ ਹੋਵੇਗੀ।

# ਆਰਥਿਕ ਮੰਦੀ ਕਾਰਨ ਪਾਕਿਸਤਾਨ 'ਚ ਵਧੇ ਅਪਰਾਧ, ਪਿਛਲੇ ਸਾਲ ਦੇ ਮੁਕਾਬਲੇ



ਕਰਾਚੀ (ਪੰਜਾਬੀ ਅਖਬਾਰ ਬਿਊਰੋ)- ਪਾਕਿਸਤਾਨ ਦੀ ਆਰਥਿਕ ਰਾਜਧਾਨੀ ਅਤੇ ਸਭ ਤੋਂ ਵੱਡੇ ਸ਼ਹਿਰ ਕਰਾਚੀ 'ਚ ਅਪਰਾਧ ਤੇਜ਼ੀ ਨਾਲ ਵੱਧੇ ਹਨ। ਹਾਲ ਹੀ 'ਚ ਫ਼ੋਨ ਚੋਰੀ ਕਰਨ ਦੀ ਕੋਸ਼ਿਸ਼ ਕਰ ਰਹੇ ਲੁਟੇਰਿਆਂ ਨੇ ਇੱਕ ਕਾਰ ਮੈਕੇਨਿਕ ਨੂੰ ਗੋਲੀ ਮਾਰ ਦਿੱਤੀ ਸੀ। ਇਸ ਦੇ ਇੱਕ ਦਿਨ ਪਹਿਲੇ ਲੁਟੇਰਿਆਂ ਨੇ ਇੱਕ ਦੁਕਾਨਦਾਰ ਅਤੇ ਬੈਂਕ ਤੋਂ ਕੈਸ਼ ਲੈ ਕੇ ਜਾ ਰਹੇ ਇੱਕ ਵਪਾਰੀ ਦਾ ਕਤਲ ਕਰ ਦਿੱਤਾ। ਕੁੱਝ ਦਿਨ ਪਹਿਲੇ ਵੀ ਲੁਟੇਰਿਆਂ ਨੇ 27 ਸਾਲਾ ਮਕੈਨੀਕਲ ਇੰਜੀਨੀਅਰ ਦਾ ਕਤਲ ਕਰਨ ਤੋਂ ਬਾਅਦ ਉਸ ਦਾ ਫ਼ੋਨ, ਪੈਸੇ ਅਤੇ ਮੋਟਰਸਾਇਕਲ ਲੁੱਟ ਲਈ ਸੀ। ਤਕਰੀਬਨ 2 ਕਰੋੜ ਦੀ ਆਬਾਦੀ ਵਾਲੀ ਕਰਾਚੀ 'ਚ ਲੋਕਾਂ ਦੇ ਮਨ 'ਚ ਇਹ ਡਰ ਬੈਠ ਗਿਆ ਹੈ ਕਿ ਸ਼ਹਿਰ 'ਚ ਕੋਈ ਸੁਰੱਖ਼ਿਅਤ ਨਹੀਂ ਹੈ। ਸਿਟੀਜਨ-ਪੁਲੀਸ ਲਾਈਜਨ ਕਮੇਟੀ ਅਨੁਸਾਰ ਪਿਛਲੇ ਸਾਲ ਦੀ ਤੁਲਨਾ 'ਚ ਇਸ ਸਾਲ ਕਤਲ, ਜ਼ਬਰਨ ਵਸੂਲੀ ਦੀ ਕੋਸ਼ਿਸ਼ ਅਤੇ ਮੋਟਰਸਾਇਕਲ ਚੋਰੀ ਦੀ ਰਿਪੋਰਟ ਦੀ ਗਿਣਤੀ ਦੁੱਗਣੀ ਹੋ ਗਈ ਹੈ। ਸਾਲ 2024 ਦੇ ਸ਼ੁਰੂ 'ਚ 5 ਮਹੀਨਿਆਂ 'ਚ ਘੱਟੋ-ਘੱਟ 58 ਲੋਕ ਲੁੱਟ-ਖੋਹ 'ਚ ਮਾਰੇ ਗਏ, ਜੋ 2023 ਦੇ ਸ਼ੁਰੂ 'ਚ 5 ਮਹੀਨਿਆਂ ਦੀ ਤੁਲਨਾ 'ਚ ਦੁੱਗਣੇ ਹਨ। ਮਾਹਿਰਾਂ ਦਾ ਕਹਿਣਾ ਹੈ ਕਿ ਅਪਰਾਧ ਵੱਧਣ ਦਾ ਇੱਕ ਮੁੱਖ ਕਾਰਨ ਪਾਕਿਸਤਾਨ ਦੀ ਆਰਥਿਕ ਮੰਦੀ ਹੈ, ਜੋ ਦਹਾਕਿਆਂ 'ਚ ਸਭ ਤੋਂ ਖ਼ਰਾਬ ਹੈ। ਮਹਿੰਗਾਈ ਵੀ ਆਪਣੇ ਰਿਕਾਰਡ ਪੱਧਰ 'ਤੇ ਹੈ। ਨਾਲ ਹੀ, 2022 'ਚ ਆਏ ਰਿਕਾਰਡ ਹੜ੍ਹ ਵਰਗੀਆਂ ਆਫ਼ਤਾਂ ਕਾਰਨ ਹਜ਼ਾਰਾਂ ਕਿਸਾਨ ਕੰਮ ਦੀ ਖੋਜ 'ਚ ਸ਼ਹਿਰ ਤੋਂ ਆਏ ਪਰ ਕੰਮ ਬਹੁਤ ਘੱਟ ਲੋਕਾਂ ਨੂੰ ਮਿਲਿਆ। ਸ਼ਹਿਰੀ ਗਰੀਬਾਂ 'ਚ ਹਤਾਸ਼ਾ ਸਿਖਰ 'ਤੇ ਹੈ। ਆਰਥਿਕ ਨਾਕਾਮੀ ਅਤੇ ਜਨਸੰਖਿਆ ਵਾਧੇ ਨਾਲ ਸਰਕਾਰ ਦੀ ਸਮਰੱਥਾ ਘੱਟ ਹੋ ਗਈ। ਮਨੁੱਖੀ ਅਧਿਕਾਰ ਕਮਿਸ਼ਨ ਦੇ ਉੱਪ ਪ੍ਰਧਾਨ ਕਾਜ਼ੀ ਖਿਜਰ ਨੇ ਕਿਹਾ ਕਿ ਵੱਧਦੇ ਅਪਰਾਧ ਅਨਿਆਂ ਅਤੇ ਸਰਕਾਰ ਦੀ ਅਸਫ਼ਲਤਾ ਦਾ ਨਤੀਜਾ ਹਨ।

# 12 ਦਿਨਾਂ 'ਚ 1,000 ਕਿਲੋਮੀਟਰ ਦੌੜੀ ਨਤਾਲੀ ਡਾਊ, ਭਿਆਨਕ ਗਰਮੀ ਕਾਰਨ ਬੂਟ ਤਕ ਪਿਘਲ ਗਏ ਸਨ



ਸਿੰਗਾਪੁਰ (ਪੰਜਾਬੀ ਅਖਬਾਰ ਬਿਊਰੋ)- ਸਿਰਫ਼ 12 ਦਿਨਾਂ 'ਚ 1000 ਕਿਲੋਮੀਟਰ ਦੌੜ ਕੇ ਨਵਾਂ ਕੀਰਤੀਮਾਨ ਸਥਾਪਤ ਕਰਨ ਵਾਲੀ ਨਤਾਲੀ ਡਾਊ ਨੂੰ ਹੁਣ ਗਿੰਨੀਜ਼ ਵਰਲਡ ਰਿਕਾਰਡ ਦੇ ਸਰਟੀਫ਼ਿਕੇਸ਼ਨ ਦਾ ਇੰਤਜ਼ਾਰ ਹੈ। ਉਨ੍ਹਾਂ ਨੇ 12 ਦਿਨਾਂ 'ਚ ਥਾਈਲੈਂਡ, ਮਲੇਸ਼ੀਆ ਅਤੇ ਸਿੰਗਾਪੁਰ ਤੋਂ ਹੁੰਦੇ ਹੋਏ ਵੱਡੀ ਯਾਤਰਾ ਪੂਰੀ ਕੀਤੀ ਹੈ। ਇਸ ਦੌਰਾਨ ਉਨ੍ਹਾਂ ਨੂੰ ਕਈ ਪ੍ਰੇਸ਼ਾਨੀਆਂ ਦਾ ਸਾਹਮਣਾ ਕਰਨਾ ਪਿਆ। ਜਿਵੇਂ ਭਿਆਨਕ ਗਰਮੀ ਦਾ ਸਾਹਮਣਾ ਕਰਦੇ ਹੋਏ ਡਾਊ ਦੇ ਬੂਟ ਤਕ ਪਿਘਲ ਗਏ ਸਨ। 52 ਸਾਲਾ ਡਾਊ ਦੀ ਇਹ ਇਤਿਹਾਸਕ ਯਾਤਰਾ 5 ਜੂਨ ਨੂੰ ਸਿੰਗਾਪੁਰ 'ਚ ਖ਼ਤਮ ਹੋ ਗਈ ਸੀ। ਇੱਕ ਅੰਗਰਜ਼ੀ ਅਖ਼ਬਾਰ ਨਾਲ ਗੱਲਬਾਤ 'ਚ ਉਨ੍ਹਾਂ ਕਿਹਾ, ''ਚਾਰ ਦਿਨਾਂ 'ਚ ਅੱਜ ਪਹਿਲੀ ਵਾਰ ਹੈ, ਜਦੋਂ ਮੈਂ ਸਵਾਲ ਕੀਤਾ ਹੈ ਕਿ ਕੀ ਸੱਚੀ ਮੈਂ ਇਸ ਕੰਮ ਨੂੰ ਪੂਰਾ ਕਰ ਦਿੱਤਾ ਹੈ। ਮੈਨੂੰ ਸਪੋਰਟਸ ਨਾਲ ਜੁੜੀਆਂ ਚੁਣੌਤੀਆਂ ਪਸੰਦ ਹਨ ਪਰ ਅਜਿਹੀਆਂ ਪ੍ਰੇਸ਼ਾਨੀਆਂ ਤੋਂ ਨਫ਼ਰਤ ਹੈ, ਜੋ ਕਈ ਵਾਰ ਆਉਂਦੀਆਂ ਹਨ।''

ਉਨ੍ਹਾਂ ਕਿਹਾ, ''ਇਸ ਤੋਂ ਫ਼ਰਕ ਨਹੀਂ ਪੈਂਦਾ ਕਿ ਤੁਸੀਂ ਪਹਿਲੇ ਨੰਬਰ 'ਤੇ ਆਏ ਹੋ ਜਾਂ ਸਭ ਤੋਂ ਆਖੀਰ 'ਚ। ਤੁਸੀਂ ਕੁੱਝ ਅਜਿਹਾ ਕੀਤਾ ਹੈ, ਜੋ ਦੁਨੀਆਂ ਦੀ 0.05 ਫ਼ੀਸਦੀ ਆਬਾਦੀ ਕਦੇ ਨਹੀਂ ਕਰ ਸਕੇਗੀ।'' ਖਾਸ ਗੱਲ ਹੈ ਕਿ ਦੌੜਨ ਦੌਰਾਨ ਉਨ੍ਹਾਂ ਨੇ 35 ਡਿਗਰੀ ਸੈਲਸੀਅਸ ਵਰਗੇ ਗਰਮ ਤਾਪਮਾਨ ਦਾ ਸਾਹਮਣਾ ਕੀਤਾ। ਪਹਿਲੇ ਹੀ ਦਿਨ ਤੋਂ ਪਹਿਲੇ ਲੱਕ 'ਚ ਸੱਟ ਦਾ ਸਾਹਮਣਾ ਕਰ ਰਹੀ ਹੈ ਅਤੇ ਉਨ੍ਹਾਂ ਦੇ ਬੂਟ ਵੀ ਪਿਘਲ ਗਏ ਸਨ। ਇੰਨਾ ਹੀ ਨਹੀਂ ਤੀਜੇ ਹੀ ਦਿਨ ਉਨ੍ਹਾਂ ਨੂੰ ਯੂ.ਟੀ.ਆਈ. ਦਾ ਸਾਹਮਣਾ ਕਰਨਾ ਪਿਆ। ਡਾਊ ਨੇ ਹਰ ਰੋਜ਼ ਘੱਟੋ-ਘੱਟ 84 ਕਿਲੋਮੀਟਰ ਦੂਰੀ ਤੈਅ ਕੀਤੀ। ਇਸ ਦੌਰਾਨ ਉਹ ਲਗਾਤਾਰ ਆਪਣੇ ਸਮਰਥੱਕਾਂ ਨਾਲ ਵੀ ਸੰਪਰਕ 'ਚ ਬਣੀ ਰਹੀ। ਇਸ ਤੋਂ ਇਲਾਵਾ ਉਨ੍ਹਾਂ ਦੀ ਸੁਰੱਖ਼ਿਆ ਅਤੇ ਸਫ਼ਲਤਾ 'ਚ ਉਨ੍ਹਾਂ ਦੀ ਟੀਮ ਨੇ ਵੀ ਵੱਡੀ ਭੂਮਿਕਾ ਨਿਭਾਈ ਹੈ।

# ਸਰੀ 'ਚ ਮਨਾਇਆ ਗਿਆ 'ਮੇਲਾ ਤੀਆਂ ਦਾ', ਵੱਡੀ ਗਿਣਤੀ 'ਚ ਪੁੱਜੀਆਂ ਮੁਟਿਆਰਾਂ ਨੇ ਮੇਲੇ ਦਾ ਮਾਣਿਆ ਆਨੰਦ



ਵੈਨਕੂਵਰ (ਪੰਜਾਬੀ ਅਖਬਾਰ ਬਿਊਰੋ)- ਪੰਜਾਬੀਆਂ ਦੀ ਸੰਘਣੀ ਵਸੋਂ ਵਾਲੇ ਸਰੀ ਸ਼ਹਿਰ ਦੀ 132 ਸਟ੍ਰੀਟ 'ਤੇ ਸਥਿਤ ਤਾਜ ਪਾਰਕ ਹਾਲ 'ਚ ਪਿਛਲੇ ਸ਼ਨੀਵਾਰ ਦੀ ਸ਼ਾਮ ਨੂੰ ਐੱਸ.-3 ਮਿਊਜ਼ਿਕ ਪ੍ਰੋਡਕਸ਼ਨ ਦੇ ਸਹਿਯੋਗ ਨਾਲ 'ਮੇਲਾ ਤੀਆਂ ਦਾ' ਆਯੋਜਿਤ ਕਰਵਾਇਆ ਗਿਆ, ਜਿਸ ਵਿੱਚ ਵੱਡੀ ਗਿਣਤੀ 'ਚ ਪੰਜਾਬੀ ਮੁਟਿਆਰਾਂ ਸਮੇਤ ਹਰੇਕ ਵਰਗ ਦੀ ਉਮਰ ਦੀਆਂ ਪੰਜਾਬੀ ਔਰਤਾਂ ਨੇ ਬੜੇ ਉਤਸ਼ਾਹ ਨਾਲ ਸ਼ਿਰਕਤ ਕਰ ਕੇ ਮੇਲੇ ਦਾ ਆਨੰਦ ਮਾਣਿਆ।

ਸ਼ਾਮੀਂ 3 ਵਜੇ ਤੋਂ ਰਾਤ 9 ਵਜੇ ਤਕ ਨਿਰੰਤਰ ਚੱਲੇ ਇਸ ਮੇਲੇ 'ਚ ਆਯੋਜਿਤ ਰੰਗਾ-ਰੰਗ ਪ੍ਰੋਗਰਾਮ ਦੌਰਾਨ ਉੱਘੇ ਗਾਇੱਕ ਸਿਵਜੋਤ, ਸੰਦੀਪ ਬਰਾੜ, ਮਨਜੋਤ ਢਿੱਲੋ ਅਤੇ ਨੇਹਾ ਬਤਰਾ ਵਲੋਂ ਪੇਸ਼ ਕੀਤੇ ਆਪਣੇ ਚੋਣਵੇਂ ਗੀਤਾਂ 'ਤੇ ਵੱਡੀ ਗਿਣਤੀ 'ਚ ਉੱਥੇ ਮੌਜੂਦ ਮੁਟਿਆਰਾਂ ਝੂੰਮਦੀਆਂ ਨਜ਼ਰ ਆਈਆਂ। ਉੱਘੇ ਹੋਸਟ ਗੌਰਵ ਸ਼ਾਹ ਅਤੇ ਲਵੀ ਪਨੂੰ ਵਲੋਂ ਪੇਸ਼ ਕੀਤੀਆਂ ਹਾਸਰਸ ਝਲਕੀਆ ਨਾਲ ਮੇਲੇ ਦਾ ਮਾਹੌਲ ਲਗਾਤਾਰ ਦਿਲਚਸਪ ਬਣਿਆ ਰਿਹਾ। ਪੰਜਾਬੀ ਵਿਰਸੇ ਨਾਲ ਸਬੰਧਤ ਹਾਲ 'ਚ ਸ਼ਿੰਗਾਰ ਕੇ ਸਜਾਏ ਗਏ ਪੁਰਾਤਨ ਚਰਖੇ, ਸਕੂਟਰ ਅਤੇ ਰਿਕਸ਼ੇ ਨਾਲ ਕੁੱਝ ਮੁਟਿਆਰਾਂ 'ਸੈਲਫ਼ੀਆਂ' ਲੈਣ 'ਚ ਵੀ ਮਸ਼ਰੂਫ਼ ਨਜ਼ਰ ਆਈਆਂ। ਅਖੀਰ 'ਚ ਮੇਲੇ ਦੇ ਆਯੋਜਕਾਂ 'ਚੋਂ ਸੇਵੀ ਸਿੰਘ ਨੇ ਮੇਲੇ ਨੂੰ ਸਫ਼ਲ ਬਣਾਉਣ ਲਈ ਸਾਰਿਆਂ ਦਾ ਧੰਨਵਾਦ ਕੀਤਾ।

# ਬਿੱਟੂ ਦੇ ਡਿਬਰਗੂੜ੍ਹ ਜੇਲ੍ਹ 'ਚ ਬੰਦ ਅੰਮ੍ਰਿਤਪਾਲ ਨੂੰ ਮਿਲਣ ਦੇ ਬਿਆਨ ਤੋਂ ਭਾਜਪਾ 'ਚ ਘਮਸਾਣ



ਸਰੀ (ਪੰਜਾਬੀ ਅਖਬਾਰ ਬਿਊਰੋ)- ਕੇਂਦਰੀ ਰਾਜ ਮੰਤਰੀ ਰਵਨੀਤ ਸਿੰਘ ਬਿੱਟੂ ਵਲੋਂ ਖਡੂਰ ਸਾਹਿਬ ਤੋਂ ਸੰਸਦ ਮੈਂਬਰ ਚੁਣੇ ਗਏ ਅਤੇ ਡਿਬਰਗੂੜ੍ਹ ਜੇਲ੍ਹ 'ਚ ਬੰਦ ਭਾਈ ਅੰਮ੍ਰਿਤਪਾਲ ਸਿੰਘ ਦੇ ਸਮਰਥਕਾਂ ਨੂੰ ਮਿਲਣ ਜਾਣ ਦੇ ਬਿਆਨ ਤੋਂ ਭਾਜਪਾ ਅੰਦਰ ਘਮਸਾਣ ਸ਼ੁਰੂ ਹੋ ਗਿਆ ਹੈ। ਭਾਜਪਾ ਦੇ ਸੀਨੀਅਰ ਆਗੂ ਅਤੇ ਬੁਲਾਰੇ ਸਾਬਕਾ ਰਾਜ ਸੂਚਨਾ ਕਮਿਸ਼ਨਰ ਨਿਧੜਕ ਸਿੰਘ ਬਰਾੜ ਨੇ ਇਸ ਸਬੰਧੀ ਕਿਹਾ ਕਿ ਕੇਂਦਰੀ ਰਾਜ ਮੰਤਰੀ ਰਵਨੀਤ ਸਿੰਘ ਬਿੱਟੂ ਵਲੋਂ ਭਾਜਪਾ ਦੀ ਵਿਚਾਰਧਾਰਾ ਦੇ ਉਲਟ ਅਜਿਹੇ ਬਿਆਨ ਦੇਣਾ ਸੋਭਾ ਨਹੀਂ ਦਿੰਦੇ। ਉਨ੍ਹਾਂ ਕਿਹਾ ਕਿ ਭਾਜਪਾ ਹਾਈ ਕਮਾਂਡ ਨੇ ਰਵਨੀਤ ਸਿੰਘ ਬਿੱਟੂ ਦੇ ਚੋਣ ਹਾਰ ਜਾਣ ਦੇ ਬਾਵਜੂਦ ਉਨ੍ਹਾਂ ਨੂੰ ਮੰਤਰੀ ਬਣਾ ਕੇ ਪੰਜਾਬ ਨੂੰ ਪ੍ਰਤੀਨਿੱਧਤਾ ਦਿੱਤੀ ਗਈ ਹੈ ਪਰ ਉਨ੍ਹਾਂ ਦੇ ਬਿਆਨ ਲੋਕਾਂ ਨੂੰ ਦੁਬਿਧਾ 'ਚ ਪਾ ਰਹੇ ਹਨ। ਬਰਾੜ ਨੇ ਆਖਿਆ ਕਿ ਬਿੱਟੂ ਨੂੰ ਹੁਣ ਕਾਂਗਰਸ ਦੀ ਕਥਿਤ ਦੋ-ਮੂੰਹੀਂ ਰਾਜਨੀਤੀ ਭੁੱਲ ਕੇ ਯਾਦ ਰੱਖਣਾ ਚਾਹੀਦਾ ਹੈ ਕਿ ਉਹ ਹੁਣ ਭਾਜਪਾ ਆਗੂ ਅਤੇ ਸਰਕਾਰ 'ਚ ਮੰਤਰੀ ਹਨ। ਬਰਾੜ ਨੇ ਕਿਹਾ ਕਿ ਉਹ ਕਿ ਪਾਰਟੀ ਦੀ ਹਾਈਕਮਾਂਡ ਨੂੰ ਪੱਤਰ ਲਿਖ ਕੇ ਬਿੱਟੂ ਨੂੰ ਅਜਿਹੇ ਬਿਆਨ ਦੇਣ ਤੋਂ ਵਰਜਣ ਦੀ ਅਪੀਲ ਕਰਨਗੇ।











# KIRAN RANDHAWA

FOR CITY COUNCIL

- ਪਾਰਦਰਸ਼ਿਤਾ ਅਤੇ ਭਰੋਸੇਯੋਗ ✓
- ਨਵੇਂ ਸਕੂਲਾਂ ਦਾ ਸਮਰਥਨ ✓
- ਰੈਕ ਸੈਂਟਰ ਦਾ ਸਮਰਥਨ ✓
- ਮਜ਼ਬੂਤ ਅਰਥਚਾਰਿਕ ਵਿਕਾਸ ✓
- ਪਬਲਿਕ ਟ੍ਰਾਂਸਪੋਰਟ ਬੱਸ ਸੇਵਾ ✓
- ਅਪਰਾਧ ਤੋਂ ਜਨਤਕ ਸੁਰੱਖਿਆ ਨੂੰ ਵਧਾਉਣਾ ✓

CHESTERMERE
JUNE 24TH, 2024

VOTE

www.kiranrandhawa.ca



Advice from someone you trust.

Sun Life

Life's brighter under the sun

Life & Health Insurance · Critical Illness Insurance · Disability Insurance
Employee Benefits · RESP · TFSA· RRSP · Mutual Funds



Harvinder Singh*
587-574-0029
harvinder.h.singh@sunlife.com

*Mutual fund business is done with your advisor through Sun Life Financial Investment Services (Canada) Inc. Advisors and their corporations conduct insurance business through Sun Life Financial Distributors (Canada) Inc. Sun Life Assurance Company of Canada is the insurer and is a member of the Sun Life group of companies.
© Sun Life Assurance Company of Canada, 2023.



## ਖੇਤਾਂ ਦੇ ਕੰਮ ਲਈ ਕਾਮਿਆਂ ਦੀ ਲੋੜ



ਟਰੀ ਪੈਕਿੰਗ ਦਾ ਕੰਮ
(ਮਾਰਚ ਤੋਂ ਦਸੰਬਰ ਤੱਕ ਚਲੇਗਾ)
ਕੰਮ ਸਾਰਾ ਘੰਟਿਆਂ ਦੇ ਹਿਸਾਬ ਨਾਲ ਹੋਵੇਗਾ
ਕੀਤੇ ਹੋਏ ਕੰਮ ਦੀਆਂ ਸਟੈਂਪਾ ਦਿੱਤੀਆਂ ਜਾਣਗੀਆਂ
ਰਹਿਣ ਦਾ ਪੂਰਾ ਪਰਬੰਧ ਹੈ

ਕਲਾਸ 4 ਡਰਾਈਵਰ ਦੀ ਵੀ ਜਰੂਰਤ ਹੈ

ਕਾਲ ਕਰੋ:
1 250 319 7263



## NEW WAVE OPTICAL



#7-200-52nd Street NE Calgary, AB T2A-4K8
PH: 403-290-0307 FAX: 403-290-0306
Email: newwaveoptical@yahoo.com

All Type of Frames!
Unbeatable Price!
"Online" prices in store!
Complete Eyewear, Contact lenses and Sunglasses!

For more info call:
Sandeep Pandher
MANAGER
at 403-999-2500



## CHANDIGARH DRIVING SCHOOL

Don't Learn Safety by Accident

- Class 1, 3 & 5
- Brush up 1, 3 & 5
- Certification Courses
- Air Brake (Q endorsement)
- Advance Training Course
- Car & Tractor Trailor for Road Test

RAVINDER SINGH SOHI
Alberta Certified Class 1,3,5
(Driving Instructor)

STOP



We Can Speak English, German, Punjabi, Hindi & Urdu

We have 24 years Experience

Auto & Manual Truck For Training

ਵਧੀਆ ਸੇਵਾਵਾਂ, ਵਾਜਬ ਕੀਮਤਾਂ

ਚੰਡੀਗੜ੍ਹ ਡਰਾਈਵਿੰਗ ਸਕੂਲ

Ph.:403-826-9150
ਸੈਕਟਰ 9 ਚੰਡੀਗੜ੍ਹ ਦੇ ਜੰਮਪਲ ਰਵਿੰਦਰ ਸਿੰਘ ਸੋਹੀ ਨੇ ਖੋਲ੍ਹ ਦਿੱਤਾ
Email : cdscalgary@yahoo.ca


ਕੈਲਗਰੀ ਵਿੱਚ ਸਾਂਝਾ ਪੰਜਾਬ ਗਰੌਸਰੀ ਸਟੋਰ
ਦੀ ਪੰਜਵੀਂ ਲੋਕੇਸ਼ਨ ਰੈੱਡ ਸਟੋਨ ਏਰੀਆ ਵਿੱਚ 3150-235
ਰੈੱਡ ਐਂਬਰਜ਼ ਵੇਅ ਨਾਰਥ ਈਸਟ ਵਿੱਚ ਖੁੱਲ ਗਈ ਹੈ
Mega Sanjha Punjab
GROCERY STORE
ਤਾਜ਼ੀਆਂ ਸਬਜ਼ੀਆਂ, ਫਲ਼ ਫਰੂਟ, ਆਟਾ ਦਾਲਾਂ,
ਰਸੋਈ ਦਾ ਸਮਾਨ ਦੇਗਾਂ, ਪਤੀਲੇ, ਕੜਛੀਆਂ,
ਪਰੈਸ਼ਰ ਕੂਕਰ, ਮੰਜੇ, ਆਦਿ ਪੰਜਾਬ ਦੀ ਘਾਟ
ਮਹਿਸੂਸ ਹੀ ਨਹੀਂ ਹੋਣ ਦਿੰਦੇ ।
Mega Sanjha Punjab
5 LOCATIONS TO SERVE YOU
331-3690 WESTWINDS DR NE, CALGARY
117 7171 80 AVE NE, CALGARY
570- 6520 FALCONRIDGE BLVD. NE, CALGARY
606 CITYSCAPE SQR NE, CALGARY
3150 - 235 RED EMBERS WAY NE, CALGARY


2 ਫਾਰ ਵਨ ਵਾਲਿਆਂ ਦਾ ਪੀਜ਼ਾ ਇੱਕ ਵਾਰ ਖਾਂਓਗੇ
ਤਾਂ ਆਪਣੇ ਘਰ ਖਾਣਾ ਬਣਾਉਣਾ ਭੁੱਲ ਜਾਓਗੇ
ਪਹਿਲੀ ਅਤੇ ਆਖਰੀ ਬਾਈਟ ਦਾ ਸੁਆਦ
2 ਫਾਰ ਵਨ ਪੀਜ਼ਾ ਹਾਊਸ ਨੂੰ ਰੱਖਣਾ ਯਾਦ
2 FOR 1 PIZZA HOUSE
HOUSE OF TASTE & QUALITY
Please advise us of any food allergies
ਆਪਣੇ ਸ਼ਹਿਰ ਵਿੱਚ
2 ਫਾਰ ਵਨ ਪੀਜ਼ਾ ਦੀ ਫਰੈਂਚਾਈਜ
ਲੈਣ ਲਈ ਕਾਲ ਕਰੋ
ਅੰਮ੍ਰਿਤ :403-333-9000
2 For 1 Pizza House Franchise Application
"GREAT FOOD, GREAT PRICE, GREAT QUALITY!!"
Business Hours
Sunday – Thursday
11:00 am – 12:00 am
Friday & Saturday
11:0 am – 1:00 am
Location Hours May Vary
info@2for1pizzahouse.com
www.2for1pizzahouse.com
We are proud to serve in Edmonton with 6 locations!
CALGARY
#123, 55 Westwinds Cres NE, Calgary, AB T3J 5H2
Tel: 403-285-9000
STONEGATE - CALGARY
#112, 2550 Country Hills Blvd NE, Calgary, AB T3N 1E4
Tel: 403-818-9000
NOLAN HILL - CALGARY
#155, 50 Nolanridge Crt NW, Calgary, AB
Tel: 403-300-2442
CHESTERMERE
#101-288 Kinniburg BLVD, Chestermere (AB)
Tel: 403 250 9009
EDMONTON
#3747 – 8th Ave SW, Edmonton, AB T6X 1A4
Tel: 780-250-9009
EDMONTON
#3050, 106 St NW, Edmonton, AB T6J 5M5
Tel: 780-540-9900


BHINDER EXTERIORS LTD.
BHINDER EXTERIOR
ਕੁਦਰਤ ਦੀ ਗੜੇਮਾਰੀ ਕਾਰਣ ਘਰਾਂ ਦੇ
ਹੋਏ ਨੁਕਸਾਨ ਦਾ ਹੁਣ ਕੀ ਕਰੀਏ ?
ਤੁਸੀਂ ਕੁੱਝ ਨਹੀਂ ਕਰਨਾ ਸਿਰਫ ਭਿੰਡਰ ਐਕਸਟੀਰੀਅਰ
ਵਾਲਿਆਂ ਨੂੰ ਫੋਨ ਕਾਲ ਹੀ ਕਰਨੀ ਹੈ।
ਹੁਣ ਤੁਸੀਂ ਸਾਈਡਿੰਗ ਚੇਂਜ ਕਰਕੇ ਸਟੱਕੋ ਵੀ ਕਰਵਾ ਸਕਦੇ ਹੋ
ਇੰਸ਼ੋਰੈਂਸ ਕੰਪਨੀ ਨਾਲ ਉਹ ਆਪੇ
ਹੀ ਡੀਲ ਕਰਕੇ ਤੁਹਾਡੇ ਘਰ ਨੂੰ
ਪਹਿਲਾਂ ਨਾਲੋਂ ਵੀ ਸੋਹਣਾ ਅਤੇ
ਨਵਾਂ ਨਕੋਰ ਬਣਾ ਦੇਣਗੇ।
All kind of Exterior Service
* Siding * Soffit
* Fascia * Cedar
* Smart Board
* Paper Wire
* Stucco & Roofing
* Eavestrough
FREE Estimate
Call: 403 680 0436
Email: sandeeptoor72@gmail.com